SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 9 ISSUE - 39
January 6, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸਾਹਿਬ-ਏ- ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੰਗਾਂ, ਕਾਰਨਾਮੇ ਤੇ ਉਪਦੇਸ਼
ਅਵਤਾਰ ਸਿੰਘ ਮਿਸ਼ਨਰੀ ਦਾ ਵਿਸ਼ੇਸ ਲੇਖ (ਦੇਖੋ ਸਫਾ 25 'ਤੇ)



ਕਦੇ ਵੀ ਨਹੀਂ ਭੁਲਾਇਆ ਜਾ ਸਕਦਾ ਗਦਰ ਲਹਿਰ ਅਤੇ ਆਦਿ ਧਰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਨੂੰ
(ਦੇਖੋ ਸਫਾ 14 'ਤੇ)



ਜਾਤਪਾਤ ਦੇ ਖ਼ਾਤਮੇ ਬਾਰੇ ਕੁਝ ਵਿਚਾਰ
-ਰਾਮ ਮਨੋਹਰ ਲੋਹੀਆ
(ਦੇਖੋ ਸਫਾ 6 'ਤੇ)

# ਨਵੇਂ ਸਾਲ ਦੇ ਪਹਿਲੇ ਦਿਨ ਦੁਨੀਆ 'ਚ ਪੈਦਾ ਹੋਏ 3.7 ਲੱਖ ਬੱਚੇ

**ਨਿਊਯਾਰਕ (ਬਿਊਰੋ)-** ਨਵੇਂ ਸਾਲ ਗੇ ਦਿਨ ਦੁਨੀਆਭਰ 'ਚ 3,71,504 ਬੱਚਿਆਂ ਦਾ ਜਨਮ ਹੋਇਆ। ਇਸ 'ਚ ਭਾਰਤ 'ਚ ਲਗਘਗ 60 ਹਜ਼ਾਰ ਬੱਚਿਆਂ ਦੇ ਜਨਮ ਦਾ ਹੋਇਆ ਹੈ। ਸੰਯੁਕਤ ਰਾਸ਼ਟਰ ਬਾਲ ਕੋਸ਼ ਨੇ ਇਸ ਦੀ ਜਾਣਕਾਰੀ ਦਿੱਤੀ। ਸਾਲ 2021 'ਚ ਕੁਝ ਸੰਭਾਵੀ 140 ਮਿਲੀਅਨ ਬੱਚੇ ਪੈਦਾ ਹੋਣਗੇ। ਉਨ੍ਹਾਂ ਦੀ ਔਸਤ ਜੀਵਨ 84 ਸਾਲ ਦਾ ਹੋਣ ਦੀ ਉਮੀਦ ਹੈ। ਯੂਨੀਸੇਫ ਅਨੁਸਾਰ ਨਵੇਂ-ਸਾਲ ਦੇ ਪਹਿਲੇ ਦਿਨ ਦੁਨੀਆਭਰ ਦੇ ਅੱਧੇ ਤੋਂ ਜ਼ਿਆਦਾ ਬੱਚਿਆਂ ਦਾ ਜਨਮ 10 ਦੇਸ਼ਾਂ 'ਚ ਹੋਇਆ ਹੈ। ਇਨ੍ਹਾਂ 10 ਦੇਸ਼ਾਂ 'ਚ ਭਾਰਤ ਚੀਨ (59,995), ਨਾਈਜੀਰੀਆ (21,439), ਪਾਕਿਸਤਾਨ (14161), ਇੰਡੋਨੇਸ਼ੀਆ (12,336), ਅਮਰੀਕਾ (10,312), ਬੰਗਲਾਦੇਸ਼ (9,236) ਤੇ ਰਿਪਬਲਿਕ ਆਫ਼ ਦ ਕਾਂਗੋ ਸ਼ਾਮਲ ਹਨ।




**ਭਾਰਤ 'ਚ ਪੈਦਾ ਹੋਣ ਵਾਲੇ ਬੱਚਿਆਂ ਦਾ ਜੀਵਨ 80.9 ਸਾਲ ਹੋਵੇਗਾ**

ਯੂਨੀਸੇਫ ਅਨੁਸਾਰ ਭਾਰਤ 'ਚ ਸ਼ੁੱਕਰਵਾਰ ਨੂੰ ਪੈਦਾ ਹੋਏ ਬੱਚਿਆਂ ਦਾ ਜੀਵਨ 80.9 ਸਾਲ ਹੋਵੇਗਾ। ਇੰਡੀਆ ਨਿਊਬਰਨ ਐਕਸ਼ਨ 2014-2020 ਦੀ ਮਦਦ ਨਾਲ ਹਰ ਦਿਨ ਇਕ ਹਜ਼ਾਰ ਬੱਚੇ ਜਨਮ ਲੈਂਦੇ ਹਨ। ਯੂਨੀਸੇਫ 'ਚ ਭਾਰਤ ਦੇ ਪ੍ਰਤੀਨਿਧੀ ਯਸ਼ਮੀਨ ਅਲੀ ਹਕ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਦੇ ਕਾਰਨ ਨਾ ਸਿਰਫ਼ ਇਕ ਸੰਕਟ ਦੀ ਸਥਿਤੀ 'ਚ, ਬਲਕਿ ਹਰ ਸਮੇਂ ਲੋਕਾਂ ਦੀ ਸੁਰੱਖਿਆ ਲਈ ਵਿਵਸਥਾ ਤੇ ਨੀਤੀਆਂ ਦੇ ਜ਼ਰੂਰਤ ਦੇ ਬਾਰੇ 'ਚ ਸਾਨੂੰ ਪਤਾ ਲੱਗਾ ਹੈ। ਇਸ ਸਾਲ ਸੰਗਠਨ ਦੇ 75 ਸਾਲ ਪੂਰੇ ਹੋ ਜਾਣਗੇ।

# ਬ੍ਰਿਟੇਨ ਦੇ ਖ਼ਤਰਨਾਕ ਨਵੇਂ ਵਾਇਰਸ ਦੀ ਦੁਨੀਆ ਦੇ 41 ਦੇਸ਼ਾਂ 'ਚ ਦਸਤਕ

**ਲੰਡਨ (ਬਿਊਰੋ)-** ਕੀ ਤੁਸੀਂ ਵੀ ਲੰਡਨ ਜਾਣ ਦਾ ਪਾਲਨ ਬਣਾ ਰਹੇ ਹੋ, ਤਾਂ ਠਹਿਰੋ। ਇਹ ਖ਼ਬਰ ਤੁਹਾਡੇ ਲਈ ਅਹਿਮ ਹੋ ਸਕਦੀ ਹੈ। ਤੁਸੀਂ ਆਪਣਾ ਯਾਤਰਾ ਨੂੰ ਰੱਦ ਕਰ ਦਿਉ, ਕਿਉਂਕਿ ਬ੍ਰਿਟੇਨ 'ਚ ਮਿਲਿਆ ਕੋਰੋਨਾ ਵਾਇਰਸ ਦਾ ਖ਼ਤਰਨਾਕ ਨਵਾਂ ਰੂਪ ਦੁਨੀਆ 'ਚ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਵਿਸ਼ਵ ਸਿਹਤ ਸੰਗਠਨ () ਦਾ ਦਾਅਵਾ ਹੈ ਕਿ ਇਹ ਹੁਣ ਤਕ ਦੁਨੀਆ ਦੇ 41 ਦੇਸ਼ਾਂ ਵਿਚ ਦਸਤਕ ਦੇ ਚੁੱਕਾ ਹੈ। ਦੱਸ ਦੇਈਏ ਕਿ 14 ਦਸੰਬਰ ਨੂੰ ਬ੍ਰਿਟੇਨ ਸਰਕਾਰ ਨੇ ਐਲਾਨ ਕੀਤਾ ਸੀ ਕਿ ਦੇਸ਼ ਵਿਚ ਇਕ ਨਵੇਂ ਕੋਰੋਨਾ ਵਾਇਰਸ ਨੇ ਦਸਤਕ ਦਿੱਤੀ ਹੈ। ਮਹਿਜ਼ ਚਾਰ ਹਫ਼ਤਿਆਂ 'ਚ ਇਹ ਵੇਰੀਐਂਟ 41 ਦੇਸ਼ਾਂ ਵਿਚ ਆਪਣਾ ਪੈਰ ਪਸਾਰ ਚੁੱਕਾ ਹੈ। ਇਸ ਖ਼ਬਰ ਤੋਂ ਬਾਅਦ ਕਈ ਮੁਲਕਾਂ ਨੇ ਬ੍ਰਿਟੇਨ ਦੀ ਯਾਤਰਾ ਮੁਲਤਵੀ ਕਰ ਦਿੱਤੀ ਹੈ। ਆਓ ਜਾਣਦੇ ਹਾਂ ਕਿ ਆਖ਼ਿਰ ਬ੍ਰਿਟੇਨ ਨੇ ਇਸ ਦੀ ਰੋਕਥਾਮ ਲਈ ਕੀ ਕਦਮ ਉਠਾਏ ਹਨ। ਨਵੇਂ ਵੇਰੀਐਂਟ ਨੂੰ ਰੋਕਣ ਲਈ ਦੁਨੀਆ ਦੇ ਹੋਰ ਮੁਲਕਾਂ ਨੇ ਇਹਤਿਆਦ ਦੇ ਤੌਰ 'ਤੇ ਕੀ ਕਦਮ ਚੁੱਕੇ ਹਨ। ਬ੍ਰਿਟੇਨ ਨੇ ਕਿਹਾ ਹੈ ਕਿ ਕੋਵਿਡ-19 ਦੇ ਪਸਾਰ ਨੂੰ ਸੀਮਤ ਕਰਨ ਲਈ ਸਰਕਾਰ ਜਲਦ ਹੀ ਸਰਹੱਦੀ ਪਾਬੰਦੀਆਂ ਦਾ ਐਲਾਨ ਕਰੇਗੀ। ਕੈਬਨਿਟ ਦਫ਼ਤਰ ਮੰਤਰੀ ਮਾਈਕਲ ਗੋਵ ਨੇ ਮੰਗਲਵਾਰ ਨੂੰ ਕਿਹਾ ਕਿ ਜਲਦ ਹੀ ਸਰਹੱਦੀ ਸੁਰੱਖਿਆ ਲਈ ਅਸੀਂ ਨਵਾਂ ਪ੍ਰਸਤਾਵ ਲਿਆਵਾਂਗੇ।

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
We speak your language: Panjabi, Hindi, Urdu, Farsi, Arabic and Spanish
Goodie Takhar, PhD
URGENT CARE CLINIC

BUYING OR SELLING REAL ESTATE? WE CAN HELP!
Residential & Commercial
John Singh Banga
Your Honest & Experienced REALTOR
(916) 271-5404
Banga.Realtor@gmail.com
Visit My Website:
www.banga.bhhser.com
CALBRE #01397975
Residential Home Financing
Akash Banga
Loan Originator
(916) 705-7837
Abanga@rhloans.com
Visit My Website:
ResidentialHomeLoans.com/abanga
NMLS #1868842
Buying or Selling any Business? Call Now 916-271-5404
OFFICE: 7412 ELSIE AVE., SACRAMENTO, CA 95828

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com

GINNY WALIA Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
Email happybazaar209@gmail.com www.happybazaar.net

# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# Raja SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਬਾਇਡੇਨ ਨੇ ਵਾਈਟ ਹਾਊਸ ਦੀ ਡਿਜ਼ੀਟਲ ਰਣਨੀਤੀ ਟੀਮ ਵਿਚ ਭਾਰਤੀ ਮੂਲ ਦੀ ਆਈਸ਼ਾ ਸ਼ਾਹ ਨੂੰ ਕੀਤਾ ਨਿਯੁਕਤ

**ਕੈਲੀਫੋਰਨੀਆ 1 ਜਨਵਰੀ –** ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡੇਨ ਨੇ ਵਾਈਟ ਹਾਊਸ ਦੀ ਡਿਜ਼ੀਟਲ ਰਣਨੀਤੀ ਟੀਮ ਦਾ ਐਲਾਨ ਕੀਤਾ ਹੈ। ਹੋਰਨਾਂ ਦੇ ਨਾਲ ਇਸ ਟੀਮ ਵਿਚ ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਅਈਸ਼ਾ ਸ਼ਾਹ ਨੂੰ ਨਿਯੁਕਤ ਕੀਤਾ ਹੈ। ਇਹ ਡਿਜ਼ੀਟਲ ਟੀਮ ਆਨ ਲਾਈਨ ਅਮਰੀਕਨਾਂ ਨਾਲ ਸੰਪਰਕ ਕਰਨ ਦੀ ਇੰਚਾਰਜ ਹੋਵੇਗੀ। ਬਾਇਡੇਨ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਵਾਈਟ ਹਾਊਸ ਦਾ ਡਿਜ਼ੀਟਲ ਆਪਰੇਸ਼ਨ 12 ਡੈਮੋਕਰੈਟਿਕ ਸੰਚਾਲਕਾਂ ਉਪਰ ਨਿਰਭਰ ਹੋਵੇਗਾ ਜਿਨ੍ਹਾਂ ਨੂੰ ਰਾਸ਼ਟਰਪਤੀ ਦੀ ਚੋਣ ਮੁਹਿੰਮ ਤੇ ਸੱਤਾ ਤਬਦੀਲੀ ਟੀਮ ਬਾਰੇ ਅਹਿਮ ਤਜ਼ਰਬਾ ਹੈ। ਅਈਸ਼ਾ ਸ਼ਾਹ ਦਾ ਜਨਮ ਕਸ਼ਮੀਰ ਵਿਚ ਹੋਇਆ ਸੀ ਤੇ ਉਹ ਲੁਸਿਆਨਾ ਵਿਚ ਵੱਡੀ ਹੋਈ। ਉਹ ਇਸ ਤੋਂ ਪਹਿਲਾਂ ਬਾਇਡੇਨ-ਹੈਰਿਸ ਚੋਣ ਮੁਹਿੰਮ ਵਿਚ ਡਿਜ਼ੀਟਲ ਹਿੱਸੇਦਾਰ ਮੈਨੇਜਰ ਵਜੋਂ ਕੰਮ ਕਰ ਚੁੱਕੀ ਹੈ। ਸ਼ਾਹ ਤੋਂ ਬਿਨਾਂ ਬਰੇਨਡਨ ਕੋਹੇਨ ਡਿਜ਼ੀਟਲ ਟੀਮ ਵਿਚ ਆਨ ਲਾਈਨ ਪਲੇਟਫਾਰਮ ਮੈਨੇਜਰ ਵਜੋਂ ਕੰਮ ਕਰਨਗੇ। ਉਹ ਬਾਇਡੇਨ ਦੀ ਚੋਣ ਮੁਹਿੰਮ ਵਿਚ ਸੰਪਾਦਕੀ ਟੀਮ ਵਿਚ ਡਿਪਟੀ



ਡਾਇਰੈਕਟਰ ਵਜੋਂ ਕੰਮ ਕਰ ਚੁੱਕੇ ਹਨ। ਰੌਬ ਫਲਾਹੇਰਟੀ ਜੋ ਇਸ ਸਮੇਂ ਬਾਇਡੇਨ ਦੀ ਸੱਤਾ ਤਬਦੀਲੀ ਟੀਮ ਵਿਚ ਡਿਜ਼ੀਟਲ ਡਾਇਰੈਕਟਰ ਵਜੋਂ ਕੰਮ ਕਰ ਰਹੇ ਹਨ, ਉਹ ਵਾਈਟ ਹਾਊਸ ਵਿਚ ਵੀ ਇਹ ਭੂਮਿਕਾ ਨਿਭਾਉਂਦੇ ਰਹਿਣਗੇ। ਇਥੇ ਵਰਣਨਯੋਗ ਹੈ ਕਿ ਜੋਅ ਬਾਇਡੇਨ ਭਾਰਤੀ ਮੂਲ ਦੇ ਅਮਰੀਕੀਆਂ ਨੂੰ ਆਪਣੇ ਪ੍ਰਸ਼ਾਸਨ ਵਿਚ ਅਹਿਮ ਅਹੁੱਦਿਆਂ ਉਪਰ ਨਿਯੁਕਤ ਕਰ ਰਹੇ ਹਨ। ਉਨ੍ਹਾਂ ਨੇ ਸ਼ੁਰੂਆਤ ਕਮਲਾ ਹੈਰਿਸ ਨੂੰ ਉੱਪ ਰਾਸ਼ਟਰਪਤੀ ਦੇ ਅਹੁੱਦੇ ਲਈ ਨਾਮਜ਼ਦ ਕਰਕੇ ਕੀਤੀ ਸੀ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਕਮਲਾ ਹੈਰਿਸ ਸਮੁੱਚੇ ਕਾਲੇ ਲੋਕਾਂ ਦੀ ਪ੍ਰਤੀਨਿੱਧ ਬਣਕੇ ਉਭਰੀ ਜਿਸ ਦਾ ਫਾਇਦਾ ਜੋਅ ਬਾਇਡੇਨ ਨੂੰ ਹੋਇਆ ਤੇ ਉਨ੍ਹਾਂ ਨੇ ਸ਼ਾਨਦਾਰ ਢੰਗ ਨਾਲ ਰਾਸ਼ਟਰਪਤੀ ਦੀ ਚੋਣ ਜਿੱਤ ਲਈ।

ਬਾਇਡੇਨ ਦੀ ਪ੍ਰਵਾਸੀਆਂ ਪ੍ਰਤੀ ਪਹੁੰਚ ਰਾਸ਼ਟਰ-ਪਤੀ ਦੀ ਚੋਣ ਹਾਰੇ ਡੋਨਾਲਡ ਟਰੰਪ ਨਾਲੋਂ ਬਿਲਕੁੱਲ ਵੱਖਰੀ ਹੈ ਜਿਸ ਦੇ ਸਿੱਟੇ ਵਜੋਂ ਭਾਰਤੀਆਂ ਸਮੇਤ ਹੋਰ ਮੁਲਕਾਂ ਦੇ ਲੋਕ ਡੈਮੋਕਰੈਟਿਕ ਪਾਰਟੀ ਦੇ ਹੋਰ ਨੇੜੇ ਆਏ ਹਨ।

# ਪਿਛਲੇ ਹਫਤੇ 7 ਲੱਖ ਤੋਂ ਵਧ ਅਮਰੀਕਨਾਂ ਨੇ ਪਹਿਲੀ ਵਾਰ ਬੇਰੁਜ਼ਗਾਰੀ ਰਾਹਤ ਲੈਣ ਲਈ ਦਿੱਤੀਆਂ ਅਰਜੀਆਂ

**ਕੈਲੀਫੋਰਨੀਆ 1 ਜਨਵਰੀ –** ਅਮਰੀਕਾ ਵਿਚ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਨੌਕਰੀਆਂ ਖੁਸਣ ਵਾਲੇ ਲੋਕਾਂ ਦੀ ਤਾਦਾਦ ਵਿਚ ਨਿਰੰਤਰ ਵਾਧਾ ਹੁੰਦਾ ਜਾ ਰਿਹਾ ਹੈ। ਹਾਲਾਂ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਰੋਨ ਮਹਾਂਮਾਰੀ ਦੌਰਾਨ ਕਾਰੋਬਾਰ ਬੰਦ ਨਾ ਕਰਨ ਦੀ ਨੀਤੀ ਅਪਣਾਈ ਸੀ ਪਰ ਫਿਰ ਵੀ ਵੱਡੀ ਪੱਧਰ ਉਪਰ ਕਾਰੋਬਾਰ ਪ੍ਰਭਾਵਿਤ ਹੋਏ ਹਨ। ਪਿਛਲੇ ਹਫਤੇ 7 ਲੱਖ ਤੋਂ ਵਧ ਅਮਰੀਕੀਆਂ ਨੇ ਪਹਿਲੀ ਵਾਰ ਕੋਰੋਨਾ ਬੇਰੁਜ਼ਗਾਰੀ ਰਾਹਤ ਲੈਣ ਲਈ ਅਰਜੀਆਂ ਦਿੱਤੀਆਂ ਹਨ। ਕੁਝ ਆਰਥਕ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਅੰਕੜਾ ਹੈਰਾਨ ਕਰਨ ਵਾਲਾ ਹੈ। ਜਿਸ ਤੋਂ ਸਾਫ ਹੈ ਕਿ ਅਮਰੀਕੀ ਕਾਰੋਬਾਰ ਅਜੇ ਸੰਭਲ ਨਹੀਂ ਰਹੇ ਤੇ ਲੋਕਾਂ ਦੀਆਂ ਨੌਕਰੀਆਂ ਖਤਮ ਹੋ ਰਹੀਆਂ ਹਨ। ਕਿਰਤ ਵਿਭਾਗ ਅਨੁਸਾਰ ਸਿਮਿਸ ਹਫਤੇ ਦੌਰਾਨ 7,87,000 ਅਮਰੀਕਨਾਂ ਨੇ ਪਹਿਲੀ ਵਾਰ ਬੇਰੁਜ਼ਗਾਰੀ ਰਾਹਤ ਉਪਰ ਦਾਅਵਾ ਕੀਤਾ ਹੈ। ਹਾਲਾਂ ਕਿ ਇਸ ਤੋਂ ਪਿਛਲੇ ਹਫਤੇ ਨਾਲੋਂ ਬੇਰੁਜ਼ਗਾਰੀ ਰਾਹਤ ਲਈ ਅਰਜੀਆਂ ਘੱਟ ਆਈਆਂ ਹਨ ਪਰ ਫਿਰ ਵੀ ਪਿਛਲੇ ਸਾਲ ਦੇ ਇਸ ਸਮੇਂ ਨਾਲੋਂ ਸਾਢੇ ਤਿੰਨ ਗੁਣਾਂ ਵਧ ਹਨ। ਆਕਸਫੋਰਡ ਦੇ ਆਰਥਿਕ ਮਾਹਿਰ ਨੈਨਸੀ ਵੰਡੇਨ ਦਾ ਕਹਿਣਾ ਹੈ ਕਿ ਛੁੱਟੀਆਂ ਤੇ ਨਵੇਂ ਸਾਲ ਵਿਚ ਰਾਹਤ ਬਾਰੇ ਬੇਯਕੀਨੀ ਕਾਰਨ ਬੇਰੁਜ਼ਗਾਰੀ ਰਾਹਤ ਲੈਣ ਵਾਲਿਆਂ ਦੀ ਗਿਣਤੀ ਵਧੀ ਹੋ ਸਕਦੀ ਹੈ। ਸਾਲ ਬੀਤ ਜਾਣ ਦੇ ਬਾਵਜੂਦ ਲੋਕਾਂ ਦਾ ਬੇਰੁਜ਼ਗਾਰ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਆਉਣ ਵਾਲਾ ਸਮਾਂ ਬਹੁਤ ਚੁਣੌਤੀਆਂ ਭਰਪੂਰ ਹੋਵੇਗਾ। ਬਾਇਡੇਨ ਪ੍ਰਸ਼ਾਸਨ ਲਈ ਕੋਰੋਨਾ ਰਾਹਤ ਨੂੰ ਨਿਰੰਤਰ ਜਾਰੀ ਰਖਣ ਲਈ ਭਾਰੀ ਜਦੋਜਹਿਦ ਕਰਨੀ ਪੈ ਸਕਦੀ ਹੈ।

# ਟੈਕਸਾਸ ਦੇ ਚਰਚ ਵਿਚ ਸ਼ੱਕੀ ਵੱਲੋਂ ਕੀਤੀ ਗੋਲੀਬਾਰੀ ਵਿਚ ਪਾਦਰੀ ਦੀ ਮੌਤ-2 ਜ਼ਖਮੀ

**ਕੈਲੀਫੋਰਨੀਆ 4 ਜਨਵਰੀ –** ਅਮਰੀਕਾ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਘੱਟਣ ਦਾ ਨਾਂ ਨਹੀਂ ਲੈ ਰਹੀਆਂ। ਲੰਘੇ ਦਿਨ ਵਿਨੋਨਾ (ਟੈਕਸਾਸ) ਵਿਚ ਇਕ ਸ਼ੱਕੀ ਵਿਅਕਤੀ ਨੇ ਚਰਚ ਵਿਚ ਗੋਲੀਆਂ ਚਲਾਕੇ ਪਾਦਰੀ ਦੀ ਹੱਤਿਆ ਕਰ ਦਿੱਤੀ ਤੇ ਦੋ ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਸਮਿਥ ਕਾਊਂਟੀ ਦੇ ਸ਼ੈਰਿਫ ਲੈਰੀ ਸਮਿਥ ਅਨੁਸਾਰ ਚਰਚ ਦੇ ਪਾਦਰੀ ਨੇ ਬਾਥਰੂਮ ਵਿਚ ਇਕ ਅਣਪਛਾਤੇ ਵਿਅਕਤੀ ਨੂੰ ਵੇਖਿਆ। ਪਾਦਰੀ ਨੇ ਆਪਣਾ ਰਿਵਾਲਵਰ ਕੱਢਿਆ ਤੇ ਸ਼ੱਕੀ ਨੂੰ ਵੰਗਾਰਿਆ। ਸ਼ੱਕੀ ਪਹਿਲਾਂ ਚਰਚ ਦੇ ਸਾਹਮਣੇ ਵਾਲੇ ਦਰਵਾਜ਼ੇ ਵੱਲ ਨੂੰ ਭੱਜਿਆ ਤੇ ਉਸ ਨੇ ਇਕਦਮ ਗੋਲੀਆਂ ਚਲਾ ਦਿੱਤੀਆਂ। ਪਾਦਰੀ ਦੀ ਗੋਲੀਆਂ ਲੱਗਣ ਨਾਲ ਮੌਤ ਹੋ ਗਈ ਜਦ ਕਿ 2 ਹੋਰ ਵਿਅਕਤੀ ਜ਼ਖਮੀ ਹੋ ਗਏ। ਸਮਿਥ ਅਨੁਸਾਰ ਇਕ ਵਿਅਕਤੀ ਗੋਲੀਆਂ ਲੱਗਣ ਨਾਲ ਜ਼ਖਮੀ ਹੋਇਆ ਜਿਸ ਦੀ ਹਸਪਤਾਲ ਵਿਚ ਸਰਜਰੀ ਕਰ ਦਿੱਤੀ ਗਈ ਹੈ ਪਰ ਉਸ ਦੀ ਹਾਲਤ ਬਾਰੇ ਅਜੇ ਕੁੱਝ ਵੀ ਪਤਾ ਨਹੀਂ ਲੱਗਾ। ਦੂਸਰਾ ਵਿਅਕਤੀ ਹਫੜਾਦਫੜੀ ਵਿਚ ਜ਼ਮੀਨ ਉਪਰ ਡਿੱਗਕੇ ਜ਼ਖਮੀ ਹੋ ਗਿਆ। ਪੁਲਿਸ ਨੇ ਦੋ ਘੰਟਿਆਂ ਦੀ ਜਦੋਜਹਿਦ ਉਪਰੰਤ ਸ਼ੱਕੀ ਨੂੰ ਕਾਬੂ ਕਰ ਲਿਆ। ਗੋਲੀਬਾਰੀ




ਉਪਰੰਤ ਸ਼ੱਕੀ ਪਾਦਰੀ ਦੀ ਗੱਡੀ ਲੈ ਕੇ ਫਰਾਰ ਹੋ ਗਿਆ ਜਿਸ ਦਾ ਹੈਰੀਸਨ ਕਾਊਂਟੀ ਦੇ ਡਿਪਟੀ ਨੇ ਪਿੱਛਾ ਕੀਤਾ । ਜਿਸ ਦੌਰਾਨ ਪੁਲਿਸ ਅਧਿਕਾਰੀ ਵੱਲੋਂ ਚਲਾਈ ਗੋਲੀ ਸ਼ੱਕੀ ਦੇ ਹੱਥ ਉਪਰ ਲੱਗੀ। ਬੇਵੱਸ ਹੋਏ ਸ਼ੱਕੀ ਨੂੰ ਪੁਲਿਸ ਅਧਿਕਾਰੀ ਨੇ ਆਪਣੀ ਹਿਰਾਸਤ ਵਿਚ ਲੈ ਲਿਆ। ਇਹ 'ਸਟਾਰਵਿਲੇ ਮੈਥੋਡਿਸਟ ਚਰਚ' ਡਲਾਸ ਦੇ ਤਕਰੀਬਨ 100 ਮੀਲ ਦੱਖਣ ਵਿਚ ਵਿਨੋਨਾ ਵਿਚ ਸਥਿੱਤ ਹੈ। ਟੈਕਸਾਸ ਦੇ ਗਵਰਨਰ ਜਾਰਜ ਐਬੋਟ ਨੇ ਇਕ ਬਿਆਨ ਵਿਚ ਪਾਦਰੀ ਦੀ ਮੌਤ ਉਪਰ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਹੈ 'ਮੈ ਇਸ ਦੁੱਖਦਾਈ ਘਟਨਾ ਵਿਚ ਮਾਰੇ ਗਏ ਵਿਅਕਤੀ ਤੇ ਜ਼ਖਮੀ ਹੋਏ ਵਿਅਕਤੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦਾ ਹਾਂ ਤੇ ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹਾਂ।'' ਗਵਰਨਰ ਨੇ ਸ਼ੱਕੀ ਨੂੰ ਕਾਬੂ ਕਰਨ ਵਾਲੇ ਅਧਿਕਾਰੀ ਦੀ ਪ੍ਰਸੰਸਾ ਕੀਤੀ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਕਿਸਾਨੀ ਸੰਘਰਸ਼
# ਕਿਸਾਨ ਲੀਡਰ ਅਤੇ ਸਿਰੜ.!



ਪੱਤਰਕਾਰ ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"
(ਫਰਿਜ਼ਨੋ, ਕੈਲੇਫੋਰਨੀਆਂ)
559-333-5776

ਪਿਛਲੇ ਤਿੰਨ ਮਹੀਨੇ ਤੋਂ ਭਾਰਤ ਦੀ ਭਗਵੀ ਸਰਕਾਰ ਨੇ ਜੋ ਖੇਤੀ ਵਿਰੋਧੀ ਤਿੰਨ ਕਾਲੇ ਕਨੂੰਨ ਲਿਆਂਦੇ ਹਨ, ਉਹਨਾਂ ਕਾਲੇ ਕਨੂੰਨਾਂ ਦਾ ਵਿਰੋਧ ਕਰਨ ਦਾ ਬੀੜਾ ਪੰਜਾਬੀਆਂ ਨੇ ਚੱਕਿਆ 'ਤੇ ਇਸ ਅੰਦੋਲਨ ਜ਼ਰੀਏ ਪੂਰੇ ਭਾਰਤ ਵਿੱਚ ਭਗਵਿਆਂ ਦੇ ਖਿਲਾਫ਼ ਇੱਕ ਕ੍ਰਾਂਤੀ ਲਿਆਂਦੀ। ਪੰਜਾਬ ਦੀ ਨੌਜਵਾਨੀ ਜਿਸਨੂੰ ਨਿਕੰਮੇ, ਨਸ਼ੇੜੀ, ਗੈਂਸਸਟਰ ਹੋਰ ਪਤਾ ਨਹੀਂ ਕੀ ਕੀ ਕਿਹਾ ਜਾਂਦਾ ਸੀ... ਦਿੱਲੀ ਵੱਲ ਨੂੰ ਵਾ-ਵਰੋਲੇ ਵਾਂਗ ਤੁਰੇ 'ਤੇ ਹਰਿਆਣਵੀ ਭਰਾਵਾਂ ਦੀ ਮੱਦਦ ਨਾਲ ਪੁਲਿਸ ਰੋਕਾਂ ਨੂੰ ਘੱਗਰ ਵਿੱਚ ਜਿਵੇਂ ਮੂਲੀਆਂ ਨੂੰ ਕਿਸਾਨ ਵੱਟਾਂ ਤੋਂ ਪੁੱਟਦਾ ਇਓਂ ਪੱਟ ਪੱਟ ਸੁੱਟਦੇ ਅੱਗੇ ਵਧਦੇ ਗਏ 'ਤੇ ਇਸ ਸਮੇਂ ਦਿੱਲੀ ਨੂੰ ਦੇਸ਼ ਭਰਦੇ ਕਿਸਾਨਾਂ ਵੱਲੋਂ ਚੁਫੇਰਿਓ ਘੇਰਿਆ ਹੋਇਆ ਹੈ। ਅਤੇ ਸਰਕਾਰ ਬੇਸ਼ੱਕ ਕੰਧ ਤੇ ਲਿਖਿਆ ਪੜ੍ਹਨ ਨੂੰ ਤਿਆਰ ਨਹੀਂ ਪਰ ਅੰਦਰੋਂ ਅੰਦਰੀ ਮੋਦੀ-ਸ਼ਾਹ ਦੀ ਪਤਲੂਣ ਪੂਰਾ ਤਰਾਂ ਗਿੱਲੀ ਹੋ ਚੁੱਕੀ ਹੈ। ਇਸ ਅੰਦੋਲਨ ਨੂੰ ਇਸ ਸਿੱਖਰ ਤੱਕ ਪਹੁੰਚਾਉਣ ਲਈ ਕਿਸਾਨ ਸੰਘਰਸ਼ ਦੀ ਅਗਵਾਈ ਕਰ ਰਹੇ ਪੰਜਾਬੀ ਯੋਧਿਆਂ ਨੂੰ ਸਲਿਊਟ ਕਰਨਾ ਬਣਦਾ ਹੈ। ਸੰਘਰਸ਼ ਇੰਨਾ ਲੰਮਾ ਹੋ ਜਾਣ ਦੇ ਬਾਵਜੂਦ ਹਾਲੇ ਤੱਕ ਪੂਰੀ ਤਰ੍ਹਾਂ ਸ਼ਾਂਤੀਪੂਰਨ ਅਤੇ ਅਨੁਸ਼ਾਸਨ ਦੇ ਦਾਇਰੇ ਵਿੱਚ ਚੱਲ ਰਿਹਾ ਹੈ। ਹਰ ਪੱਖ ਤੋਂ ਇਸ ਸਭ ਦਾ ਸਿਹਰਾ ਉਕਤ ਸੰਘਰਸ਼ ਦੇ ਸਾਰੇ ਆਗੂਆਂ ਅਤੇ ਇਸ ਨਾਲ ਜੁੜੇ ਹਰ ਓਸ ਇਨਸਾਨ ਨੂੰ ਜਾਂਦਾ ਹੈ ਜਿਸ ਨੇ ਆਪਣੀ ਦੂਰ ਅੰਦੇਸ਼ੀ ਅਤੇ ਸੂਝ-ਬੂਝ ਅਤੇ ਸਬਰ ਦਾ ਸਬੂਤ ਦਿੰਦੇ ਹੋਏ ਸੰਘਰਸ਼ ਨੂੰ ਸਦੀ ਦਾ ਸਭ ਤੋਂ ਵੱਡਾ ਅੰਦੋਲਨ ਬਣਾਉਂਦੇ ਹੋਏ ਦੁਨੀਆ ਲਈ ਇਕ ਮਿਸਾਲ ਬਣਾ ਕੇ ਰੱਖ ਦਿੱਤਾ ਅਤੇ ਗੋਦੀ ਮੀਡੀਏ ਨੂੰ ਛੱਡਕੇ ਦੁਨੀਆਂ ਭਰ ਦਾ ਮੀਡੀਆ ਇਸ ਨੂੰ ਪ੍ਰਮੁੱਖਤਾ ਨਾਲ ਕਵਰਜ਼ ਦੇ ਰਿਹਾ ਹੈ।



ਦੁਨੀਆਂ ਭਰਦੇ ਐਨ. ਆਰ . ਆਈ ਵੀਰਾਂ ਨੂੰ ਸਿਜਦਾ ਜ਼ਹਿਨਾਂ ਨੇ ਆਪੋ ਆਪਣੇ ਮੁੱਲਕਾਂ, ਆਪੋ ਆਪਣੇ ਸ਼ਹਿਰਾਂ ਵਿੱਚ ਵੱਡੀਆ ਕਾਰ ਰੈਲੀਆਂ ਕੱਢਕੇ ਯੂ. ਐਨ. ਓ. ਤੱਕ ਗੱਲ ਪਹੁੰਚਾਈ। ਬਹੁਤ ਵਾਰੀ ਦਿੱਲੀ ਦੇ ਬਾਡਰਾਂ ਤੇ ਚੱਲਦੀਆਂ ਸਟੇਜਾਂ ਸਬੰਧੀ ਅਸੀਂ ਕਿੰਤੂ ਪਰੰਤੂ ਵੀ ਬਹੁਤ ਕਰਦੇ ਹਾਂ ਕਿ ਫਲਾਣੇ ਨੂੰ ਬੋਲਣ ਨਹੀ ਦਿੱਤਾ ਜਾਂਦਾ..? ਰਾਜੇਵਾਲ ਨੇ ਔਹ ਕਹਿ ਦਿੱਤਾ..? ਦੋਸਤੋ ਇਹ ਸੰਘਰਸ਼ ਹੁਣ ਪੂਰੇ ਜੋਬਨ ਤੇ ਹੈ। ਹੱਠ ਚੀਰਵੀਂ ਠੰਢ ਵਿੱਚ ਪੋਹ ਮਾਘ ਦੇ ਮਹੀਨੇ, ਮੀਂਹਾਂ ਵਿੱਚ ਖੁੱਲ੍ਹੇ ਅਸਮਾਨ ਹੇਠ ਰਾਤਾਂ ਕੱਟਣੀਆਂ ਕੋਈ ਖੇਡ ਨਹੀਂ ..! ਇਸ ਸਮੇਂ ਦੇਸ਼ ਭਰ ਦੀਆਂ 500 ਤੋਂ ਵੱਧ ਕਿਸਾਨ ਜਥੇਬੰਦੀਆਂ ਇਸ ਸੰਘਰਸ਼ ਵਿਚ ਕੁੱਦ ਚੁੱਕੀਆਂ ਹਨ ਅਤੇ ਅਤੇ ਲੱਖਾਂ ਬੰਦਾ ਦਿੱਲੀ ਡੇਰੇ ਲਾਈ ਬੈਠਾ, ਐਨੇਂ ਵੱਡੇ ਅਵਾਂਮ ਨੂੰ ਇਕੱਠੇ ਰੱਖਣਾ ਖਾਲ੍ਹਾ ਜੀ ਦਾ ਵਾੜਾ ਨਹੀਂ..! ਇਸ ਸਭ ਕਾਸੇ ਦਾ ਸਿਹਰਾ ਪੰਜਾਬ ਦੇ ਸਮੂਹ ਲੀਡਰਾਂ ਸਿਰ ਜਾਂਦਾ ਜਿਹੜੇ ਬੜੀ ਤਕੜੀ ਸੂਝ-ਬੂਝ ਅਤੇ ਦੂਰ ਅੰਦੇਸ਼ੀ ਨਾਲ ਸਦੀ ਦੇ ਸਭ ਤੋਂ ਵੱਡੇ ਅੰਦੋਲਨ ਦੀ ਅਗਵਾਈ ਕਰ ਰਹੇ ਨੇ। ਜਿਹੜੇ ਲੋਕ ਇਹਨਾਂ ਲੀਡਰਾਂ ਨੂੰ ਪਿੱਛੇ ਕਰਕੇ ਆਪਣਾ ਨਾਮ ਚਮਕਾਉਣਾ ਚਾਹੁੰਦੇ ਨੇ ਜਾਂ ਕਿਸਾਨੀ ਸੰਘਰਸ਼ ਨੂੰ ਹੋਰ ਰੰਗਤ ਦੇਣਾ ਚਾਹੁੰਦੇ ਨੇ ਉਹਨਾਂ ਦੀ ਜਾਣਕਾਰੀ ਲਈ ਕਿ ਇਹ ਕਿਸਾਨੀ ਸੰਘਰਸ਼ ਦੇ ਮੋਢੀ ਹੀਰਿਆਂ ਵੱਲ ਉਂਗਲ ਕਰਨ ਤੋਂ ਪਹਿਲਾਂ ਜ਼ਰੂਰ ਸੋਚੋ ਕਿ ਇਹ ਬੰਦੇ ਰਾਤੋ ਰਾਤ ਲੀਡਰ ਨਹੀਂ ਬਣੇ, ਇਹਨਾਂ ਦੀ ਜ਼ਿੰਦਿਗੀ ਦੀ ਘਾਲਣਾ ਇਸ ਅਗਵਾਈ ਪਿੱਛੇ।

77 ਸਾਲਾ ਰਾਜੇਵਾਲ ਭਾਰਤੀ ਕਿਸਾਨ ਯੂਨੀਅਨ ਦੇ ਬਾਨੀ ਆਗੂਆਂ ਵਿੱਚੋਂ ਇੱਕ ਹਨ। ਬਲਬੀਰ ਸਿੰਘ ਦਾ ਪਿਛੋਕੜ ਖੰਨਾ ਦੇ ਪਿੰਡ ਰਾਜੇਵਾਲ ਦਾ ਹੈ ਅਤੇ ਉਹ ਸਥਾਨਕ ਏ.ਐੱਸ. ਕਾਲਜ ਤੋਂ ਐਫ਼. ਏ ਪਾਸ ਹਨ। ਇਥੇ ਇਹ ਜਿਕਰਯੋਗ ਹੈ ਕਿ ਭਾਰਤੀ ਕਿਸਾਨ ਯੂਨੀਅਨ ਦੇ ਸੰਵਿਧਾਨ ਨੂੰ ਤਿਆਰ ਕਰਨ ਦਾ ਸਿਹਰਾ ਰਾਜੇਵਾਲ ਦੇ ਸਿਰ ਹੀ ਬੱਝਦਾ ਹੈ।

ਇਕ ਹੋਰ ਚਰਚਿਤ ਕਿਸਾਨ ਆਗੂ ਜਿਨ੍ਹਾਂ ਨੂੰ ਅਕਸਰ ਇਸ ਸੰਘਰਸ਼ ਦੌਰਾਨ ਪ੍ਰੈੱਸ ਕਾਨਫਰੰਸਾਂ ਵਿਚਕਾਰ ਵੇਖਿਆ ਜਾਂਦਾ ਹੈ, ਉਹ ਡਾ. ਦਰਸ਼ਨ ਪਾਲ ਹਨ। ਆਪ ਵੀ ਉਕਤ 30 ਜਥੇਬੰਦੀਆਂ ਦੇ ਕੋਆਰਡੀਨੇਟਰ ਵਜੋਂ ਆਪਣੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ।ਡਾ. ਦਰਸ਼ਨ ਪਾਲ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਹਨ। ਇਨ੍ਹਾਂ ਦਾ ਮੁੱਖ ਪ੍ਰਭਾਵ ਤੇ ਆਧਾਰ ਪਟਿਆਲਾ ਅਤੇ ਆਸਪਾਸ ਦੇ ਖੇਤਰਾਂ ਵਿੱਚ ਦੱਸਿਆ ਜਾਂਦਾ ਹੈ। ਇਕ ਰਿਪੋਰਟ ਅਨੁਸਾਰ ਡਾ. ਦਰਸ਼ਨ ਪਾਲ ਨੇ 1973 ਵਿੱਚ ਐਮਬੀਬੀਐੱਸ, ਐੱਮ.ਡੀ. ਕਰਨ ਤੋਂ ਬਾਅਦ ਸਰਕਾਰੀ ਨੌਕਰੀ ਕੀਤੀ । ਡਾਕਟਰ ਸਾਬ੍ਹ ਆਪਣੇ ਕਾਲਜ ਦੇ ਜੀਵਨ ਦੌਰਾਨ ਵੀ ਵਿਦਿਆਰਥੀ ਲੀਡਰ ਦੇ ਤੌਰ ਤੇ ਵਿਚਰਦੇ ਰਹੇ ਹਨ ਅਤੇ ਉਹਨਾ ਕਦੇ ਪ੍ਰਾਈਵੇਟ ਪ੍ਰੈਕਟਿਸ ਨਹੀਂ ਕੀਤੀ।

ਜਗਮੋਹਨ ਸਿੰਘ, ਜਿਨ੍ਹਾਂ ਦਾ ਸਬੰਧ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕਰਮਾ ਨਾਲ ਹੈ। ਉਹ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਆਗੂ ਹਨ, ਜੋ ਉਗਰਾਹਾਂ ਤੋਂ ਬਾਅਦ ਵੱਡੀ ਦੂਜੇ ਨੰਬਰ ਦੀ ਜਥੇਬੰਦੀ ਕਹੀ ਜਾ ਸਕਦੀ ਹੈ। ਇਕ ਰਿਪੋਰਟ ਮੁਤਾਬਕ ਜਗਮੋਹਨ ਸਿੰਘ ਸਾਲ 1984 ਦੇ ਸਿੱਖ ਵਿਰੋਧੀ ਕਤਲੇਆਮ ਤੋਂ ਬਾਅਦ ਪੂਰੇ ਸਮੇਂ ਲਈ ਸਮਾਜਿਕ ਕਾਰਕੁਨ ਬਣ ਗਏ। ਜਗਮੋਹਨ ਸਿੰਘ ਹੁਣ ਤੱਕ ਸੂਬੇ ਵਿੱਚ ਲੜੇ ਜਾਣ ਵਾਲੇ ਵੱਖ ਵੱਖ ਸੰਘਰਸ਼ਾਂ ਅਤੇ ਘੋਲਾਂ ਦੌਰਾਨ ਮੋਹਰੀ ਭੂਮਿਕਾ ਨਿਭਾਉਂਦੇ ਆਏ ਹਨ।

ਜੋਗਿੰਦਰ ਸਿੰਘ ਭਾਰਤੀ ਕਿਸਾਨ ਲਹਿਰ ਦੇ ਪ੍ਰਮੁੱਖ ਚਿਹਰਿਆਂ ਵਿੱਚ ਇੱਕ ਹਨ ਉਗਰਾਹਾਂ ਦਾ ਸੰਬੰਧ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਸ਼ਹਿਰ ਸੁਨਾਮ ਨਾਲ ਹੈ। ਉਨ੍ਹਾਂ ਦਾ ਪਾਲਣ ਪੋਸ਼ਣ ਨਿਰੋਲ ਰੂਪ ਵਿਚ ਇਕ ਕਿਸਾਨੀ ਪਰਿਵਾਰ ਵਿੱਚ ਹੋਇਆ ਹੈ। ਜੋਗਿੰਦਰ ਸਿੰਘ ਭਾਰਤੀ ਫ਼ੌਜ ਵਿੱਚ ਸੇਵਾਮੁਕਤੀ ਉਪਰੰਤ ਕਿਸਾਨੀ ਵੱਲ ਆ ਗਏ ਅਤੇ ਸਾਲ 2002 ਵਿੱਚ ਉਨ੍ਹਾਂ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦਾ ਗਠਨ ਕੀਤਾ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਲਗਾਤਾਰ ਉਹ ਕਿਸਾਨੀ ਮੁੱਦਿਆਂ ਉੱਤੇ ਸੰਘਰਸ਼ ਕਰਦੇ ਆ ਰਹੇ ਹਨ।

ਇਸ ਸੰਘਰਸ਼ ਦੌਰਾਨ ਇਕ ਹੋਰ ਚਰਚਿਤ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਚਿਹਰਾ ਉਭਰ ਕੇ ਸਾਹਮਣੇ ਆਇਆ ਹੈ ਜੋ ਕਿ ਬਲਵੀਰ ਸਿੰਘ ਰਾਜੇਵਾਲ ਦੀ ਤਰ੍ਹਾਂ ਕੇਂਦਰ ਸਰਕਾਰ ਦੁਆਰਾ ਥੋਪੇ ਜਾ ਰਹੇ ਨਵੇਂ ਖੇਤੀ ਕਾਨੂੰਨਾਂ ਦੇ ਘਾਤਕਪਣ ਨੂੰ ਲੈ ਕੇ ਇਕ ਇਕ ਕਲਾਜ ਤੇ ਆਪਣੀਆਂ ਦਲੀਲਾਂ ਰਾਹੀਂ ਸਰਕਾਰ ਦੇ ਝੂਠੇ ਦਾਅਵਿਆਂ ਦੀ ਪੋਲ ਖੋਲ੍ਹਣ ਦੀ ਜੁਰੱਅਤ ਰੱਖਦੇ ਹਨ। ਪਿਛਲੇ ਦਿਨੀਂ ਜਦੋਂ ਪ੍ਰਧਾਨ ਮੰਤਰੀ ਨੇ ਗੁਜਰਾਤ ਦੇ ਕੱਛ ਅਤੇ ਮਹਾਰਾਸ਼ਟਰ ਦੇ ਕੁੱਝ ਕੁ ਕਿਸਾਨਾਂ ਨਾਲ ਸੰਵਾਦ ਕਰਦਿਆਂ ਨਵੇਂ ਖੇਤੀ ਕਾਨੂੰਨਾਂ ਦੇ ਫ਼ਾਇਦੇ ਗਿਣਾਏ ਤਾਂ ਇਸ ਦੇ ਉਤਰ ਵਿੱਚ ਜਗਜੀਤ ਸਿੰਘ ਡੱਲੇਵਾਲ ਨੇ ਆਪਣੇ ਇੱਕ ਵੀਡੀਓ ਸੰਦੇਸ਼ ਰਾਹੀਂ ਖੇਤੀ ਕਾਨੂੰਨਾਂ ਦੇ ਸੰਦਰਭ ਵਿਚ ਸਰਕਾਰ ਦੀਆਂ ਤਮਾਮ ਲਿਚ-ਗੜਿਚੀਆਂ ਗੱਲਾਂ ਦਾ ਬਹੁਤ ਹੀ ਠਰੰਮੇ ਅਤੇ ਦਲੀਲਾਂ ਸਹਿਤ ਠੋਕਵਾਂ ਜਵਾਬ ਦਿੱਤਾ ਸੀ।

ਇਸ ਸੰਘਰਸ਼ ਦੌਰਾਨ ਇਕ ਹੋਰ ਚਿਹਰਾ ਜੋ ਸਾਡੇ ਸਾਹਮਣੇ ਆਇਆ ਹੈ ਉਸ ਨੂੰ ਅਸੀਂ ਰੁਲਦੂ ਸਿੰਘ ਮਾਨਸਾ ਦੇ ਨਾਂ ਨਾਲ ਜਾਣਦੇ ਹਾਂ। ਜਦੋਂ ਉਹ ਸਟੇਜ ਤੇ ਆਪਣਾ ਭਾਸ਼ਣ ਦਿੰਦੇ ਹਨ ਤਾਂ ਉਨ੍ਹਾਂ ਦੇ ਹੱਥ ਵਿਚ ਇਕ ਖੂੰਡਾ ਹੁੰਦਾ ਹੈ ਦਰਅਸਲ ਇਹ ਖੂੰਡਾ ਜਿਥੇ ਇਕ ਬਹਾਦਰੀ ਦਾ ਪ੍ਰਤੀਕ ਹੈ ਉਥੇ ਹੀ ਮੈਂ ਸਮਝਦਾ ਹਾਂ ਇਹ ਖੂੰਡਾ ਉਨ੍ਹਾਂ ਦੀ ਇਕ ਪਹਿਚਾਣ ਬਣ ਚੁੱਕਾ ਹੈ। ਰੁਲਦੂ ਸਿੰਘ ਮਾਨਸਾ ਓਹੋ ਆਗੂ ਹਨ ਜਿਹੜੇ 8 ਦਸੰਬਰ ਨੂੰ ਅਮਿਤ ਸ਼ਾਹ ਨਾਲ ਮੀਟਿੰਗ ਕਰਨ ਗਏ ਤਾਂ ਰਸਤੇ ਵਿੱਚ ਉਨ੍ਹਾਂ ਦੀ ਗੱਡੀ ਤੋਂ ਦਿੱਲੀ ਪੁਲਸ ਦੇ ਇਕ ਅਧਿਕਾਰੀ ਨੇ ਕਿਸਾਨੀ ਝੰਡਾ ਉਤਾਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਗੁੱਸੇ ਵਿੱਚ ਆ ਗਏ ਤੇ ਅਮਿਤ ਸ਼ਾਹ ਨਾਲ ਬੈਠਕ ਨਾ ਕਰਨ ਦਾ ਫੈਸਲਾ ਕਰ ਦਿੱਤਾ ਪਰ ਜਲਦੀ ਹੀ ਪੁਲਸ ਵਾਲੇ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਜਿਸ ਤੋਂ ਉਕਤ ਬਾਅਦ ਪੁਲਸ ਵਾਲੇ ਨੇ ਉਨ੍ਹਾਂ ਤੋਂ ਖਿਮਾਂ ਮੰਗੀ ਤੇ ਇਸ ਉਪਰੰਤ ਉਹ ਬੈਠਕ ਵਿੱਚ ਸ਼ਾਮਲ ਹੋਏ।

ਇਸ ਉਕਤ ਸੰਘਰਸ਼ ਦੌਰਾਨ ਇਕ ਹੋਰ ਕਿਸਾਨ ਆਗੂ ਜਿਨ੍ਹਾਂ ਨੂੰ ਨੌਜਵਾਨਾਂ ਦੀ ਅਵਾਜ਼ ਸਮਝਿਆ ਜਾਂਦਾ ਹੈ ਉਹ ਸਰਵਨ ਸਿੰਘ ਪੰਧੇਰ ਹਨ। ਪੰਧੇਰ ਮਾਝੇ ਦੇ ਸਿਰਕੱਢ ਕਿਸਾਨ ਆਗੂ ਹਨ। ਸਵਰਨ ਸਿੰਘ ਪੰਧੇਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਹਨ। ਇਥੇ ਜਿਕਰਯੋਗ ਹੈ ਕਿ ਇਸ ਜਥੇਬੰਦੀ ਦਾ ਗਠਨ 2000 ਵਿੱਚ ਸਤਨਾਮ ਸਿੰਘ ਪੰਨੂ



ਹੁਰਾਂ ਨੇ ਕੀਤਾ। ਉਕਤ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਹਰਪ੍ਰੀਤ ਸਿੰਘ ਅਨੁਸਾਰ ਸਰਵਨ ਸਿੰਘ ਦਾ ਪਿੰਡ ਪੰਧੇਰ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੈਂਦਾ ਹੈ। ਉਹ ਗਰੈਜੁਏਸ਼ਨ ਪਾਸ ਹਨ ਅਤੇ ਵਿਦਿਆਰਥੀ ਜੀਵਨ ਤੋਂ ਹੀ ਲੋਕ ਅੰਦੋਲਨਾਂ ਵਿੱਚ ਸ਼ਾਮਲ ਹੁੰਦੇ ਆ ਰਹੇ ਹਨ।

ਇਸ ਉਕਤ ਸੰਘਰਸ਼ ਦੌਰਾਨ ਇਕ ਹੋਰ ਕਿਸਾਨ ਆਗੂ ਜਿਨ੍ਹਾਂ ਨੂੰ ਨੌਜਵਾਨਾਂ ਦੀ ਅਵਾਜ਼ ਸਮਝਿਆ ਜਾਂਦਾ ਹੈ ਉਹ ਸਰਵਨ ਸਿੰਘ ਪੰਧੇਰ ਹਨ। ਪੰਧੇਰ ਮਾਝੇ ਦੇ ਸਿਰਕੱਢ ਕਿਸਾਨ ਆਗੂ ਹਨ। ਸਵਰਨ ਸਿੰਘ ਪੰਧੇਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਹਨ। ਇਥੇ ਜਿਕਰਯੋਗ ਹੈ ਕਿ ਇਸ ਜਥੇਬੰਦੀ ਦਾ ਗਠਨ 2000 ਵਿੱਚ ਸਤਨਾਮ ਸਿੰਘ ਪੰਨੂ ਹੁਰਾਂ ਨੇ ਕੀਤਾ। ਉਕਤ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਹਰਪ੍ਰੀਤ ਸਿੰਘ ਅਨੁਸਾਰ ਸਰਵਨ ਸਿੰਘ ਦਾ ਪਿੰਡ ਪੰਧੇਰ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੈਂਦਾ ਹੈ। ਉਹ ਗਰੈਜੁਏਸ਼ਨ ਪਾਸ ਹਨ ਅਤੇ ਵਿਦਿਆਰਥੀ ਜੀਵਨ ਤੋਂ ਹੀ ਲੋਕ ਅੰਦੋਲਨਾਂ ਵਿੱਚ ਸ਼ਾਮਲ ਹੁੰਦੇ ਆ ਰਹੇ ਹਨ। ਇਸ ਸੰਘਰਸ਼ ਦੌਰਾਨ ਇਕ ਹੋਰ ਚਰਚਿਤ ਚਿਹਰਾ ਗੁਰਨਾਮ ਸਿੰਘ ਚਢੂਨੀ ਹਨ। ਚਢੂਨੀ ਜੋ ਕਿ ਹਰਿਆਣਾ ਤੋਂ ਹਨ ਅਤੇ ਇਸ ਸੰਘਰਸ਼ ਦੌਰਾਨ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ।

ਇਸ ਤੋ ਇਲਾਵਾ ਲੱਖਾ ਸਿਧਾਣਾ, ਦੀਪ ਸਿੱਧੂ ਆਦਿ ਨੌਜਵਾਨਾਂ ਨੂੰ ਕਿਸਾਨੀ ਸੰਘਰਸ਼ ਤੋਂ ਪਰੇ ਕਰਕੇ ਨਹੀਂ ਵੇਖਿਆ ਜਾ ਸਕਦਾ। ਵਿਵਾਦਾਂ ਦੇ ਬਾਵਜੂਦ ਪੰਜਾਬ ਦੀ ਨੌਜਵਾਨੀ ਨੂੰ ਇਸ ਸੰਘਰਸ਼ ਪ੍ਰਤੀ ਪ੍ਰਭਾਵਿਤ ਕਰਨ ਦਾ ਸਿਹਰਾ ਇਹਨਾ ਨੌਜਵਾਨਾਂ ਨੂੰ ਜ਼ਰੂਰ ਦੇਣਾ ਬਣਦਾ ਹੈ।

ਪੰਜਾਬ ਦੇ ਲਿਖਾਰੀ ਅਤੇ ਗਾਇਕ ਖਾਸਕਰ ਕੰਵਰ ਗਰੇਵਾਲ ਅਤੇ ਹੋਰ ਸਾਥੀ ਗਾਇਕ - ਗਾਇਕਾਵਾਂ ਨੂੰ ਵੀ ਸਿਜਦਾ ਜਿੰਨਾ ਆਪਣੇ ਗੀਤਾ ਰਾਹੀਂ ਕਿਸਾਨੀ ਸੰਘਰਸ਼ ਵਿੱਚ ਇੱਕ ਨਵੀਂ ਰੂਹ ਫੂਕੀ।

ਮਿਸ਼ਨਰੀ ਕਾਲਜ ਦੇ ਸਿੱਖ ਪ੍ਰਚਾਰਕ ਸ. ਸਰਬਜੀਤ ਸਿੰਘ ਧੂੰਦਾ ਆਪਣੀ ਪੂਰੀ ਟੀਮ ਨਾਲ ਟਿੱਕਰੀ ਬਾਡਰ ਤੇ ਡਟੇ ਹੋਏ ਨੇ, ਅਤੇ ਕਿਤਾਬਾਂ ਦੇ ਲੰਗਰ ਨਾਲ ਸੇਵਾ ਕਰ ਰਹੇ ਹਨ।

ਇਸ ਦੇ ਇਲਾਵਾ ਯੋਗਿੰਦਰ ਯਾਦਵ ਵੀ ਇਸ ਸੰਘਰਸ਼ ਦੌਰਾਨ ਆਪਣਾ ਅਹਿਮ ਯੋਗਦਾਨ ਪਾ ਰਹੇ ਹਨ। ਯੋਗਿੰਦਰ ਯਾਦਵ ਇਕ ਪੜ੍ਹੇ-ਲਿਖੇ ਅਤੇ ਬੇਹੱਦ ਸੁਲਝੇ ਹੋਏ ਆਗੂ ਹਨ।ਇਥੇ ਜ਼ਕਿਰਯੋਗ ਹੈ ਕਿ ਦਿੱਲੀ ਵਿੱਚ ਜੋ ਅੱਜ ਵੇਖਣ ਨੂੰ ਮਿਲ ਰਿਹਾ ਹੈ ਉਹ ਕਰੀਬ 32 ਸਾਲ ਪਹਿਲਾਂ ਦਿਖਿਆ ਸੀ। ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨ ਆਗੂ ਮਹਿੰਦਰ ਸਿੰਘ ਟਿਕੈਤ ਲੱਖਾਂ ਕਿਸਾਨਾਂ ਨੂੰ ਲੈ ਕੇ ਬੋਟ ਕਲੱਬ ਪਹੁੰਚ ਕੇ ਧਰਨੇ ਉੱਤੇ ਬੈਠ ਗਏ ਸਨ। ਮੰਗ ਸੀ ਕਿ ਕਿ ਗੰਨੇ ਦੀ ਫ਼ਸਲ ਦੀ ਕੀਮਤ ਜ਼ਿਆਦਾ ਮਿਲੇ ਅਤੇ ਬਿਜਲੀ-ਪਾਣੀ ਦੇ ਬਿੱਲਾਂ ਵਿੱਚ ਛੋਟ ਮਿਲੇ। ਓਸ ਵੇਲੇ ਦੀ ਸਰਕਾਰ ਨੇ ਮਹਿੰਦਰ ਸਿੰਘ ਦੀਆਂ ਉਕਤ ਮੰਗਾਂ ਨੂੰ ਮੰਨ ਲਿਆ ਸੀ। ਉਕਤ ਸੰਘਰਸ਼ ਦੇ ਪਿੜ ਵਿੱਚ ਅੱਜ ਉਸੇ ਮਹਿੰਦਰ ਸਿੰਘ ਟਿਕੈਤ ਦੇ ਪੁੱਤਰ ਰਾਕੇਸ਼ ਟਿਕੈਤ ਵੀ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।

ਪੰਜਾਬ ਦੇ ਕਿਸਾਨ ਲੀਡਰਾਂ ਦੀ ਸੂਝ-ਬੂਝ ਅਤੇ ਸਿਆਣਪ ਨੂੰ ਦਿਲੋਂ ਸਿਜਦਾ ਕਰਨ ਨੂੰ ਮਨ ਕਰਦਾ ਜਿਨ੍ਹਾਂ ਆਗੂਆਂ ਦੀਆਂ ਖੇਤੀ ਕਾਨੂੰਨਾਂ ਨੂੰ ਲੈ ਕੇ ਦਿੱਤੀਆਂ ਦਲੀਲਾਂ ਸਾਹਮਣੇ ਕੇਂਦਰ ਸਰਕਾਰ ਦੇ ਵੱਡੇ ਤੋਂ ਵੱਡੇ ਮੰਤਰੀ ਚਿੱਤ ਹੋ ਗਏ ਅਤੇ ਜਿਨ੍ਹਾਂ ਦੀਆਂ ਸਪੀਚਾਂ ਨੇ ਹਰ ਪੰਜਾਬੀ ਨੂੰ ਜਾਗੁਰਕ ਕੀਤਾ ਅਤੇ ਅੱਜ ਭਾਰਤ ਦਾ ਹਰ ਕਿਸਾਨ ਇੱਕ ਮਾਲ੍ਹਾ ਵਿਚ ਪਰੋਇਆ ਇਹਨਾਂ ਤੋਂ ਸੇਧ ਪ੍ਰਾਪਤ ਕਰਦਾ ਮਹਿਸੂਸ ਹੋ ਰਿਹਾ ਹੈ। ਇਹ ਕੋਈ ਜ਼ਰੂਰੀ ਨਹੀਂ ਕਿ ਹਰ ਸੰਘਰਸ਼ ਵਿੱਚ ਜਿੱਤ ਮਿਲੇ.. ਸਿੱਟਾ ਕੋਈ ਵੀ ਹੋਵੇ ਪਰ ਇਸ ਸੰਘਰਸ਼ ਨੇ ਪੰਜਾਬ ਦੀ ਡਿੱਗੀ ਪੱਗ ਨੂੰ ਇੱਕ ਵਾਰ ਫੇਰ ਪੰਜਾਬੀਆਂ ਦੇ ਸਿਰ ਸਜਾ ਦਿੱਤਾ ਹੈ। ਇਸ ਸੰਘਰਸ਼ ਨੇ ਜੋ ਭਾਈਚਾਰਕ ਸਾਂਝ ਬਣਾਈ ਉਸਦਾ ਸਿਹਰਾ ਸਾਡੇ ਪੰਜਾਬ ਦੇ ਲੀਡਰਾਂ ਸਿਰ ਜਾਂਦਾ ਹੈ।

ਖਾਲਸਾ ਏਡ ਵਾਲੇ ਭਾਈ ਰਵੀ ਸਿੰਘ ਦੀਆਂ ਸੇਵਾਵਾਂ ਨੂੰ ਸਿਜਦਾ। ਇਸ ਸੰਘਰਸ਼ ਦੌਰਾਨ ਆਪਣਾ ਯੋਗਦਾਨ ਪਾਉਣ ਵਾਲੀ ਹਰ ਸੰਸਥਾ, ਸਮੂਹ ਐਨ. ਆਰ. ਆਈ. ਵੀਰਾਂ ਦੇ ਉਪਰਾਲਿਆਂ ਨੂੰ ਸਲਿਊਟ..! ਇਸ ਦੇ ਇਲਾਵਾ ਸੰਘਰਸ਼ ਦੌਰਾਨ ਜਿਨ੍ਹਾਂ ਲੋਕਾਂ ਨੇ ਆਪਣੀਆਂ ਸ਼ਹਾਦਤਾਂ ਦਿੱਤੀਆਂ ਹਨ, ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਦੀ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਬਾਕੀ ਆਮ ਕਿਸਾਨ / ਮਜ਼ਦੂਰਾਂ ਨੂੰ ਸਲਾਮ ਜਿਹੜੇ ਪਿੱਛਲੇ ਚਾਲੀ ਦਿਨ ਤੋਂ ਦਿੱਲੀ ਦੀਆਂ ਸੜਕਾਂ ਤੇ ਹੇਠ ਗਸ਼ੀ ਪਾਉਦੀ ਠੰਢ ਤੇ ਮੀਂਹ ਵਿੱਚ ਜਿੱਤ ਦੀ ਆਸ ਲਾਕੇ ਬੈਠੇ ਨੇ। ਪ੍ਰਮਾਤਮਾਂ ਅੱਗੇ ਅਰਦਾਸ ਹੈ ਕਿ ਹਿਟਲਰਾਂ ਫੁਰਮਾਨ ਜਾਰੀ ਕਰਨ ਵਾਲੇ ਮੋਦੀ ਨੂੰ ਸਮੱਤ ਬਖ਼ਸ਼ੇ ਤੇ ਕਿਸਾਨ ਆਪਣਾ ਮੋਰਚਾ ਫ਼ਤਿਹ ਕਰਕੇ ਸਹੀ ਸਲਾਮਤ ਜਲਦੀ ਆਪਣੇ ਪਰਿਵਾਰਾਂ ਵਿਚ ਵਾਪਸ ਪਰਤਣ।

**(ਇਸ ਲੇਖ ਲਈ ਕਿਸਾਨ ਆਗੂਆਂ ਸਬੰਧੀ ਜਾਣਕਾਰੀ ਅੱਬਾਸ ਧਾਲੀਵਾਲ ਮਲੇਰਕੋਟਲਾ ਦੇ ਲੇਖ ਵਿੱਚੋਂ ਧੰਨਵਾਦ ਸਹਿਤ ਲਈ ਗਈ ਹੈ)**

# ਹਿਊਸਟਨ ਦੇ ਹਸਪਤਾਲ ਨੇ ਕੀਤੀ ਕਰਮਚਾਰੀਆਂ ਨੂੰ ਕੋਰੋਨਾਂ ਟੀਕਾ ਲਗਵਾਉਣ ਲਈ 500 ਡਾਲਰ ਦੀ ਪੇਸ਼ਕਸ਼

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ/ (ਫਰਿਜ਼ਨੋ, ਕੈਲੀਫੋਰਨੀਆਂ), 5 ਜਨਵਰੀ 2021**-5 ਜਨਵਰੀ 2021- ਦੇਸ਼ ਵਿੱਚ ਕੋਰੋਨਾਂ ਟੀਕਾਕਰਨ ਦੇ ਚਲਦਿਆਂ ਕਈ ਹਸਪਤਾਲਾਂ ਦੇ ਕਰਮਚਾਰੀ ਟੀਕਾ ਲਗਵਾਉਣ ਤੋਂ ਇਨਕਾਰ ਕਰ ਰਹੇ ਹਨ।ਕਰਮਚਾਰੀਆਂ ਵਿੱਚ ਟੀਕੇ ਪ੍ਰਤੀ ਉਤਸ਼ਾਹ ਪੈਦਾ ਕਰਨ ਅਤੇ ਉਹਨਾਂ ਦਾ ਧੰਨਵਾਦ ਕਰਨ ਦੇ ਮੰਤਵ ਨਾਲ ਹਿਊਸਟਨ ਦਾ ਮੈਥੋਡਿਸਟ ਹਸਪਤਾਲ; ਕਾਮਿਆਂ ਨੂੰ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕਰ ਰਿਹਾ ਹੈ।ਇਸ ਹਸਪਤਾਲ ਦੇ ਤਕਰੀਬਨ 26,000 ਕਰਮਚਾਰੀ ਮਾਰਚ ਤੱਕ ਵਾਧੂ ਨਕਦੀ ਪ੍ਰਾਪਤ ਕਰ ਸਕਦੇ ਹਨ । ਹਸਪਤਾਲ ਦੇ ਸੀ ਈ ਓ, ਡਾ. ਮਾਰਕ ਬਲੂਮ ਨੇ ਪਿਛਲੇ ਹਫਤੇ ਇੱਕ ਈਮੇਲ ਰਾਹੀ ਕਰਮਚਾਰੀਆਂ ਨੂੰ ਕਿਹਾ ਕਿ ਉਹ 2020 ਦੀ ਕੋਰੋਨਾਂ ਮਹਾਂਮਾਰੀ ਦੌਰਾਨ ਨਿਭਾਈਆਂ ਸੇਵਾਵਾਂ ਦੇ ਧੰਨਵਾਦ ਵਜੋਂ 500 ਡਾਲਰ ਦਾ ਬੋਨਸ ਪ੍ਰਾਪਤ ਕਰ ਸਕਦੇ ਹਨ ਪਰ ਇਸ ਰਾਸ਼ੀ ਨੂੰ



ਪ੍ਰਾਪਤ ਕਰਨ ਦੇ ਮਾਪਦੰਡਾਂ ਵਿੱਚ ਇੱਕ ਕੋਰੋਨਾਂ ਟੀਕਾ ਲਗਵਾਉਣਾ ਸ਼ਾਮਲ ਹੈ।ਇਸ ਤੋਂ ਲੱਗਭੱਗ ਛੇ ਹਫਤੇ ਪਹਿਲਾਂ ਵੀ ਹਸਪਤਾਲ ਨੇ ਕਰਮਚਾਰੀਆਂ ਨੂੰ ਮਹਾਂਮਾਰੀ ਦੌਰਾਨ ਕੀਤੇ ਕੰਮ ਲਈ 500 ਡਾਲਰ ਦਾ ਬੋਨਸ ਵੀ ਦਿੱਤਾ ਸੀ।ਕੋਰੋਨਾਂ ਟੀਕਾਕਰਨ ਸੰਬੰਧੀ ਪਿਯੂ ਰਿਸਰਚ ਸੈਂਟਰ ਦੇ ਅਨੁਸਾਰ, ਅਫਰੀਕੀ ਅਮਰੀਕੀ ਲੋਕ ਟੀਕਾ ਲਗਵਾਉਣ ਤੋਂ ਜ਼ਿਆਦਾ ਝਿਜਕ ਮਹਿਸੂਸ ਕਰਦੇ ਹਨ ।

ਇਸ ਰਿਸਰਚ ਨੇ ਹਾਲ ਹੀ ਵਿੱਚ ਪਾਇਆ ਹੈ ਕਿ ਅੱਧ ਤੋਂ ਵੀ ਘੱਟ ਅਫਰੀਕਨ ਮੂਲ ਦੇ ਬਾਲਗ ਵਿਅਕਤੀ ਟੀਕਾ ਲਗਵਾਉਣ ਦੀ ਯੋਜਨਾ ਬਣਾਉਂਦੇ ਹਨ, ਜਦਕਿ 60% ਦੇ ਕਰੀਬ ਹੋਰ ਅਮਰੀਕੀ ਲੋਕ ਟੀਕਾ ਲਗਵਾਉਣ ਦਾ ਇਰਾਦਾ ਰੱਖਦੇ ਹਨ ।ਇਸ ਸੰਬੰਧੀ ਖੋਜ ਅਨੁਸਾਰ ਸਾਹਮਣੇ ਆਇਆ ਹੈ ਕਿ ਗੈਰ ਅਮਰੀਕੀ ਲੋਕਾਂ ਦਾ ਗੋਰੇ ਮਰੀਜ਼ਾਂ ਨਾਲੋਂ ਡਾਕਟਰੀ ਪ੍ਰਣਾਲੀ 'ਤੇ ਭਰੋਸਾ ਘੱਟ ਹੈ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਅਰਕਨਸਾਸ ਦੇ ਡਾਕਟਰ ਨੇ ਮਾਫ ਕੀਤੇ ਮਰੀਜ਼ਾਂ ਦੇ 650,000 ਡਾਲਰ ਦੇ ਬਕਾਇਆ ਬਿੱਲ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ/ ਫਰਿਜ਼ਨੋ (ਕੈਲੀਫੋਰਨੀਆਂ), 5 ਜਨਵਰੀ 2021**–ਡਾਕਟਰ ਨੂੰ ਰੱਬ ਦਾ ਦੂਜਾ ਰੂਪ ਸਮਝਿਆ ਜਾਂਦਾ ਹੈ, ਕਿਉਂਕਿ ਇੱਕ ਡਾਕਟਰ ਮਨੁੱਖ ਨੂੰ ਕਿਸੇ ਬਿਮਾਰੀ ਕਾਰਨ ਮੌਤ ਦੇ ਮੂੰਹ 'ਚੋ ਕੱਢਣ ਦੀ ਕਾਬਲੀਅਤ ਰੱਖਦਾ ਹੈ। ਅਮਰੀਕਾ ਦੇ ਸੂਬੇ ਅਰਕਨਸਾਸ ਦੇ ਇੱਕ ਡਾਕਟਰ ਨੇ ਵੀ ਮਰੀਜਾਂ ਵੱਲ ਖੜੇ ਲੱਖਾਂ ਡਾਲਰ ਦੇ ਬਕਾਏ ਨੂੰ ਮਾਫ ਕਰਕੇ ਮਨੁੱਖਤਾ ਦੀ ਮਿਸਾਲ ਦਿੱਤੀ ਹੈ। ਡਾ. ਉਮਰ ਅਤਿਕ 1991 ਤੋਂ ਅਰਕਨਸਾਸ ਕੈਂਸਰ ਕਲੀਨਿਕ ਦੇ ਬਾਨੀ ਅਤੇ ਮੁਖੀ ਵਜੋਂ ਆਪਣੇ ਭਾਈਚਾਰੇ ਦੀ ਸੇਵਾ ਕਰ ਰਹੇ ਹਨ। ਇਸ ਡਾਕਟਰ ਨੇ ਲੱਗਭਗ 30 ਸਾਲਾਂ ਬਾਅਦ ਆਪਣੀ ਪ੍ਰੈਕਟਿਸ ਬੰਦ ਕਰਨ ਸਮੇਂ ਆਪਣੀ ਸੇਵਾ ਦਾ ਦਾਇਰਾ ਹੋਰ ਵਧਾਉਂਦਿਆਂ ਆਪਣੇ ਤਕਰੀਬਨ 200 ਮਰੀਜ਼ਾਂ ਲਈ 650,000 ਡਾਲਰ ਦੇ ਡਾਕਟਰੀ ਕਰਜ਼ੇ ਨੂੰ ਮੁਆਫ ਕੀਤਾ ਹੈ। ਇਸ ਸੰਬੰਧੀ ਡਾ. ਅਤਿਕ ਨੇ ਇੱਕ ਕਾਰਡ ਰਾਹੀਂ ਆਪਣੇ ਮਰੀਜ਼ਾਂ ਨੂੰ ਦੱਸਿਆ ਕਿ ਅਰਕਨਸਾਸ



ਕੈਂਸਰ ਕਲੀਨਿਕ ਕਮਿਊਨਿਟੀ ਨੂੰ ਲੱਗਭਗ 29 ਸਾਲਾਂ ਦੀ ਸੇਵਾ ਤੋਂ ਬਾਅਦ ਆਪਣੇ ਅਭਿਆਸ ਨੂੰ ਬੰਦ ਕਰ ਰਿਹਾ ਹੈ ਅਤੇ ਕਲੀਨਿਕ ਨੇ ਆਪਣੇ ਮਰੀਜ਼ਾਂ ਦੁਆਰਾ ਦੇਣ ਵਾਲੇ ਸਾਰੇ ਬਕਾਏ ਰੱਦ ਕਰਨ ਦਾ ਫੈਸਲਾ ਕੀਤਾ ਹੈ। ਅਰਕਨਸਾਸ ਡੈਮੋਕਰੇਟ ਗਜ਼ਟ ਦੀ ਰਿਪੋਰਟ ਅਨੁਸਾਰ ਇਹ ਕਲੀਨਿਕ ਫਰਵਰੀ ਦੇ ਅਖੀਰ ਵਿੱਚ ਸਟਾਫ ਦੀ ਘਾਟ ਕਾਰਨ ਬੰਦ ਹੋਇਆ ਸੀ ਅਤੇ ਇਸ ਨੇ ਕਈ ਦਹਾਕਿਆਂ ਦੌਰਾਨ ਹਜ਼ਾਰਾਂ ਮਰੀਜ਼ਾਂ ਨੂੰ ਕੀਮੋਥੈਰੇਪੀ, ਰੇਡੀਏਸ਼ਨ, ਤੋਂ ਇਲਾਵਾ ਕਈ ਹੋਰ ਇਲਾਜ ਜਿਵੇਂ ਕਿ ਸੀ ਏ ਟੀ ਸਕੈਨ ਅਤੇ ਕੈਂਸਰ ਦੇ ਹੋਰ ਇਲਾਜ ਮੁਹੱਈਆ ਕਰਵਾਏ ਹਨ। ਡਾਕਟਰ ਅਤਿਕ ਮੂਲ ਰੂਪ ਤੋਂ ਪਾਕਿਸਤਾਨ ਦਾ ਰਹਿਣ ਵਾਲਾ ਹੈ ਅਤੇ ਇਸਨੇ ਨਿਊਯਾਰਕ ਸਿਟੀ ਵਿੱਚ ਮੈਮੋਰੀਅਲ ਸਲੋਨ ਕੇਟਰਿੰਗ ਕੈਂਸਰ ਸੈਂਟਰ ਵਿੱਚ ਫੈਲੋਸ਼ਿਪ ਖ਼ਤਮ ਕਰਨ ਤੋਂ ਬਾਅਦ ਅਰਕਨਸਾਸ "ਚ 1991 ਵਿੱਚ ਅਰਕਨਸਾਸ ਕੈਂਸਰ ਕਲੀਨਿਕ ਦੀ ਸਥਾਪਨਾ ਕੀਤੀ ਸੀ। ਅਤਿਕ ਅਨੁਸਾਰ ਉਸਨੇ ਨਾ ਸਿਰਫ ਕਰਜ਼ਾ ਮਾਫ ਕੀਤਾ ਬਲਕਿ ਇਹ ਵੀ ਯਕੀਨੀ ਬਣਾਇਆ ਕਿ ਬਕਾਇਆ ਬਾਇਲੈਂਸ ਵਾਲੇ ਮਰੀਜ਼ਾਂ ਵਿਚੋਂ ਕੋਈ ਵੀ ਬਾਅਦ ਵਿੱਚ ਵਿੱਤੀ ਪ੍ਰੇਸ਼ਾਨੀਆਂ ਵਿਚ ਨਹੀਂ ਪਵੇਗਾ।

# ਕੈਲੀਫੋਰਨੀਆਂ 'ਚ ਫ੍ਰੀਜ਼ਰ ਦੀ ਬਿਜਲੀ ਸਪਲਾਈ ਬੰਦ ਹੋਣ ਕਾਰਨ ਐਮਰਜੈਂਸੀ ਆਧਾਰ 'ਤੇ ਲਗਾਏ ਕੋਰੋਨਾਂ ਟੀਕੇ

**ਫਰਿਜ਼ਨੋ (ਕੈਲੀਫੋਰਨੀਆਂ), 5 ਜਨਵਰੀ 2021**–ਦੇਸ਼ ਵਿੱਚ ਕੋਰੋਨਾਂ ਵਾਇਰਸ ਦੇ ਇਲਾਜ ਲਈ ਵਰਤੇ ਜਾ ਰਹੇ ਟੀਕਿਆਂ ਨੂੰ ਪ੍ਰਭਾਵਸ਼ਾਲੀ ਬਣਾਈ ਰੱਖਣ ਲਈ ਇੱਕ ਖਾਸ ਤਾਪਮਾਨ 'ਤੇ ਫ੍ਰੀਜ਼ਰ ਵਿੱਚ ਰੱਖਣ ਦੀ ਜਰੂਰਤ ਹੁੰਦੀ ਹੈ। ਪਰ ਸੋਮਵਾਰ ਦੇ ਦਿਨ ਉੱਤਰੀ ਕੈਲੀਫੋਰਨੀਆ ਦੀ ਇੱਕ ਕਾਉਂਟੀ ਵਿੱਚ ਮੋਡਰਨਾ ਕੋਰੋਨਾਂ ਟੀਕੇ ਦੀ ਪੂਰੀ ਅਲਾਟਮੈਂਟ ਜਿਸ ਫ੍ਰੀਜ਼ਰ ਵਿੱਚ ਰੱਖੀ ਗਈ ਸੀ ਨੂੰ ਬਿਜਲੀ ਦੀ ਕਿੱਲਤ ਦਾ ਸਾਹਮਣਾ ਕਰਨਾ ਪਿਆ, ਜਿਸ ਕਰਕੇ ਅਧਿਕਾਰੀਆਂ ਦੁਆਰਾ ਬਿਨਾਂ ਫ੍ਰੀਜ਼ਰ ਵਾਲੇ ਟੀਕਿਆਂ ਦੀਆਂ ਤਕਰੀਬਨ 830 ਖੁਰਾਕਾਂ ਨੂੰ ਪਿਘਲਣ ਜਾਂ ਖਰਾਬ ਹੋਣ ਤੋਂ ਪਹਿਲਾਂ ਐਮਰਜੈਂਸੀ ਅਧਾਰ 'ਤੇ ਉੱਥੇ ਮੌਜੂਦ ਲੋਕਾਂ ਦੇ ਲਗਾਇਆ ਗਿਆ। ਮੈਂਡੋਸਿਨੋ ਕਾਉਂਟੀ ਦੇ ਐਡਵੈਂਟਿਸਟ ਹੈਲਥ ਦੇ ਪ੍ਰਧਾਨ ਜੂਡਸਨ ਹੋਅ ਅਨੁਸਾਰ ਬਿਜਲੀ ਦੇ ਇਸ ਵਿਘਨ ਦਾ ਮਾਮਲਾ ਉਕਿਆਹ ਸ਼ਹਿਰ ਦੇ ਐਡਵੈਂਟਿਸਟ ਹੈਲਥ ਉਕਿਹ ਵੈਲੀ ਮੈਡੀਕਲ ਸੈਂਟਰ ਵਿੱਚ ਸਵੇਰੇ 11:30 ਵਜੇ ਹੋਇਆ। ਜਿਸਦੇ ਬਾਅਦ ਕੋਰੋਨਾਂ ਵਾਇਰਸ ਟੀਕੇ



ਨੂੰ ਖਰਾਬ ਹੋਣ ਤੋਂ ਬਚਾਉਣ ਲਈ ਸਟਾਫ ਨੂੰ ਹਸਪਤਾਲ ਅਤੇ ਕੁੱਝ ਹੋਰ ਕਲੀਨਿਕਾਂ ਤੇ ਇਸਦੇ ਸ਼ਾਟ ਦੇਣ ਲਈ ਬੁਲਾਇਆ ਗਿਆ।

ਹਸਪਤਾਲ ਵਿੱਚ ਤੇਜ਼ੀ ਨਾਲ ਇੱਕ ਲਾਈਨ ਬਣਾਈ ਗਈ ਅਤੇ ਤਕਰੀਬਨ ਦੋ ਘੰਟੇ ਦੇ ਅੰਦਰ ਉਥੇ ਮੌਜੂਦ ਲੋਕਾਂ ਨੂੰ ਟੀਕਾ ਲਗਾਇਆ ਗਿਆ ਜਦਕਿ ਕੁੱਝ ਖੁਰਾਕਾਂ ਹੋਰ ਸਥਾਨਕ ਨਰਸਿੰਗ ਹੋਮਜ਼ ਵਿੱਚ ਵੀ ਲਗਾਉਣ ਲਈ ਭੇਜੀਆਂ ਗਈਆਂ। ਹਸਪਤਾਲ ਵਿੱਚ ਫ੍ਰੀਜ਼ਰ ਵਿੱਚ ਰੱਖੀਆਂ ਗਈਆਂ ਟੀਕੇ ਦੀਆਂ ਇਹ ਖੁਰਾਕਾਂ ਬਿਨਾਂ ਬਿਜਲੀ ਤੋਂ ਖਰਾਬ ਹੋ ਸਕਦੀਆਂ ਸਨ, ਇਸ ਲਈ ਇਹਨਾਂ ਨੂੰ ਐਮਰਜੈਂਸੀ ਆਧਾਰ ਤੇ ਲਗਾ ਕੇ ਹਸਪਤਾਲ ਵੱਲੋਂ ਵਿਅਰਥ ਹੋਣ ਤੋਂ ਬਚਾ ਲਿਆ ਗਿਆ।

# ਫਰਿਜ਼ਨੋ ਨਿਵਾਸੀ ਸ. ਹਰਨਾਮ ਸਿੰਘ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਫਰਿਜ਼ਨੋ ਨਿਵਾਸੀ ਸ. ਹਰਨਾਮ ਸਿੰਘ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 3 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 78 ਸਾਲ ਸੀ ਅਤੇ ਇੰਡੀਆ ਤੋਂ ਪਿਛਲਾ ਪਿੰਡ ਅਹਲੀ ਸਦਰ ਹੈ, ਜੋ ਜਿਲ੍ਹਾਂ ਫਤੇਹਾਬਾਦ, ਹਰਿਆਣਾ ਵਿੱਚ ਹੈ। ਸਵ: ਹਰਨਾਮ ਸਿੰਘ ਪਿਛਲੇ 6 ਸਾਲਾ ਤੋਂ ਆਪਣੇ ਪੁੱਤਰ ਅਮਰੀਕ ਸਿੰਘ ਕੋਲ ਫਰਿਜ਼ਨੋ ਸ਼ਹਿਰ ਵਿਖੇ ਰਹਿ ਰਹੇ ਸਨ। ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 11 ਜਨਵਰੀ 2021, ਦਿਨ ਸੋਮਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 11 ਵਜ਼ੇ ਤੋਂ 1 ਵਜ਼ੇ ਹੋਵੇਗੀ। ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਗੁਰ ਨਾਨਕ ਪ੍ਰਕਾਸ਼" ਫਰਿਜ਼ਨੋ ਵਿਖੇ ਬਾਅਦ ਦੁਪਹਿਰ 2:00 ਵਜ਼ੇ ਤੋਂ 4:00 ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 4250 E Lincoln Ave, Fresno, CA 93725 ਹੈ।



ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨਾਂ ਦੇ ਛੋਟੇ ਪੁੱਤਰ ਅਮਰੀਕ ਸਿੰਘ ਨਾਲ ਫੋਨ ਨੰਬਰ (559) 270-5893 ਜਾਂ ਇੰਡੀਆਂ ਰਹਿੰਦੇ ਵੱਡੇ ਪੁੱਤਰ ਸਵਰਨ ਸਿੰਘ ਨਾਲ +91-98131-43102 'ਤੇ ਸੰਪਰਕ ਕੀਤਾ ਜਾ ਸਕਦਾ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com






ਦੇਸ਼ ਦੁਆਬਾ

# ਜਾਤਪਾਤ ਦੇ ਖ਼ਾਤਮੇ ਬਾਰੇ ਕੁਝ ਵਿਚਾਰ

-ਰਾਮ ਮਨੋਹਰ ਲੋਹੀਆ

ਇਹ ਕੋਈ ਛੋਟੀ ਗੱਲ ਨਹੀਂ ਹੈ। ਜਦੋਂ ਸੰਘਰਸ਼ ਸ਼ੁਰੂ ਕੀਤਾ ਜਾਂਦਾ ਹੈ, ਜਦੋਂ ਇਨਕਲਾਬ ਦੇ ਰਾਹ ਤੁਰਿਆ ਜਾਂਦਾ ਹੈ ਤਾਂ ਕੁਝ ਫੈਸਲੇ ਲੈਣੇ ਪੈਂਦੇ ਹਨ। ਕੀ ਕਰਨਾ ਹੈ? ਕਿਸ ਦੇ ਨਾਲ ਤੁਰਨਾ ਹੈ? ਸਾਡੇ ਇੱਥੇ ਹਾਲਤ ਇਹ ਬਣੀ ਹੋਈ ਹੈ ਕਿ ਕੁਝ ਲੋਕਾਂ ਨੇ ਦੂਸਰਿਆਂ ਨੂੰ ਪੰਜ ਹਜ਼ਾਰ ਸਾਲਾਂ ਤੋਂ ਦਬਾਅ ਕੇ ਰੱਖਿਆ ਹੋਇਆ ਹੈ। ਜਦੋਂ ਤੁਸੀਂ ਉਹਨਾਂ ਨੂੰ ਉਠਾਓਗੇ ਤਾਂ ਕੁਝ ਟੁੱਟ-ਭੱਜ, ਗੁੱਸੇ-ਰਾਜੀ ਅਤੇ ਤਣਾਅ ਤਾਂ ਹੋਣਗੇ ਹੀ। ਜੇ ਇਸ ਤੋਂ ਘਬਰਾ ਜਾਓਗੇ ਤਾਂ ਊਚ-ਨੀਚ ਖਤਮ ਨਹੀਂ ਹੋਣ ਲੱਗੀ। ਊਚ-ਨੀਚ ਨੂੰ ਖਤਮ ਕਰਕੇ ਬਰਾਬਰੀ ਲਿਆਉਣ ਵੱਲ ਵਧੋਗੇ ਤਾਂ ਜੇ ਭੂਚਾਲ ਨਹੀਂ ਤਾਂ ਵੱਡੇ ਝਟਕੇ ਤਾਂ ਜ਼ਰੂਰ ਹੀ ਲੱਗਣਗੇ, ਇਸ ਤੋਂ ਘਬਰਾਉਣਾ ਨਹੀਂ ਚਾਹੀਦਾ।

ਅਸੀਂ ਜਾਤ ਪਾਤ ਨੂੰ ਨਹੀਂ ਮੰਨਦੇ। ਇਸ ਅਰਥ ਵਿਚ ਸਾਡੀ ਪਾਰਟੀ ਵਿਚ ਨਾ ਕੋਈ ਉੱਚੀ ਜਾਤ ਹੈ ਨਾ ਪੱਛੜੀ ਜਾਤ। ਅਸੀਂ ਸਾਰੇ ਸਮਾਜਵਾਦੀ ਹਾਂ। ਨਾ ਕੋਈ ਸਾਡੀ ਆਪਣੀ ਜਾਤ ਹੈ, ਨਾ ਹੋਣੀ ਚਾਹੀਦੀ ਹੈ। ਪਰ ਜੇ ਅਸੀਂ ਇੰਨਾ ਕਹਿ ਕੇ ਹੀ ਗੱਲ ਖਤਮ ਕਰ ਦੇਈਏ ਤਾਂ ਹਿੰਦੋਸਤਾਨ ਦੀ ਜਾਤ-ਪਾਤ ਅਤੇ ਉਸਦੇ ਸੰਸਕਾਰਾਂ ਨੂੰ ਖਤਮ ਨਹੀਂ ਕਰ ਸਕਾਂਗੇ। ਸਾਡੀ ਕੋਈ ਜਾਤ ਨਹੀਂ। ਪਰ ਸਾਡੇ ਬਾਪ-ਦਾਦੇ ਦੀ ਤਾਂ ਜਾਤ ਸੀ ਹੀ। ਬਾਪ-ਦਾਦਿਆਂ ਦੀ ਜਾਂ ਕਾਰਨ ਸਾਨੂੰ ਕੁਝ ਸੰਸਕਾਰ ਵਿਰਸੇ ’ਚ ਮਿਲੇ ਹੋਏ ਹਨ, ਕੁਝ ਫਾਇਦੇ ਮਿਲੇ ਹੋਏ ਹਨ, ਜਿਵੇਂ ਕਿ ਬੋਲਚਾਲ ਦਾ ਫਾਇਦਾ, ਸਿਧਾਂਤਾਂ ਦਾ ਫਾਇਦਾ। ਭਾਵੇਂ ਕਿ ਅਸੀਂ ਕਹਿੰਦੇ ਹਾਂ ਕਿ ਸਾਡੀ ਕੋਈ ਜਾਤ ਨਹੀਂ, ਪਰ ਜੇ ਅਸੀਂ ਇਹਨਾਂ ਫਾਇਦਿਆਂ ਦੀ ਵਰਤੋਂ ਕਰਾਂਗੇ ਤਾਂ ਦੇਸ਼ ਅੰਦਰੋਂ ਜਾਤਪਾਤ ਖਤਮ ਨਹੀਂ ਕਰ ਸਕਾਂਗੇ। ਜਿਹੜੇ ਲੋਕ ਉੱਚੀਆਂ ਜਾਤਾਂ ਵਿਚ ਪੈਦਾ ਹੋਏ ਹਨ, ਉਹਨਾਂ ਦਾ ਸਦਾ ਹੀ ਇਹ ਫਰਜ਼ ਬਣਦਾ ਹੈ ਕਿ ਜਦੋਂ ਉਹ ਪੱਛੜੀਆਂ ਜਾਤਾਂ ਵਾਲਿਆਂ ਦੀ ਕਿਸੇ ਗਲਤੀ ਜਾਂ ਕਮਜ਼ੋਰੀ ਨੂੰ ਦੇਖਣ, ਉਹਨਾਂ ਬਾਰੇ ਕੋਈ ਗਲਤ ਗੱਲ ਸੁਣਨ ਤਾਂ ਵੱਡਾ ਦਿਲ ਰੱਖਣ, ਉਸਨੂੰ ਸੂਝ-ਬੂਝ ਦੀ ਭਾਵਨਾ ਵਿਚ ਲੈਣ।

ਸਾਨੂੰ ਪੱਛੜੀਆਂ ਜਾਤਾਂ ਵਿਚੋਂ ਆਇਆਂ ਹੋਇਆਂ ਨੂੰ ਬਦੋਬਦੀ ਆਪਣੇ ਲੀਡਰ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੂਰੇ ਨਹੀਂ ਤਾਂ ਅੱਧੇ ਸਹੀ, ਅੱਧੇ ਨਹੀਂ ਤਾਂ ਚੌਥਾ ਹਿੱਸਾ ਹੀ ਸਹੀ। (ਕਿਸੇ ਉੱਚੀ ਜਾਤੀ ਵਾਲੇ ਆਗੂ ਬਾਰੇ)) ਤੁਸੀਂ ਇਹ ਕਹਿ ਸਕਦੇ ਹੋ ਕਿ ਉਹ ਪੁਰਾਣਾ ਆਦਮੀ ਹੈ, ਬਹੁਤ ਲੰਮੇ ਸਮੇਂ ਤੋਂ ਕੰਮ ਕਰਦਾ ਆ ਰਿਹਾ ਹੈ, ਸਮਾਜਵਾਦੀ ਪਾਰਟੀ ਲਈ ਉਸਦਾ ਬੜਾ ਤਿਆਗ ਹੈ। ਜੇ ਇਹੋ ਦਲੀਲਾਂ ਹੀ ਦੇਣੀਆਂ ਹਨ ਤਾਂ ਫਿਰ ਉਸ ਪੰਜ ਹਜ਼ਾਰ ਸਾਲ ਪੁਰਾਣੀ ਪ੍ਰੰਪਰਾ ਨੂੰ ਹੀ ਚਲਾਉਂਦੇ ਰਹੋ। ਤਿਆਗ, ਅਨੁਭਵ ਅਤੇ ਤਜਰਬੇ ਦੀਆਂ ਗੱਲਾਂ, ਇਹ ਕੋਈ ਤਰੀਕਾ ਥੋੜ੍ਹਾ ਹੈ।

ਜੇ ਕਿਸੇ ਕੋਲ ਤਿਆਗ, ਅਨੁਭਵ ਅਤੇ ਤਜਰਬਾ ਹੈ ਤਾਂ ਬਜਾਏ ਇਸ ਦੇ ਕਿ ਉਸਨੂੰ ਉੱਚੇ ਅਹੁਦੇ ’ਤੇ ਬਿਠਾਇਆ ਜਾਵੇ, ਚਾਹੀਦਾ ਇਹ ਹੈ ਕਿ ਸਾਰੇ ਜਣੇ ਮਿਲ ਕੇ ਉਸ ਨੂੰ ਮਜਬੂਰ ਜਾਂ ਉਤਸ਼ਾਹਿਤ ਕਰਨ ਕਿ ਉਹ ਕਿਸੇ ਪੱਛੜੇ ਵਿਅਕਤੀ ਨੂੰ ਉੱਚੇ ਅਹੁਦੇ ’ਤੇ ਬਿਠਾਉਣ ਲਈ ਯੋਗ ਬਣਾਉਣ ਲਈ ਕੋਸ਼ਿਸ਼ਾਂ ਜੁਟਾਏ।

ਤੁਹਾਡੇ ਇਲਾਕੇ ਵਿਚ ਜੇ ਕੋਈ ਪੱਛੜੀ ਜਾਤ ਦਾ ਪ੍ਰਤਿਭਾਸ਼ਾਲੀ ਵਿਅਕਤੀ ਜਾਂ ਔਰਤ ਹੋਵੇ ਤਾਂ ਉਸ ਨੂੰ ਭਾਲੋ। ਉਸਨੂੰ ਪਕੜੋ ਅਤੇ ਜਿੱਥੇ ਤੱਕ ਹੋ ਸਕੇ ਅੱਗੇ ਵਧਾਓ। ਉਹਨੂੰ ਵਿੱਦਿਆ ਸਿਖਾਓ। ਵਿੱਦਿਆ ਦਾ ਮਤਲਬ ਸਿਰਫ਼ ੳ ਅ ੲ ਹੀ ਨਹੀਂ ਹੁੰਦਾ। ਵਿਦਿਆ ਦਾ ਮਤਲਬ ਹੈ ਤਰਕ ਨਾਲ ਗੱਲ ਕਰਨ ਦਾ ਤਰੀਕਾ। ਇਹ ਸਭ ਗੱਲਾਂ ਉਸਨੂੰ ਸਿਖਾਓ। ਉਸਨੂੰ ਆਗੂ ਬਣਾਉਣ ਦੀ ਕੋਸ਼ਿਸ਼ ਕਰੋ। ਮੰਨ ਲਓ ਜੇ ਤੁਸੀਂ ਕਿਸੇ ਜ਼ਿਲ੍ਹੇ ਵਿਚ ਇਕ ਕਹਾਰ ਨੂੰ ਆਗੂ ਬਣਾ ਦਿੱਤਾ ਤਾਂ ਫਿਰ ਕੀ ਕਹਿਣੇ। ਬੈਠ ਕੇ ਸੋਚੋ, ਇਸ ਦੇ ਬਿਨਾਂ ਸਾਨੂੰ ਕਿੰਨਾ ਨੁਕਸਾਨ ਉਠਾਉਣਾ ਪੈ ਰਿਹਾ ਹੈ।




ਕਈਆਂ ਨੂੰ ਬੜਾ ਗੁੱਸਾ ਚੜ੍ਹ ਰਿਹਾ ਹੈ ਕਿ ਪੱਛੜੀਆਂ ਜਾਤਾਂ ਦੇ ਆਗੂਆਂ ਅੰਦਰ ਜਲਨ ਪੈਦਾ ਹੋ ਰਹੀ ਹੈ। ਲੇਕਿਨ ਅਜੇ ਤੱਕ ਇਹ ਜਲਨ ਪੈਦਾ ਹੋਈ ਨਹੀਂ। ਜਦੋਂ ਉਹਨਾਂ ਅੰਦਰ ਜਲਨ ਪੈਦਾ ਹੋਵੇਗੀ ਤਾਂ ਇਹੋ ਜਿਹੀਆਂ ਗੱਲਾਂ ਵੀ ਬੰਦ ਹੋ ਜਾਣਗੀਆਂ। ਜੇ ਸਾਰਾ ਕੁਝ ਅੱਜ ਵਾਂਗ ਹੀ ਚਲਦਾ ਰਿਹਾ ਤਾਂ ਇਹ ਜਲਨ ਭੜਕਾਉਣ ਵਿਚ ਅਸੀਂ ਪੱਛੜੀਆਂ ਜਾਤਾਂ ਦੇ ਨਾਲ ਹੋਵਾਂਗੇ, ਕਿਉਂਕਿ ਇਹ ਚਾਰ ਪੰਜ ਹਜ਼ਾਰ ਸਾਲਾਂ ਦਾ ਮਾਮਲਾ ਹੈ।

ਜਿਹੜੇ ਉੱਚੀਆਂ ਜਾਤਾਂ ਦੇ ਗਰੀਬ ਹਨ, ਉਹਨਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਹਨਾਂ ਕੋਲੋਂ ਕੋਈ ਕੀ ਖੋਹ ਸਕਦਾ ਹੈ? ਗਰੀਬ ਬ੍ਰਾਹਮਣ, ਗਰੀਬ ਵੈਸ਼, ਗਰੀਬ ਠਾਕੁਰ ਨੇ ਪੰਜ ਹਜ਼ਾਰ ਸਾਲਾਂ ਤੋਂ ਚਤੁਰਾਈ ਸਿੱਖੀ ਹੋਈ ਹੈ। ਉਹਨਾਂ ਨੂੰ ਕਾਹਦਾ ਡਰ ਪਿਆ ਹੈ। ਪੱਛੜੀਆਂ ਜਾਤਾਂ ਦੇ ਲੋਕ ਜਿੰਨਾ ਮਰਜ਼ੀ ਉੱਚਾ ਉੱਠ ਜਾਣ, ਤਾਂ ਵੀ ਉਹਨਾਂ ਤੋਂ ਜ਼ਿਆਦਾ ਉੱਚਾ ਨਹੀਂ ਉਠ ਸਕਣਗੇ। ਬਰਾਬਰ ਹੋ ਜਾਣਗੇ। ਇਸ ਲਈ ਘਬਰਾਉਣ ਵਾਲੀ ਕੋਈ ਗੱਲ ਨਹੀਂ। ਇਹ ਗੱਲ ਬਿਲਕੁਲ ਸਾਫ ਹੋ ਜਾਣੀ ਚਾਹੀਦੀ ਹੈ ਕਿ ਜਾਤਪਾਤ ਦੇ ਮਾਮਲੇ ਵਿਚ ਸਮਾਜਵਾਦੀ ਦਲ ਅਤੇ ਦੂਸਰੀਆਂ ਸਾਰੀਆਂ ਪਾਰਟੀਆਂ ਵਿਚ ਬੜਾ ਫਰਕ ਹੈ। ਸਾਰੇ ਕਹਿੰਦੇ ਹਨ ਜਾਤਪਾਤ ਖਤਮ ਕਰੋ। ਕਾਂਗਰਸ ਵੀ ਕਹਿੰਦੀ ਹੈ ਜਾਤਪਾਤ ਖਤਮ ਕਰੋ। ਸ਼ਾਇਦ ਜਾਤਪਾਤ ’ਤੇ ਹੱਲਾ ਬੋਲਣ ਵਿਚ ਪ੍ਰਧਾਨ ਮੰਤਰੀ ਨਾਲੋਂ ਕੋਈ ਵੱਧ ਤੇਜ ਨਾ ਹੋਵੇ- ਜਾਤਪਾਤ ਬੜੀ ਜ਼ਹਿਰੀਲੀ ਚੀਜ਼ ਹੈ, ਜਾਤਪਾਤ ਨੂੰ ਖਤਮ ਕਰੋ, ਜਾਤਪਾਤ ਨੇ ਹਿੰਦੁਸਤਾਨ ਨੂੰ ਬਰਬਾਦ ਕੀਤਾ ਹੋਇਆ ਹੈ ਵਗੈਰਾ ਵਗੈਰਾ। ਲੇਕਿਨ ਜਾਤਪਾਤ ਨੂੰ ਖਤਮ ਕਰਨ ਵਾਲਾ ਤਰੀਕਾ, ਉਹੀ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਵਾਲਾ ਤਰੀਕਾ ਹੈ। ਕਾਂਗਰਸ, ਕਮਿਊਨਿਸਟ, ਪਰਜਾ ਸਾਰਿਆਂ ਦਾ ਇਹੋ ਤਰੀਕਾ ਹੈ। ਸਮਾਜਵਾਦੀ ਦਲ ਦਾ ਤਰੀਕਾ ਬਿਲਕੁਲ ਅਲੱਗ ਤੇ ਵਿਸ਼ੇਸ਼ ਮੌਕੇ ਪ੍ਰਦਾਨ ਕਰਨ ਦਾ ਤਰੀਕਾ ਹੈ। ਜੋ ਪੱਛੜਿਆ ਹੋਇਆ ਹੈ ਉਸ ਨੂੰ ਵਿਸ਼ੇਸ਼ ਮੌਕੇ ਦਿਓ। ਵਿਸ਼ੇਸ਼ ਮੌਕੇ ਦੇਣ ਲਈ ਦਿਮਾਗੀ ਰੁਝਾਨ ਅਤੇ ਵੈਸੀ ਬਨਾਵਟ ਹੋਣੀ ਚਾਹੀਦੀ ਹੈ। ਜੇ ਵਿਸ਼ੇਸ਼ ਮੌਕੇ ਦੇਣ ਦੀ ਗੱਲ ਖਾਲੀ ਕਾਗ਼ਜ਼ ’ਤੇ ਰਹਿ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਜਦੋਂ ਸਾਡੀ ਸਰਕਾਰ ਬਣੇਗੀ ਤਾਂ ਅਸੀਂ ਵਿਸ਼ੇਸ਼ ਮੌਕੇ ਦਿਆਂਗੇ ਤਾਂ ਇਹ ਬੇਮਤਲਬ ਗੱਲ ਹੋਵੇਗੀ। ਡਿਪਟੀ ਕਮਿਸ਼ਨਰ ਨਹੀਂ ਬਣ ਸਕਦੇ ਤਾਂ ਘੱਟੋ ਘੱਟ ਆਗੂ ਤਾਂ ਬਣਾ ਹੀ ਸਕਦੇ ਹਾਂ। ਤਹਿਸੀਲਦਾਰ ਨਹੀਂ ਬਣਾ ਸਕਦੇ, ਵਜ਼ੀਰ ਨਹੀਂ ਬਣਾ ਸਕਦੇ, ਲੇਕਿਨ ਸਮ-ਾਜਵਾਦੀ ਪਾਰਟੀ ਅੰਦਰ ਆਗੂ ਤਾਂ ਬਣਾ ਹੀ ਸਕਦੇ ਹਾਂ।

ਮੈਂ ਜਾਣਦਾ ਹਾਂ ਕਿ ਇਸ ਕੰਮ ਵਿਚ ਨੁਕਸਾਨ ਵੀ ਕਾਫੀ ਹੋਵੇਗਾ। ਮਤਲਬ ਕਿ ਜੇ 10 ਨੂੰ ਆਗੂ ਬਣਾਓਗੇ ਤਾਂ 9 ਅਯੋਗ ਨਿਕਲਣਗੇ। ਉਹਨਾਂ ਵਿਚ ਹਵਸ ਪੈਦਾ ਹੋ ਜਾਵੇਗੀ, ਜਿਸ ਨੂੰ ਰੋਕ ਨਹੀਂ ਸਕੋਗੇ। ਲੇਕਿਨ ਇਸ ਤੋਂ ਘਬਰਾਉਣਾ ਨਾ। ਫਿਰ ਉਹਨਾਂ ਉਪਰ ਰੰਦਾ ਲਾਓ, ਹੌਲੀ ਹੌਲੀ ਸੰਜਮ ਆ ਜਾਵੇਗਾ ਅਤੇ ਫਿਰ ਉਹ ਸੁਧਰਨਗੇ, ਚੰਗੇ ਬਣ ਜਾਣਗੇ। ਦਸਾਂ ਵਿਚੋਂ ਜੇ ਇਕ ਵੀ ਬਚ ਗਿਆ ਤਾਂ ਉਹ ਜ਼ਬਰਦਸਤ ਢੰਗ ਨਾਲ ਕਾਮਯਾਬ ਹੋਵੇਗਾ ਅਤੇ ਆਪਣੀ ਨੀਤੀ ਨੂੰ ਅੱਗੇ ਵਧਾ ਸਕੇਗਾ। ਜੇ ਇਸ ਨੀਤੀ ਦੇ ਤੱਤ ਨੂੰ ਨਹੀਂ ਸਮਝ ਸਕੋਗੇ ਤਾਂ ਸਾਰਾ ਮਾਮਲਾ ਖਤਮ ਹੋ ਜਾਵੇਗਾ।

ਸਾਡਾ ਜਾਤਪਾਤ ਖਤਮ ਕਰਨ ਦਾ ਤਰੀਕਾ ਪੱ-ਛੜਿਆਂ ਅੰਦਰ ਤਾਕਤ ਪੈਦਾ ਕਰਨਾ ਹੈ, ਜਿਸ ਨਾਲ ਉਹ ਖੁਦ ਆਪਣੀ ਹਾਲਤ ਸੁਧਾਰ ਲੈਣ। ਜਾਤਪਾਤ ਸਿਰਫ਼ ਉਪਰ ਵਾਲਿਆਂ ਦੀ ਸਦਭਾਵਨਾ ਨਾਲ ਹੀ ਖਤਮ ਨਹੀਂ ਹੋਣ ਲੱਗੀ ਜਿਵੇਂ ਕਿ ਸਵਾਮੀ ਦਇਆ ਨੰਦ ਦਾ ਪ੍ਰੋਗਰਾਮ ਸੀ। ਜਮਾਤੀ ਸੰਘਰਸ਼ ਵਾਲੀ ਗੱਲ ਹੀ ਲਓ। ਕਾਰਲ ਮਾਰਕਸ ਨੇ ਕਹਿ ਦਿੱਤਾ ਸੀ ਕਿ ਪੂੰਜੀਪਤੀ ਅਤੇ ਮਜ਼ਦੂਰ ਵਰਗ ਨੂੰ ਲੜਾ ਦਿਓ, ਇਸ ਲੜਾਈ ਵਿਚ ਪੂੰਜੀਪਤੀ ਖਤਮ ਹੋ ਜਾਵੇਗਾ। ਕਈ ਵਾਰ ਮਾਰਕਸ ਨੂੰ ਸਵਾਲ ਕੀਤਾ ਜਾਂਦਾ ਰਿਹਾ ਕਿ ਮਾਰਕਸ ਸਾਹਿਬ, ਤੁਸੀਂ ਮਜ਼ਦੂਰਾਂ ਅਤੇ ਅਮੀਰਾਂ ਨੂੰ ਲੜਾ ਰਹੇ ਹੋ। ਤੁਸੀਂ ਜਮਾਤੀ ਸੰਘਰਸ਼ ਪੈਦਾ ਕਰ ਰਹੇ ਹੋ। ਮਾਰਕਸ ਦਾ ਜਵਾਬ ਹੁੰਦਾ ਸੀ ਕਿ ਅਸੀਂ ਕਦੋਂ ਵਰਗ ਸੰਘਰਸ਼ ਪੈਦਾ ਕਰ ਰਹੇ ਹਾਂ। ਇਹ ਤਾਂ ਪਹਿਲਾਂ ਤੋਂ ਹੀ ਮੌਜੂਦ ਹੈ। ਅਸੀਂ ਤਾਂ ਸਿਰਫ਼ ਇਸਨੂੰ ਉਭਾਰ ਰਹੇ ਹਾਂ, ਜਿਸ ਨਾਲ ਇਹ ਖਤਮ ਹੋ ਜਾਵੇ। ਗੱਲ ਬਹੁਤ ਸਾਫ ਹੈ। ਪਰ ਜਾਤਪਾਤ ਦੇ ਮਾਮਲੇ ਵਿਚ ਇਸਨੂੰ ਚੰਗੀ ਤਰ੍ਹਾਂ ਕਿਉਂ ਨਹੀਂ ਸਮਝਿਆ ਜਾ ਰਿਹਾ। ਉੱਚੀਆਂ ਜਾਤਾਂ ਵੀ ਹਨ। ਉੱਚੀਆਂ ਜਾਤਾਂ ਦੇ ਸੰਸਕਾਰ ਹਨ ਪਰ ਇਹ ਕਿਸੇ ਖਿਆਲ ਵਿਚੋਂ ਪੈਦਾ ਨਹੀਂ ਹੋਏ। ਚਾਰ-ਪੰਜ ਹਜ਼ਾਰ ਸਾਲਾਂ ਤੋਂ ਵਪਾਰ ਦੀ ਯੋਗਤਾ ਬਾਣੀਏ ਵਿਚ ਘੁਸਦੀ ਘੁਸਦੀ ਇੰਨੀ ਜ਼ਿਆਦਾ ਘੁਸ ਗਈ ਹੈ ਕਿ ਬਾਣੀਆਂ ਦੇ ਇਕ ਛੋਟੇ ਜਿਹੇ ਸਮੂਹ ਨੇ ਸਾਰੇ ਵਪਾਰ ਨੂੰ ਹਥਿਆ ਲਿਆ ਹੋਇਆ ਹੈ। ਇਸੇ ਤਰ੍ਹਾਂ ਕਾਗ਼ਜ਼ ਲਿਖਣ ਅਤੇ ਸਿਧਾਂਤ ਘੜਨ ਦੀ ਯੋਗਤਾ ਸਿਮਟਦੀ ਸਿਮਟਦੀ ਬ੍ਰਾਹਮਣਾਂ ਤੇ ਕਾਇਸਥਾਂ ਤੱਕ ਸਿਮਟ ਗਈ ਹੈ। ਯੋਗਤਾ ਵਧੀ ਨਹੀਂ ਸਿਮਟੀ ਹੈ। ਬ੍ਰਾਹਮਣਾਂ ਅਤੇ ਕਾਇਸਥਾਂ ਵਿਚ ਵੀ ਵੱਧ ਲੋਕ ਮੂੜ ਹੀ ਹਨ ਜਿਵੇਂ ਕਿ ਪੱਛੜੇ ਵਰਗਾਂ ਵਿਚ ਥੋੜ੍ਹਾ ਜਿਹਾ ਫਰਕ ਇਹ ਹੈ ਕਿ ਉਹ ਜ਼ਿਆਦਾ ਆਤਮ ਸਨਮਾਨੀ ਹਨ। ਪੱਛੜੇ ਲੋਕ ਹੁਣ ਡਾਂਗ ਚੁੱਕਣ ਦੀ ਗੱਲ ਕਰ ਰਹੇ ਹਨ। ਇਨ੍ਹਾਂ ’ਚ ਵੀ ਆਤਮ ਸਨਮਾਨ ਵੱਧ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ ਲੋਕ ਡਾਂਗਾਂ ਨਾ ਫੜਨ। ਪਰ ਜਦੋਂ ਹੋਰ ਸਭ ਵਸੀਲੇ ਖਤਮ ਹੋ ਜਾਂਦੇ ਹਨ ਅਤੇ ਜਦੋਂ ਮੈਂ ਸੁਣਦਾ ਹਾਂ ਕਿ ਆਖਿਰ ਵਿਚ ਪੱਛੜੇ ਵਰਗ ਡਾਂਗ ਚੁੱਕ ਕੇ ਸਾਹਮਣਾ ਕਰ ਰਹੇ ਹਨ ਤਾਂ ਮੈਂ ਕਹਿੰਦਾ ਹਾਂ ਚਲੋ, ਭਾਵੇਂ ਇਹ ਦੁਰਭਾਗ ਵਾਲੀ ਗੱਲ ਹੈ ਪਰ ਉਹ ਸਾਹਮਣੇ ਤਾਂ ਆ ਰਹੇ ਹਨ।



ਇਹ ਤਾਂ ਜਾਤਪਾਤ ਦਾ ਮਾਮਲਾ ਹੈ। ਪਿਛਲੇ ਚਾਰ ਹਜ਼ਾਰ ਸਾਲਾਂ ਵਿਚ ਤਾਂ ਦਿਮਾਗਾਂ ਦਾ ਢਾਂਚਾ ਹੀ ਕੁਝ ਅਜੀਬ ਜਿਹਾ ਬਣ ਗਿਆ ਹੈ। ਬ੍ਰਾਹਮਣਾਂ ਅਤੇ ਕਾਇਸਥਾਂ ਵਿਚੋਂ ਵੀ ਸਾਰੇ ਬ੍ਰਾਹਮਣ ਅਤੇ ਕਾਇਸਥ ਨਹੀਂ ਚੁਣੇ ਜਾਂਦੇ। ਅੱਜ ਨਤੀਜਾ ਇਹ ਹੈ ਕਿ ਬ੍ਰਾਹਮਣਾਂ ਵਿਚੋਂ ਕੇਵਲ ਇਕ ਜਾਤ ਹੈ ਜਿਸਨੇ ਬਹੁਤ ਸਾਰੇ ਉੱਚੇ ਸਰਕਾਰੀ ਅਹੁਦੇ ਹਥਿਆਏ ਹੋਏ ਹਨ। ਖੈਰ ਉਹ ਕਸ਼ਮੀਰੀ ਤਾਂ ਹੈ ਹੀ। ਉਹਨਾਂ ਨੂੰ ਥੋੜ੍ਹਾ ਜਿਹਾ ਹੋਰ ਵਿਸਤਾਰਿਤ ਕਰੋ। ਕਿਉਂਕਿ ਇਹ ਜਾਤ ਬਹੁਤ ਫੈਲੀ ਹੋਈ ਹੈ। ਉਹਨਾਂ ਨੂੰ ਥੋੜ੍ਹਾ ਜਿਹਾ ਹੋਰ ਵਿਸਤਾਰਿਤ ਕਰੋ। ਕਿਉਂਕਿ ਇਹ ਜਾਤ ਬਹੁਤ ਫੈਲੀ ਹੋਈ ਹੈ। ਇਹ ਬੰਬਈ ਵਿਚ ਹੈ, ਮਹ-ਾਰਾਸ਼ਟਰ ਵਿਚ ਹੈ, ਗੋਆ ਵਿਚ ਹੈ, ਕਸ਼ਮੀਰ ਵਿਚ ਹੈ, ਬੰਗਾਲ ਵਿਚ ਹੈ। ਇਹ ਸਰਸਵਤੀ ਜਾਤ ਹੈ। ਯੋਗਤਾ ਸਰਸਵਤੀ ਜਾਤ ਵਿਚ ਸੁੰਗੜਦੀ ਜਾ ਰਹੀ ਹੈ। ਇਸੇ ਤਰ੍ਹਾਂ ਹੀ ਕਾਇਸਥਾਂ ਦੀ ਇਕ ਉਪ-ਜਾਤੀ ਵਿਚ ਯੋਗਤਾ ਸੁੰਗੜਦੀ ਜਾ ਰਹੀ ਹੈ। ਲੋਕ ਇਸ ਗੱਲ ਨੂੰ ਜਲਦੀ ਨਹੀਂ ਸਮਝਦੇ, ਕਿਉਂਕਿ ਜਦੋਂ ਅਸੀਂ ਇਸ ਸਵਾਲ ਨੂੰ ਉਠਾਉਂਦੇ ਹਾਂ ਤਾਂ ਉਹਨਾਂ ਨੂੰ ਬੁਰਾ ਲੱਗ ਜਾਂਦਾ ਹੈ ਕਿ ਉਹਨਾਂ ’ਤੇ ਹਮਲਾ ਹੋ ਰਿਹਾ ਹੈ। ਲੇਕਿਨ ਜੇ ਵਿਆਪਕ ਦ੍ਰਿਸ਼ਟੀ ਸਾਹਮਣੇ ਰੱਖੀ ਜਾਵੇ ਤਾਂ ਜਿਸ ਤਰ੍ਹਾਂ ਪਾਰਸੀ ਹਨ-ਸੁੰਘੜਦਿਆਂ ਸੁੰਘੜਦਿਆਂ ਮਸਲਾ ਏਨਾ ਸੁੰਘੜ ਗਿਆ ਹੈ ਕਿ ਹੁਣ ਜੋ 50 ਹਜ਼ਾਰ ਜਾਂ ਇਕ ਲੱਖ ਪਾਰਸੀ ਹਨ, ਧੰਨ ਦੌਲਤ ਤੇ ਵਿਦਿਆ ਉਹਨਾਂ ਵਿਚ ਸੁੰਘੜ ਕੇ ਰਹਿ ਗਈ ਹੈ, ਇਸੇ ਤਰ੍ਹਾਂ ਹੀ ਯੋਗਤਾ ਉੱਚ ਵਰਗ ਤੱਕ ਸੁੰਘੜ ਕੇ ਰਹਿ ਗਈ ਹੈ। ਇਹ ਯੋਗਤਾ ਉਹਨਾਂ ਦੇ ਦਿਮਾਗਾਂ ਵਿਚ ਆ ਗਈ ਹੈ। ਜੇ ਹੁਣ ਇਹਨਾਂ ਦੇ ਮੁਕਾਬਲੇ ਵਿਚ ਅਹੀਰ, ਕੁਮਹਾਰ, ਕੁਰਮੀ, ਤੇਲੀ, ਜੁਲਾਹਾ ਵਗੈਰਾ ਨੂੰ ਮੈਦਾਨ ਵਿਚ ਲਿਆਓਗੇ ਤਾਂ ਉਹ ਕਿੱਥੇ ਮੁਕਾਬਲਾ ਕਰ ਸਕਣਗੇ? ਇਸ ਲਈ ਜਬਰਦਸਤੀ ਕਰਨੀ ਪਵੇਗੀ।

ਮੈਂ ਜੋ ਜਾਤ ਸੰਘਰਸ਼ ਵਾਲੀ ਗੱਲ ਕਹੀ ਹੈ, ਉਸ ਬਾਰੇ ਮੈਂ ਇਹ ਜ਼ਰੂਰ ਚਾਹੁੰਦਾ ਹਾਂ ਕਿ ਉਸ ਵਿਚ ਹਿੰਸਾ ਨਾ ਵਧੇ। ਇਸਦਾ ਮਤਲਬ ਇਹ ਹੀ ਹੁੰਦਾ ਹੈ ਕਿ ਜਦੋਂ ਦੱਬੇ ਹੋਏ ਲੋਕਾਂ ਨੂੰ ਉਠਾਓਗੇ ਤਾਂ ਕੁਝ ਨਾ ਕੁਝ ਝਗੜਾ ਤਾਂ ਹੋਵੇਗਾ ਹੀ। ਇਹ ਤਾਂ ਕੁਦਰਤੀ ਗੱਲ ਹੀ ਹੈ। ਲੋਕ ਇਹ ਵੀ ਕਹਿਣਗੇ ਕਿ ਤੁਸੀਂ ਜਾਤਾਂ ਵਿਚਕਾਰ ਝਗੜੇ ਕਰਵਾ ਰਹੇ ਹੋ। ਅਸੀਂ ਜਵਾਬ ਦੇ ਸਕਦੇ ਹਾਂ ਕਿ ਝਗੜਾ ਤਾਂ ਪਹਿਲਾਂ ਤੋਂ ਹੀ ਚੱਲ ਰਿਹਾ ਹੈ ਪਰ ਲੁਕਿਆ ਹੋਇਆ ਹੈ। 90 ਫੀਸਦੀ ਲੋਕਾਂ ਨੂੰ ਵਿੱਦਿਆ ਅਤੇ ਬੁੱਧੀ ਦੇ ਮਾਮਲੇ ਵਿਚ ਦਬਾਅ ਕੇ ਰੱਖਿਆ ਗਿਆ ਹੈ। ਅਸੀਂ ਉਹਨਾਂ ਨੂੰ ਉੱਚਾ ਉਠਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਸਵਾਲ ਇਹ ਨਹੀਂ ਹੈ ਕਿ ਜਾਤਾਂ ਵਿਚਕਾਰ ਝਗੜਾ ਅਸੀਂ ਕਰਵਾ ਰਹੇ ਹਾਂ। ਜਾਤਾਂ ਵਿਚਕਾਰ ਝਗੜਾ ਹੇਠਾਂ ਸਮਾਜ ਦੀ ਅੰਦਰਲੀ ਤਹਿ ਵਿਚ ਚੱਲ ਰਿਹਾ ਹੈ। ਅਸੀਂ ਉਸਨੂੰ ਉਪਰ ਲਿਆ ਕੇ ਖਤਮ ਕਰਨਾ ਚਾਹੁੰਦੇ ਹਾਂ। ਇਹ ਹੈ ਬੁਨਿਆਦੀ ਗੱਲ।

ਮੈਂ ਇਸ ਗੱਲ ਨੂੰ ਜਾਣਦਾ ਹਾਂ ਕਿ ਜੋ ਚੀਜ਼ ਮੈਂ ਕਰ ਰਿਹਾ ਹਾਂ, ਇਹ ਅੱਗ ਨਾਲ ਖੇਡਣਾ ਹੈ। ਵਧਦੀ ਵਧਦੀ ਗੱਲ ਕਿੱਥੋਂ ਤੱਕ ਅੱਪੜ ਸਕਦੀ ਹੈ, ਇਹ ਮੇਰੇ ਅਧਿਆਪਕ ਨੇ ਮੈਨੂੰ ਸਮਝਾਈ ਸੀ। ਦੋ ਚਾਰ ਘੰਟੇ ਗੱਲਬਾਤ ਕਰਨ ਦੇ ਬਾਅਦ ਉਸਨੇ ਕਿਹਾ ਸੀ ਕਿ ਤੈਨੂੰ ਪਤਾ ਨਹੀਂ, ਤੂੰ ਕੀ ਕਰ ਰਿਹਾ ਹੈਂ। ਹਿੰਦੁਸਤਾਨ ਦੀ ਪਲਟਨ ਦੀ 90 ਫੀਸਦੀ ਅਗਵਾਈ ਉਚ-ਜਾਤੀ ਵਾਲਿਆਂ ਦੇ ਹੱਥ ਵਿਚ ਹੈ। 90 ਫੀਸਦੀ ਸਰਕਾਰੀ ਅਫਸਰ ਉੱਚ ਜਾਤੀ ਵਾਲੇ ਹਨ। ਸਿਆਸੀ ਆਗੂ ਉੱਚ ਜਾਤੀਆਂ ਦੇ ਹਨ। 90 ਫੀਸਦੀ ਵਪਾਰ ਉੱਚ ਜਾਤੀਆਂ ਦੇ ਹੱਥ ਵਿਚ ਹੈ। ਤੂੰ ਨੀਵੀਂ ਜਾਤ ਵਾਲਿਆਂ ਦੇ ਮਨ ਅੰਦਰ ਤਬਦੀਲੀ ਦੀ ਭਾਵਨਾ ਲਿਆ ਕੇ, ਉਥਲ-ਪੁਥਲ ਦੀ ਭਾਵਨਾ ਲਿਆ ਕੇ ਉਹਨਾਂ ਨੂੰ ਉਪਰ ਚੁੱਕਣਾ ਚਾਹੁੰਦਾ ਹੈਂ। ਤੂੰ ਚਾਹੁੰਦਾ ਹੈਂ ਕਿ ਲੋਕ ਆਪਣੀ ਤਾਕਤ ਨਾਲ ਉਪਰ ਉੱਠਣ। ਇਸਦਾ ਸਿੱਟਾ ਕੀ ਨਿਕਲੇਗਾ? ਉਹ ਸਫਲ ਤਾਂ ਹੋਣ ਨਹੀਂ ਲੱਗੇ। ਉੱਚ ਜਾਤੀ ਵਾਲਿਆਂ ਦੇ ਹੱਥ ਬਹੁਤ ਜ਼ਬਰਦਸਤ ਤਾਕਤ ਹੈ। ਜਦੋਂ ਲੜਾਈ ਹੋਵੇਗੀ ਤਾਂ ਕੀ ਇਹ ਤੇਰੀ ਅਹਿੰਸਾ ਨੂੰ ਮੰਨਣਗੇ? ਆਖਰੀ ਮੌਕੇ ’ਤੇ ਉਹ ਹਥਿਆਰ ਵਰਤਣਗੇ। ਫਿਰ ਐਸਾ ਆਪਸੀ ਗ੍ਰਹਿ ਯੁੱਧ ਹੋਵੇਗਾ, ਜਿਸਦੀ ਹਿੰਦੁਸਤਾਨ ਨੇ ਅਜੇ ਤੱਕ ਕੋਈ ਮਿਸਾਲ ਨਹੀਂ ਦੇਖੀ। ਇਹ ਤਾਂ ਮਹਾਂਭਾਰਤ ਤੋਂ ਵੀ ਵੱਡਾ ਯੁੱਧ ਹੋਵੇਗਾ। ਮੇਰੇ ਅਧਿਆਪਕ ਨੇ ਕਿਹਾ ਕਿ ਤੂੰ ਇਸ ਕੰਮ ਵਿਚ ਬਿਲਕੁਲ ਫੇਲ੍ਹ ਹੋ ਜਾਵੇਂਗਾ। ਕਿਹੜਾ ਪੱਛੜਿਆ ਹੋਇਆ ਤੇਰੀ ਗੱਲ ਸੁਣੇਗਾ? ਪੱਛੜਿਆ ਹੋਇਆਂ ਵਿਚ ਕੋਈ ਦਮ ਨਹੀਂ ਹੈ, ਕੋਈ ਤਾਕਤ ਨਹੀਂ ਹੈ। ਉਹਨਾਂ ਨੂੰ ਇੰਨਾ ਦਬਾਅ ਦਿੱਤਾ ਗਿਆ ਹੈ ਕਿ ਉਹਨਾਂ ਵਿਚ ਇਨਕਲਾਬ ਦੀ ਕੋਈ ਸੰਭਾਵਨਾ ਰਹਿ ਹੀ ਨਹੀਂ ਗਈ। ਇਸ ਗੱਲ ਨੂੰ ਕਿਸੇ ਹੱਦ ਤੱਕ ਮੈਂ ਵੀ ਠੀਕ ਮੰਨਦਾ ਹਾਂ। ਉਹਨਾਂ ਨੇ ਕਿਹਾ ਜੇ ਤੂੰ ਫੇਲ੍ਹ ਨਾ ਹੋਇਆ, ਅਛੂਤਾਂ ਵਿਚ ਇਨਕਲਾਬ ਦੀ ਭਾਵਨਾ ਆ ਗਈ ਅਤੇ ਉਹ ਉੱਠ ਖੜ੍ਹੇ ਹੋਏ ਤਾਂ ਉੱਚ ਜਾਤੀ ਵਾਲੇ ਤਾਂ ਫਿਰ ਵੀ ਆਪਣੀ ਜਗ੍ਹਾ ਛੱਡਣ ਨਹੀਂ ਲੱਗੇ। ਫਿਰ ਜਦੋਂ ਆਪਸ ਵਿਚ ਮਾਰ ਕਾਟ ਸ਼ੁਰੂ ਹੋਵੇਗੀ ਤਾਂ ਉਸ ਸਮੇਂ ਤੈਨੂੰ ਕੋਈ ਨਹੀਂ ਸੁਣੇਗਾ। ਮੈਂ ਆਪਣੇ ਪ੍ਰੋਫੈਸਰ ਨੂੰ ਇਹ ਹੀ ਕਿਹਾ ਕਿ ਹਿੰਦੁਸਤਾਨ ਏਨਾ ਗਲ ਸੜ ਚੁੱਕਾ ਹੈ ਕਿ ਜੇਕਰ ਉਹ ਇਕ ਵਾਰ ਸਾਡੇ ਵਰਗੇ ਆਦਮੀਆਂ ਨੂੰ ਨਹੀਂ ਸੁਣਦਾ ਤਾਂ ਕੋਈ ਹਰਜ ਨਹੀਂ। ਇਹ ਬਹੁਤ ਮੁਮਕਿਨ ਹੈ। ਮੇਰਾ ਤਾਂ ਜਵਾਬ ਇਹ ਸੀ ਕਿ ਹੋਣ ਦਿਓ ਮਾਰਕਾਟ, ਮਰਨ ਦਿਓ। ਇਹ ਚਾਰ ਹਜ਼ਾਰ ਸਾਲਾਂ ਦਾ ਕੋਹੜ ਕਿਸੇ ਤਰ੍ਹਾਂ ਤਾਂ ਧੋਣਾ ਹੀ ਹੈ। ਜੇਕਰ ਧੋਣ ਵਿਚ ਕੋਈ ਜੰਗ ਹੋ ਜਾਂਦੀ ਹੈ ਤਾਂ ਅਸੀਂ ਕੀ ਕਰੀਏ? ਅਸੀਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਾਂਗੇ। ਹਿੰਸਾ ਨਾ ਹੋਵੇ, ਮਾਰ ਕਾਟ ਨਾ ਹੋਵੇ।

ਅਸਰਾਰ ਕੇ ਝੁਕੇ ਹੂਏ ਬਰਛੋ ਕੇ ਸਾਮਨੇ।
ਸੀਨੋ ਕੋ ਤਾਨ ਤਾਨ ਜਾਤੇ ਰਹੇਂਗੇ ਹਮ।
ਰੋਜ ਏਕ ਹਾਰ ਗਰਦਨੇ ਆਲਮ ਮੇ ਡਾਲ ਕਰ।
ਕਬਰੋ ਪਰ ਅਪਨੀ ਫੂਲ ਚੜ੍ਹਾਤੇ ਰਹੇਂਗੇ ਹਮ।
ਜਬ ਤਕ ਕਿ ਮਿਟ ਨਾ ਜਾਏ ਸ਼ਾਹਮਦਾਨਾ ਫਰਕ
ਰੋਜ ਆਸਮਾਨ ਸਿਰ ਪਰ ਉਠਾਤੇ ਰਹੇਂਗੇ ਹਮ।

– ਜੋਸ਼ ਮਲੀਹਾਬਾਦੀ

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਸੈਨੇਟ ਨੇ ਵੀ ਰਾਸ਼ਟਰਪਤੀ ਟਰੰਪ ਦੀ ਰੱਖਿਆ ਬਜ਼ਟ ਉਪਰ ਵੀਟੋ ਨੂੰ ਕੀਤਾ ਰੱਦ

**ਕੈਲੀਫੋਰਨੀਆ 2 ਜਨਵਰੀ–** ਪ੍ਰਤੀਨਿੱਧ ਸਦਨ ਤੋਂ ਬਾਅਦ ਲੰਘੇ ਦਿਨ ਸੈਨੇਟ ਨੇ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 'ਨੈਸ਼ਨਲ ਡਿਫੈਂਸ ਆਥੋਰਾਈਜੇਸ਼ਨ ਐਕਟ' ਉਪਰ ਕੀਤੀ ਵੀਟੋ ਨੂੰ ਰੱਦ ਕਰ ਦਿੱਤਾ ਹੈ। ਰਾਸ਼ਟਰ-ਪਤੀ ਨੂੰ ਆਪਣੇ ਕਾਰਜਕਾਲ ਦੌਰਾਨ ਇਹ ਪਹਿਲਾ ਤੇ ਆਖਰੀ ਸਭ ਤੋਂ ਵੱਡਾ ਝਟਕਾ ਲੱਗਾ ਹੈ।

ਇਸ ਨਾਲ ਉਸ ਦਾ ਆਪਣੀ ਰਿਪਬਲੀਕਨ ਪਾਰਟੀ ਵਿਚ ਅਕਸ ਖਰਾਬ ਹੋਇਆ ਹੈ। ਸੈਨੇਟ ਤੋਂ ਪਹਿਲਾਂ ਪ੍ਰਤੀਨਿੱਧ ਸਦਨ 322-87 ਵੋਟਾਂ ਦੇ ਫਰਕ ਨਾਲ ਰਾਸ਼ਟਰਪਤੀ ਦੀ ਵੀਟੋ ਨੂੰ ਰੱਦ ਕਰ ਚੁੱਕਾ ਹੈ। ਸੈਨੇਟ ਵਿਚ ਵੀਟੋ ਰੱਦ ਕਰਨ ਦੇ ਹੱਕ ਵਿਚ 81 ਤੇ ਵਿਰੋਧ ਵਿਚ 13 ਵੋਟਾਂ ਪਈਆਂ। ਹੁਣ ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਿਨਾਂ ਹੀ 'ਨੈਸ਼ਨਲ ਡਿਫੈਂਸ ਆਥੋਰਾਈਜੇਸ਼ਨ ਐਕਟ' ਹੋਂਦ ਵਿਚ ਆ ਜਾਵੇਗਾ। ਇਸ ਹਫਤੇ ਦੇ ਸ਼ੁਰੂ ਵਿਚ ਸੈਨੇਟ ਦੇ ਬਹੁਗਿਣਤੀ ਆਗੂ ਮਿਚ ਮੈਕੋਨਲ ਨੇ ਆਪਣੇ ਸਾਥੀ ਰਿਪਬਲੀਕਨਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਟਰੰਪ ਦੀ ਵੀਟੋ ਨੂੰ ਰੱਦ ਕਰਨ ਦੇ ਹੱਕ ਵਿਚ ਵੋਟ ਪਾਉਣ।

ਸਦਨ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ "ਬਹਾਦਰ ਅਮਰੀਕੀ ਹਥਿਆਰਬੰਦ ਫੋਰਸਾਂ ਦੇ ਮੱਦੇਨਜਰ ਸਾਡੀ ਅਸਫਲਤਾ ਕੋਈ ਹੱਲ ਨਹੀਂ ਹੈ। ਇਸ ਲਈ ਜਦੋਂ ਕਾਂਗਰਸ ਵਿਚ ਸਾਡੀ ਭੂਮਿਕਾ ਦੀ ਗੱਲ ਆਉਂਦੀ ਹੈ ਤਾਂ ਅਸੀਂ ਫੋਰਸਾਂ ਦੀ ਪਿੱਠ ਪਿਛੇ ਖੜੇ ਹੋਵਾਂਗੇ। ਮੈ ਆਪਣੇ ਸਾਥੀਆਂ ਨੂੰ ਇਸ ਕਾਨੂੰਨ ਦਾ ਸਮਰਥਨ ਕਰਨ ਲਈ ਕਹਿੰਦਾ ਹਾਂ।" ਨੈਸ਼ਨਲ ਡਿਫੈਂਸ ਆਥੋਰਾਈਜੇਸ਼ਨ ਐਕਟ 741 ਅਰਬ ਡਾਲਰ ਦਾ ਕੌਮੀ ਸੁਰੱਖਿਆ ਬਜਟ ਹੈ ਜਿਸ ਤਹਿਤ ਜਵਾਨਾਂ ਨੂੰ ਤਨਖਾਹ ਦਿੱਤੀ ਜਾਵੇਗੀ, ਫੌਜ ਲਈ ਹੱਥਿਆਰ ਖਰੀਦੇ ਜਾਣਗੇ ਤੇ ਫੌਜ ਸਬੰਧੀਆਂ ਨੀਤੀਆਂ ਤੈਅ ਹੋਣਗੀਆਂ। ਰਿਪਬਲੀਕਨ ਮੈਂਬਰਾਂ ਨੇ ਵੀ ਰਾਸ਼ਟਰਪਤੀ ਦੀ ਵੀਟੋ ਦੇ ਵਿਰੁੱਧ ਵੋਟ ਪਾ ਕੇ ਸਪਸ਼ਟ ਸੰਕੇਤ ਦਿੱਤਾ ਹੈ ਕਿ ਉਹ ਟਰੰਪ ਦੇ ਪ੍ਰਭਾਵ ਹੇਠ ਨਹੀਂ ਹਨ।

--------

# ਛੋਟਾ ਜਹਾਜ਼ ਇਕ ਘਰ ਉਪਰ ਡਿੱਗਕੇ ਹੋਇਆ ਤਬਾਹ- ਪਾਇਲਟ ਸਣੇ 3 ਮੌਤਾਂ

**ਕੈਲੀਫੋਰਨੀਆ 3 ਜਨਵਰੀ–** ਓਕਲੈਂਡ ਕਾਊਂਟੀ ਦੇ ਮਿਸ਼ੀਗਨ ਵਿਚ ਡੈਟਰਾਇਟ ਦੇ ਬਾਹਰਵਾਰ ਇਕ ਘਰ ਉਪਰ ਛੋਟਾ ਜਹਾਜ਼ ਡਿੱਗ ਕੇ ਤਬਾਹ ਹੋ ਗਿਆ। ਓਕਲੈਂਡ ਕਾਊਂਟੀ ਦੇ ਸ਼ੈਰਿਫ ਦੇ ਦਫਤਰ ਅਨੁਸਾਰ ਸਮਝਿਆ ਜਾਂਦਾ ਹੈ ਕਿ ਪਾਇਲਟ ਸਮੇਤ ਇਸ ਵਿਚ ਸਵਾਰ ਦੋ ਹੋਰ ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਹ ਹਾਦਸਾ ਡੈਟਰਾਇਟ ਦੇ ਪੱਛਮ ਵਿਚ ਤਕਰੀਬਨ 40 ਕਿਲੋਮੀਟਰ ਦੂਰ ਲਾਇਨ ਟਾਊਨਸ਼ਿੱਪ ਵਿਚ ਵਾਪਰਿਆ। ਘਰ ਉਪਰ ਡਿੱਗਦਿਆਂ ਸਾਰ ਹੀ ਜਹਾਜ਼ ਨੂੰ ਅੱਗ ਲੱਗ ਗਈ ਤੇ ਘਰ ਵੀ ਅੱਗ ਦੀ ਲਪੇਟ ਵਿਚ ਆ ਗਿਆ। ਘਰ ਵਿਚ ਮੌਜੂਦ ਪਰਿਵਾਰ ਦੇ 5 ਮੈਂਬਰ ਕਿਸੇ ਤਰਾਂ ਭੱਜ ਕੇ ਬਾਹਰ ਆ ਗਏ। ਉਹ ਸਾਰੇ ਸੁਰੱਖਿਅਤ ਦੱਸੇ ਜਾਂਦੇ ਹਨ। ਘਰ ਬੁਰੀ ਤਰਾਂ ਸੜਕੇ



ਸਵਾਹ ਹੋ ਗਿਆ। ਪਰਿਵਾਰ ਦੇ ਇਕ ਮੈਂਬਰ ਨੇ ਦਸਿਆ ਕਿ ਹਾਦਸੇ ਸਮੇਂ ਪਰਿਵਾਰ ਕਮਰੇ ਵਿਚ ਸੀ ਤੇ ਇਸ ਗੱਲ ਉਪਰ ਬਹਿਸ ਹੋ ਰਹੀ ਸੀ ਕਿ ਕਿਹੜੀ ਫਿਲਮ ਦੇਖੀ ਜਾਵੇ। ਇਸੇ ਦੌਰਾਨ ਜੋਰਦਾਰ ਆਵਾਜ਼ ਆਈ ਤੇ ਉਹ ਭਜਕੇ ਬਾਹਰ ਆ ਗਏ। ਪਰਿਵਾਰ ਵਿਚ ਮਾਂ ਤੇ ਪਿਤਾ ਤੋਂ ਬਿਨਾਂ ਤਿੰਨ ਬੱਚੇ ਹਨ। ਜਹਾਜ਼ ਡਿੱਗਣ ਤੋਂ ਬਾਅਦ ਆਸੇ ਪਾਸ ਰਹਿੰਦੇ ਲੋਕਾਂ ਵਿਚ ਵੀ ਡਰ ਤੇ ਸਹਿਮ ਪੈਦਾ ਹੋ ਗਿਆ ਤੇ ਉਹ ਵੀ ਹਫੜਾਦਫੜੀ ਵਿਚ ਘਰਾਂ ਤੋਂ ਬਾਹਰ ਆ ਗਏ। ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ ਇਥੋਂ ਹਵਾਈ ਅੱਡਾ ਅੱਧਾ ਕਿਲੋਮੀਟਰ ਦੂਰ ਹੈ। ਇਸ ਲਈ ਇਸ ਖੇਤਰ ਵਿਚ ਹਰ ਵੇਲੇ ਜਹਾਜ਼ ਉਡਦੇ ਰਹਿੰਦੇ ਹਨ ਜਿਸ ਕਾਰਨ ਹਾਦਸਿਆਂ ਦਾ ਖਤਰਾ ਵੀ ਹਮੇਸ਼ਾਂ ਬਣਿਆ ਰਹਿੰਦਾ ਹੈ।

# ਐਸ਼ ਕਾਲਰਾ ਬਣ ਸਕਦੇ ਹਨ ਕੈਲੀਫੋਰਨੀਆ ਦੇ ਅਟਾਰਨੀ ਜਨਰਲ

**ਕੈਲੀਫੋਰਨੀਆ 2 ਜਨਵਰੀ–** ਭਾਰਤੀ ਮੂਲ ਦੇ ਅਮਰੀਕਨ ਐਸ਼ ਕਾਲਰਾ ਜੋ ਇਸ ਸਮੇਂ ਕੈਲੀਫੋਰਨੀਆ ਵਿਧਾਨ ਸਭਾ ਦੇ ਮੈਂਬਰ ਹਨ, ਅਟਾਰਨੀ ਜਨਰਲ ਬਣ ਸਕਦੇ ਹਨ। ਸੈਨਹੋਜੇ ਸ਼ਹਿਰ ਦੀ ਕੌਂਸਲ ਦੇ ਸਾਬਕਾ ਮੈਂਬਰ ਐਸ਼ ਕਾਲਰਾ ਭਾਰਤੀਆਂ ਤੇ ਖਾਸ ਕਰਕੇ ਪੰਜਾਬੀਆਂ ਵਿਚ ਬਹੁਤ ਮਕਬੂਲ ਹਨ। ਪ੍ਰਾਪਤ ਰਿਪੋਰਟਾਂ ਅਨੁਸਾਰ ਰਾਸ਼ਟਰਪਤੀ ਚੁਣ ਗਏ ਜੋਅ ਬਾਇਡੇਨ ਨੇ ਮੌਜੂਦਾ ਅਟਾਰਨੀ ਜਨਰਲ ਸਾਵੀਅਰ ਬਸੇਰਾ ਦੀ ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਸਕੱਤਰ ਵਜੋਂ ਚੋਣ ਕੀਤੀ ਹੈ। ਇਸ ਉਪਰੰਤ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦਾ ਅਹੁੱਦਾ ਖਾਲੀ ਹੋ ਗਿਆ ਹੈ। ਇਸ ਅਹੁੱਦੇ ਉਪਰ ਐਸ਼ ਕਾਲਰਾ ਦੇ ਨਿਯੁਕਤ ਹੋਣ ਦੀ ਸੰਭਾਵਨਾ ਹੈ। ਜੇਕਰ ਬਸੇਰਾ ਦੀ ਸਕੱਤਰ ਵਜੋਂ ਚੋਣ ਦੀ ਪੁਸ਼ਟੀ ਹੋ ਜਾਂਦੀ ਹੈ ਜਿਸ ਦੀ ਕਿ ਪੂਰੀ ਸੰਭਾਵਨ ਹੈ ਤਾਂ ਗਵਰਨਰ ਗਾਵਿਨ ਨਿਊਸੋਮ ਦੁਆਰਾ ਰਾਜ ਦੇ ਨਵੇਂ ਅਟਾਰਨੀ ਜਨਰਲ ਦੀ ਨਿਯੁਕਤੀ ਕੀਤੀ ਜਾਵੇਗੀ। ਕਾਲਰਾ ਦਾ ਕਹਿਣਾ ਹੈ ਕਿ ਉਹ ਅਟਾਰਨੀ ਜਨਰਲ ਬਣ ਸਕਦੇ ਹਨ। ਡੈਮੋਕਰੈਟਿਕ ਆਗੂ ਕਾਲਰਾ ਵਿਧਾਨ ਸਭਾ ਵਿਚ ਡਿਸਟ੍ਰਿਕਟ 27 ਤੋਂ ਪ੍ਰਤੀਨਿੱਧਤਾ ਕਰਦੇ ਹਨ।



# ਤੇਜੀ ਨਾਲ ਫੈਲ ਰਹੇ ਨਵੇਂ ਵਾਇਰਸ ਕੋਵਿਡ-19 ਸਟਰੇਨ ਨੇ ਵਧਾਈ ਚਿੰਤਾ

**ਕੈਲੀਫੋਰਨੀਆ (ਬਿਊਰੋ)–** ਕੋਵਿਡ -19 ਦਾ ਨਵਾਂ ਰੂਪ ਜੋ ਸਭ ਤੋਂ ਪਹਿਲਾਂ ਯੂ. ਕੇ ਵਿਚ ਪਾਇਆ ਗਿਆ ਸੀ, ਤੇਜੀ ਨਾਲ ਫੈਲ ਰਿਹਾ ਹੈ ਜਿਸ ਕਾਰਨ ਅਮਰੀਕਾ ਦੀ ਸਿਹਤ ਪ੍ਰਣਾਲੀ ਜੋ ਪਹਿਲਾਂ ਹੀ ਕੋਵਿਡ-19 ਦੇ ਮਰੀਜ਼ਾਂ ਨੂੰ ਸਾਂਭਣ ਦੇ ਮਾਮਲੇ ਵਿਚ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ, ਉਪਰ ਹੋਰ ਦਬਾਅ ਪੈਣ ਦੀ ਸੰਭਾਵਨਾ ਹੈ। ਬੀ.1.1.7 ਦੇ ਨਾਂ ਨਾਲ ਜਾਣੇ ਜਾਂਦੇ ਇਸ ਵਾਇਰਸ ਨੇ ਘੱਟੋ ਘੱਟ 3 ਅਮਰੀਕੀ ਰਾਜਾਂ ਤੇ ਵਿਸ਼ਵ ਦੇ 33 ਦੇਸ਼ਾਂ ਵਿਚ ਦਸਤਕ ਦੇ ਦਿੱਤੀ ਹੈ। ਇਹ ਵਾਇਰਸ ਜੋ ਸਭ ਤੋਂ ਪਹਿਲਾਂ ਦੱਖਣੀ ਅਫਰੀਕਾ ਵਿਚ ਪਾਇਆ ਗਿਆ ਸੀ, ਸਮਝਿਆ ਜਾਂਦਾ ਹੈ ਕਿ ਬਹੁਤ ਅਸਾਨੀ ਨਾਲ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਸਕਦਾ ਹੈ। 'ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ੈਨ ਕੋਵਿਡ-19 ' ਦੇ ਕੇਂਦਰ ਦੇ ਮੈਨੇਜਰ ਡਾ ਹੈਨਰੀ ਵਾਲਕ ਅਨੁਸਾਰ ਕਿਉਂਕਿ ਇਹ ਵਾਇਰਸ ਬਹੁਤ ਤੇਜੀ ਨਾਲ ਫੈਲਦਾ ਹੈ ਇਸ ਲਈ ਮਾਮਲੇ ਹੋਰ ਵਧ ਸਕਦੇ ਹਨ ਜਿਸ ਕਾਰਨ ਪਹਿਲਾਂ ਹੀ ਦਬਾਅ ਹੇਠ ਆਈ ਅਮਰੀਕੀ ਸਿਹਤ ਪ੍ਰਣਾਲੀ ਲਈ ਨਵੀਆਂ ਮੁਸ਼ਕਿਲਾਂ ਖੜੀਆਂ ਹੋਣਗੀਆਂ।" ਉਨ੍ਹਾਂ ਕਿਹਾ ਕਿ ਸਾਨੂੰ ਕੋਵਿਡ-19 ਤੇ ਵਾਇਰਸ ਦੇ ਇਸ ਨਵੇਂ ਰੂਪ ਤੋਂ ਬਚਾਅ ਲਈ ਹੋਰ ਸਾਵਧਾਨੀ ਵਰਤਣੀ ਪਵੇਗੀ। ਸੈਂਟਰ ਫਾਰ ਡਸੀਜ਼ ਕੰਟਰੋਲ ਅਨੁਸਾਰ ਵਾਇਰਸ ਦਾ ਇਹ ਨਵਾਂ ਰੂਪ 'ਸਟਰੇਨ' ਸਤੰਬਰ ਵਿਚ ਦੱਖਣ ਪੂਰਬ ਇੰਗਲੈਂਡ ਵਿਚ ਪਾਇਆ ਗਿਆ ਸੀ। ਲੰਡਨ ਵਿਚ ਨਵੰਬਰ ਤੱਕ ਇਸ ਦੇ 4 ਮਾਮਲੇ ਸਾਹਮਣੇ ਆਏ ਸਨ। ਬਾਅਦ ਵਿਚ ਇਹ ਤੇਜੀ ਨਾਲ ਫੈਲਿਆ ਤੇ 9 ਦਸੰਬਰ ਤੱਕ ਇਸ ਵਾਇਰਸ ਦੇ ਮਾਮਲੇ ਵਧ ਕੇ 60% ਹੋ ਗਏ ਸਨ।


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-13/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਰਾਸ਼ਟਰਪਤੀ ਟਰੰਪ ਦਾ ਕੱਟੜ ਸਮਰਥਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਵਿਚ ਗ੍ਰਿਫਤਾਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** 'ਪ੍ਰਾਊਡ ਬਵ-ਾਇਜ਼' ਨਾਮੀ ਸੰਸਥਾ ਦਾ ਚੇਅਰਮੈਨ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕੱਟੜ ਸਮਰਥਕ ਐਨਰੀਕ ਤਾਰੀਓ ਨੂੰ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਵਿਚ ਵਾਸ਼ਿੰਗਟਨ, ਡੀ ਸੀ ਵਿਚ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਨਵੰਬਰ ਚੋਣਾਂ ਵਿਚ ਰਾਸ਼ਟਰਪਤੀ ਦੀ ਹਾਰ ਦੇ ਵਿਰੁੱਧ ਰਾਜਧਾਨੀ ਵਿਚ ਹੋਣ ਵਾਲੀ ਰੈਲੀ 'ਚ ਸ਼ਾਮਿਲ ਹੋਣ ਆਏ ਤਾਰੀਓ ਨੂੰ ਪੁਲਿਸ ਨੇ ਵਾਸ਼ਿੰਗਟਨ ਪਹੁੰਚਣ ਦੇ ਕੁਝ ਸਮੇ ਬਾਅਦ ਹਿਰਾਸਤ ਵਿਚ ਲੈ ਲਿਆ । ਇਕ ਬਿਆਨ ਵਿਚ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਕਿਹਾ ਹੈ ਕਿ 36 ਸਾਲਾ ਤਾਰੀਓ ਨੂੰ ਪਿਛਲੇ ਮਹੀਨੇ ਟਰੰਪ ਦੇ ਹੱਕ ਵਿਚ ਹੋਈ ਰੈਲੀ ਤੋਂ ਬਾਅਦ 'ਬਲੈਕ ਲਿਵਜ਼ ਮੈਟਰ' ਦੇ ਬੈਨਰ ਤੇ ਹੋਰ ਜਾਇਦਾਦਾਂ ਨੂੰ ਅੱਗ ਲਾਉਣ ਦੀ ਵਾਪਰੀ ਘਟਨਾ ਦੇ ਸਬੰਧ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਉਸ ਕੋਲੋਂ ਉੱਚ ਸਮਰਥਾ ਵਾਲੇ ਅਗਨ ਸ਼ੱਸ਼ਤਰ ਮੈਗਜੀਨ ਵੀ ਬਰਾਮਦ ਹੋਏ ਹਨ। ਤਾਰੀਓ ਜਿਸ ਦਾ ਕਾਨੂੰਨੀ ਨਾਂ ਹੈਨਰੀ ਹੈ, ਵਿਰੁੱਧ ਮਨੁੱਖੀ ਹੱਕਾਂ ਬਾਰੇ ਵਕੀਲਾਂ ਦੀ ਕਮੇਟੀ ਨੇ ਬੈਨਰ ਸਾੜਣ ਦੇ ਮਾਮਲੇ ਵਿਚ ਪਟੀਸ਼ਨ ਵੀ ਦਾਇਰ ਕੀਤੀ ਹੈ।

ਇਹ ਪਟੀਸ਼ਨ ਵਾਸ਼ਿੰਗਟਨ, ਡੀ ਸੀ ਦੀ



ਸੁਪਰੀਅਰ ਕੋਰਟ ਵਿਚ ਦਾਇਰ ਕੀਤੀ ਗਈ ਹੈ। ਇਸ ਪਟੀਸ਼ਨ ਵਿਚ ਕਿਹਾ ਗਿਆ ਹੈ ਕ 'ਪ੍ਰਾਊਡ ਬਵਾਇਜ਼' ਵੱਲੋਂ ਦਸੰਬਰ ਵਿਚ ਟਰੰਪ ਦੀ ਰੈਲੀ ਤੋਂ ਪਹਿਲਾਂ ਸੋਸ਼ਲ ਮੀਡੀਆ ਉਪਰ ਧਮਕੀਆਂ ਦਿੱਤੀਆਂ ਗਈਆਂ ਤੇ ਹਿੰਸਾ ਲਈ ਲੋਕਾਂ ਨੂੰ ਉਕਸਾਇਆ ਗਿਆ ਜਿਸ ਤੋਂ ਬਾਅਦ ਸਮੁੱਚੇ ਡਾਊਨ ਟਾਊਨ ਡੀ ਸੀ ਵਿਚ ਹਿੰਸਾ ਭੜਕੀ।

ਤਾਰੀਓ ਮਿਆਮੀ ਵਿਚ ਰਹਿੰਦਾ ਹੈ ਤੇ ਉਹ ਟਰੰਪ ਨਾਲ ਸਬੰਧਤ ਸਟਾਫ ਆਫ ਲਾਤੀਨੋ ਦੇ ਮੁੱਖੀ ਵਜੋਂ ਵੀ ਸੇਵਾਵਾਂ ਨਿਭਾਅ ਰਿਹਾ ਹੈ।

## 'ਦੇਸ਼ ਦੁਆਬਾ'
## 'ਅੰਬੇਦਕਰ ਟਾਈਮਜ਼'

**ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:**

**www.deshdoaba.com**
**www.ambedkartimes.com**

# ਐਚ-1 ਬੀ ਵੀਜ਼ਾ ਸਮੇਤ ਗਰੀਨ ਕਾਰਡ ਤੇ ਵਰਕ ਵੀਜ਼ਿਆਂ ਉਪਰ ਟਰੰਪ ਵੱਲੋਂ ਲਾਈ ਪਾਬੰਦੀ ਬਾਰੇ ਸਥਿੱਤੀ ਅਜੇ ਅਸਪੱਸ਼ਟ

**ਕੈਲੀਫੋਰਨੀਆ 4 ਜਨਵਰੀ –** 20 ਜਨਵਰੀ ਨੂੰ ਅਹੁੱਦਾ ਛੱਡੇ ਰਹੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਐਚ-1ਬੀ ਵੀਜ਼ਾ ਜੋ ਜਿਆਦਾਤਰ ਭਾਰਤ ਦੇ ਹੁਨਰਵੰਦ ਕਾਮਿਆਂ ਵੱਲੋਂ ਲਿਆ ਜਾਂਦਾ ਹੈ, ਸਮੇਤ ਗਰੀਨ ਕਾਰਡ ਤੇ ਵਰਕ ਵੀਜ਼ਿਆਂ ਉਪਰ ਕੋਰੋਨਾ ਕਾਰਨ 3 ਮਹੀਨਿਆਂ ਲਈ ਵਧਾਈ ਪਾਬੰਦੀ ਬਾਰੇ ਅਜੇ ਸਥਿੱਤੀ ਸਪਸ਼ਟ ਨਹੀਂ ਹੈ। ਇਕ ਸੰਘੀ ਅਦਾਲਤ ਨੇ ਰਾਸ਼ਟਰਪਤੀ ਦੇ ਉਸ ਆਦੇਸ਼ ਨਾਲ ਸਹਿਮਤੀ ਪ੍ਰਗਟਾਈ ਹੈ ਜਿਸ ਵਿਚ ਉਨ੍ਹਾਂ ਕਿਹਾ ਹੈ ਕਿ ਅਮਰੀਕਾ ਆਉਣ ਵਾਲੇ ਨਵੇਂ ਲੋਕਾਂ ਦਾ ਆਪਣਾ ਸਿਹਤ ਬੀਮਾ ਹੋਣਾ ਚਾਹੀਦੀ ਹੈ ਪਰ ਪਾਬੰਦੀਆਂ ਬਾਰੇ ਕੁਝ ਨਹੀਂ ਕਿਹਾ। ਆਪਣੇ ਕਾਰਜਕਾਲ ਦੇ ਆਖਰੀ ਦਿਨਾਂ ਦੌਰਾਨ ਕਾਂਗਰਸ ਦੇ ਸਮਰਥਨ ਤੋਂ ਬਿਨਾਂ ਰਾਸ਼ਟਰਪਤੀ ਨੇ ਵਿਦੇਸ਼ੀਆਂ ਲਈ ਇਮੀਗ੍ਰੇਸ਼ਨ ਨੀਤੀ ਕਠਿਨ ਬਣਾ ਦਿੱਤੀ ਹੈ। ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡੇਨ ਨੇ ਵਾਅਦਾ ਕੀਤੀ ਸੀ ਕਿ ਉਹ ਇਮੀਗ੍ਰੇਸ਼ਨ ਨੀਤੀ ਉਪਰ ਪੁਨਰ ਵਿਚਾਰ ਕਰਨਗੇ। ਅਹੁੱਦਾ ਸੰਭਾਲਣ ਉਪਰੰਤ ਇਸ ਸਬੰਧੀ ਉਹ ਕਿੰਨੀ ਤੇਜੀ ਨਾਲ ਕਾਰਵਾਈ ਕਰਨਗੇ ਤੇ ਕਿਸ ਹੱਦ ਤੱਕ ਕਰਨਗੇ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਫਿਲਹਾਲ ਹਜਾਰਾਂ ਭਾਰਤੀਆਂ ਸਮੇਤ ਲੱਖਾਂ ਲੋਕ ਜਕੋਤੱਕੀ ਦੀ ਹਾਲਤ ਵਿਚ ਹਨ ਤੇ ਉਹ ਬੇਸਵਰੀ ਨਾਲ 20 ਜਨਵਰੀ ਦੀ ਉਡੀਕ ਕਰ ਰਹੇ ਹਨ ਜਿਸ ਦਿਨ ਅਮਰੀਕਾ ਦੀ ਕਮਾਨ ਜੋਅ ਬਾਇਡੇਨ ਦੇ ਹੱਥ ਵਿਚ ਆ ਜਾਵੇਗੀ।

# ਹਰ ਸਾਲ 13 ਜਨਵਰੀ ਨੂੰ ਸਿੱਖ-ਮੁਸਲਿਮ ਏਕਤਾ ਤੇ ਅਰਦਾਸ ਦੇ ਦਿਨ ਵਜੋਂ ਮਨਾਇਆ ਜਾਵੇ - ਏਜੀਪੀਸੀ ਅਤੇ ਪੀਐਸਜੀਪੀਸੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐਸਜੀਪੀਸੀ) ਨੇ ਰਲ ਕੇ ਦਿੱਤੇ ਇੱਕ ਸਾਂਝੇ ਬਿਆਨ ਵਿਚ ਸੰਸਾਰ ਭਰ ਵਿਚਲੇ ਗੁਰਦੁਆਰਾ ਸਾਹਿਬਾਨਾਂ ਤੇ ਖਾਲਸਾ ਪੰਥ ਨੂੰ ਬੇਨਤੀ ਭਰੇ ਸੰਦੇਸ਼ ਵਿਚ ਕਿਹਾ ਹੈ ਕਿ ਹਰ ਸਾਲ 13 ਜਨਵਰੀ ਨੂੰ ਸਿੱਖ-ਮੁਸਲਿਮ ਏਕਤਾ ਤੇ ਅਰਦਾਸ ਦੇ ਦਿਨ ਵਜੋਂ ਮਨਾਇਆ ਜਾਵੇ। ਇੱਕ ਸਾਂਝੇ ਬਿਆਨ ਵਿਚ ਏਜੀਪੀਸੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਤੇ ਪੀਐਸਜੀਪੀਸੀ ਦੇ ਸਕੱਤਰ ਸ੍ਰ: ਅਮੀਰ ਸਿੰਘ ਨੇ ਕਿਹਾ ਹੈ ਕਿ 13 ਜਨਵਰੀ ਇਕ ਇਤਿਹਾਸਕ ਦਿਨ ਹੈ, ਕਿਉਂਕਿ ਇਸ ਦਿਨ ਸਾਂਇ ਹਜਰਤ ਮੀਆਂ ਮੀਰ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੱਦੇ ਉਤੇ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ (ਹਰਿਮੰਦਿਰ ਸਾਹਿਬ) ਦਾ ਨੀਂਹ ਪੱਥਰ ਰੱਖਿਆ ਸੀ। ਦੋਵਾਂ ਸਿੱਖ ਆਗੂਆਂ ਨੇ ਕਿਹਾ ਕਿ ਸਿੱਖ-ਮੁਸਲਿਮ ਏਕਤਾ ਤੇ ਦੋਸਤੀ ਵਜੋਂ ਇਹ ਦਿਨ ਬਹੁਤ ਇਤਿਹਾਸਕ ਮਹੱਤਤਾ ਵਾਲਾ ਦਿਨ ਹੈ ਤੇ ਦੋਵਾਂ ਭਾਇਚਾਰਿਆਂ ਦੇ ਸੰਬਧਾਂ ਨੂੰ ਪੀਡਾ ਤੇ ਮਜਬੂਤ ਬਣਾਉਣ ਵਾਸਤੇ ਇਕ ਮੀਲ ਪੱਥਰ ਹੈ। ਇਸ ਵਾਸਤੇ ਇਹ ਦਿਨ ਹਰ ਸਲ ਬੜੇ ਵੱਡੇ ਰੂਪ ਵਿਚ ਪੂਰੀ ਦੁਨੀਆਂ ਵਿਚ ਦੋਵਾਂ ਕੌਮਾਂ ਵੱਲੋਂ ਗੁਰਦੁਆਰਾ ਸਾਹਿਬਾਨ ਤੇ ਸਾਂਇ ਮੀਆਂ ਮੀਰ ਜੀ ਦੀ ਦਰਗਾਹ ਉਤੇ ਮਨਾਇਆ ਜਾਣਾ ਚਾਹੀਦਾ ਹੈ ਤੇ



ਇਸ ਦਿਨ ਵਿਸ਼ੇਸ਼ ਤੌਰ ਤੇ ਮਸਲਿਮ ਸਿੱਖ ਦੋਸਤੀ ਨੂੰ ਹੋਰ ਜਿਆਦਾ ਮੁਹਬੱਤ ਭਰਿਆ ਤੇ ਚਿਰ ਜੀਵੀ ਬਣਾਉਣ ਵਾਸਤੇ ਅਰਦਾਸਾਂ ਕੀਤੀਆਂ ਜਾਣੀਆਂ ਚਾਹੀਦੀਆਂ ਨੇ ਤੇ ਦੁਆਵਾਂ ਮੰਗੀਆਂ ਜਾਣੀਆਂ ਚਾਹੀਦੀਆਂ ਨੇ।

ਰਾਸ਼ਟਰ ਸੰਘ ਦੇ ਵਿਸ਼ੇਸ਼ ਸਲਾਹਕਾਰ ਡਾ: ਇਕਤਦਾਰ ਚੀਮਾ ਨੇ ਇਸ ਖਾਸ ਮੌਕੇ ਤੇ ਕਿਹਾ ਕਿ ਇਹ ਯਤਨ ਸਿੱਖ ਮੁਸਲਿਮ ਕੌਮਾਂ ਵੱਲੋਂ ਇਹ ਬਹੁਤ ਮੌਕੇ ਮੁਤ-ਾਬਿਕ ਤੇ ਢੁੱਕਵੇਂ ਸਮੇਂ ਕੀਤਾ ਜਾ ਰਿਹਾ ਹੈ, ਕਿਉਂਕਿ ਸੰਯੁਕਤ ਰਾਸ਼ਟਰ ਸੰਘ ਵੀ ਅੰਤਰਰਾਸ਼ਟਰੀ ਤੌਰ ਤੇ ਸਾਲ 2021 ਨੂੰ ਅਮਨ ਤੇ ਭਰੋਸੇ ਦੇ ਸਾਲ ਵਜੋਂ ਮਨਾ ਰਿਹਾ ਹੈ। ਇਸ ਦਿਨ ਅੰਤਰਰਾਸ਼ਟਰੀ ਪੱਧਰ ਦਾ ਜੂਮ ਵੈਬੀਨਾਰ ਵੀ ਕਰਵਾਇਆ ਜਾਵੇਗਾ, ਜਿਸ ਨਾਲ ਦੋਵਾਂ ਭਾਇਚਾਰਿਆਂ ਦੇ ਧਾਰਮਿਕ ਆਗੂ ਤੇ ਵਿਦਵਾਨ ਮਿਲ ਬੈਠਣਗੇ।


ਪਾਕਿਸਤਾਨ ਦੇ ਸੂਬੇ ਪੰਜਾਬ ਦੀ ਵਿਧਾਨ ਅਸੈਂਬਲੀ ਦੇ ਸਤਿਕਾਰਯੋਗ ਮੈਂਬਰ ਸ੍: ਰਮੇਸ਼ ਸਿਘ ਅਰੋੜਾ ਨੇ ਇਸ ਪਹਿਲਕਦਮੀ ਦਾ ਪੁਰਜੋਰ ਸੁਆਗਤ ਕਰਦਿਆਂ ਆਪਣੇ ਵੱਲੋਂ ਇਸ ਕਦਮ ਦੀ ਭਰਪੂਰ ਸ਼ਲਾਘਾ ਕੀਤੀ ਹੈ ਪੂਰਾ ਸਮਰਥਨ ਦੇਣ ਦਾ ਵਚਨ ਦਿੱਤਾ ਹੈ ਤਾਂ ਕਿ ਦੋਵਾਂ ਕੌਮਾਂ ਦੇ ਧਾਰਮਿਕ ਤੇ ਰਾਜਨੀਤਕ ਆਗੂ ਮਿਲ ਬੈਠ ਕੇ ਦੋਸਤੀ ਤੇ ਏਕਤਾ ਵਾਸਤੇ ਕੁਝ ਚੰਗੀਆਂ ਯੋਜਨਾਵਾਂ ਅਮਲ ਵਿਚ ਲਿਆ ਸਕਣ।







# ਤੁਸੀਂ ਵਿਧਾਇਕ ਹੋ, ਸੰਸਦ ਹੋ ਤੇ ਜਾਂ ਮਨਿਸਟਰ? ਮੇਰੇ ਲਈ ਕੋਈ ਮਾਇਨੇ ਨਹੀਂ ਰੱਖਦਾ ! ਕਿਉਂਕਿ ਮੈਂ ਬਹੁਜਨ ਅੰਦੋਲਨ ਚਲਾਕੇ, ਵੱਡੇ ਪੈਮਾਨੇ ਤੇ ਸਮਾਜ ਨੂੰ ਤਿਆਰ ਕਰ ਰਿਹਾ ਹਾਂ-ਸਾਹਿਬ ਕਾਂਸੀ ਰਾਮ




**ਬੰਗਾ –ਨਵਾਂ ਸ਼ਹਿਰ (ਪੰਮੀ ਲਾਲੋ ਮਜਾਰਾ)** ਘਟਨਾ 1990 ਦੀ। ਮੱਧ ਪ੍ਰਦੇਸ਼ :ਚ ਗੌਂਡ ਜਾਤੀ ਦੀ ਸੰਸਕ੍ਰਿਤੀ ਤੇ ਸੱਭਿਅਤਾ ਲਈ ਲੜਾਈ ਲੜਨ ਵਾਲਾ ਹੀਰਾ ਸਿੰਘ 'ਮਰਕਾਮ 'ਸਾਹਿਬ ਦੇ ਬਹੁਤ ਹੀ ਕਰੀਬੀਆਂ ਚੋਂ ਇੱਕ ਮੰਨਿਆ ਜਾਂਦਾ ਸੀ। ਇੱਕ ਦਿਨ ਸਾਹਿਬ ਨੇ ਉਹਨੂੰ ਆਪਣੇ ਕੋਲ ਬਿਠਾਕੇ ਬਹੁਤ ਹੀ ਪਤੇ ਦੀ ਗੱਲ ਸਮਝਾਉਂਦਿਆਂ ਕਿਹਾ ਕਿ ਤੂੰ ਵੀ ਇੱਕ ਪਾਰਟੀ ਬਣਾ ਤੇ ਉਸਦਾ ਰਾਸ਼ਟਰੀਆ ਅਧਿਅਕਸ਼ ਬਣ ਕਿ ਜਿਵੇਂ ਮੈਂ ਆਪਣੀ ਪਾਰਟੀ ਦਾ ਰਾਸ਼ਟਰੀਆ ਅਧਿਅਕਸ਼ ਹਾਂ। ਮੈਂ ਮੁਲਾਇਮ ਸਿੰਘ ਨੂੰ ਵੀ ਪਹਿਲਾਂ ਇਹੀ ਸੁਝਾਅ ਦਿੱਤਾ ਸੀ ਕਿ ਜੇ ਤੂੰ ਮੇਰੇ ਨਾਲ ਗਠਬੰਧਨ ਕਰਨਾ ਚਾਹੁੰਦਾ ਹੈਂ ਤਾਂ ਪਹਿਲਾਂ ਆਪਣੀ ਵੱਖਰੀ ਪਾਰਟੀ ਬਣਾ। ਉਹਨੇ ਸਮਾਜਵਾਦੀ ਪਾਰਟੀ ਬਣਾ ਲਈ ਤੇ ਆਪ ਰਾਸ਼ਟਰੀਆ ਅਧਿਅਕਸ਼ ਬਣ ਗਿਆ। ਉੱਧਰ ਵੇਖ ਲਾਲੂ ਯਾਦਵ ਵੀ ਆਪਣੀ ਪਾਰਟੀ ਦਾ ਰਾਸ਼ਟਰੀਆ ਅਧਿਅਕਸ਼ ਹੈ। ਸਿੱਬੂ ਸੋਰੇਨ ਵੀ ਆਪਣੀ ਪਾਰਟੀ ਦਾ ਰਾਸ਼ਟਰੀਆ ਅਧਿਅਕਸ਼ ਹੈ। ਪਾਸਵਾਨ ਆਪਣੀ ਪਾਰਟੀ ਦਾ ਰਾਸ਼ਟਰੀਆ ਅਧਿਅਕਸ਼ ਬਣੀ ਬੈਠਾ ਹੈ। ਇਸੇ ਤਰ੍ਹਾਂ ਹੀ ਮੈ ਵੀ ਆਪਣੀ ਪਾਰਟੀ ਦਾ ਰਾਸ਼ਟਰੀਆ ਅਧਿਅਕਸ਼ ਹਾਂ। ਕਿਉਂਕਿ ਮੇਰੀ ਰਹਿ-ਨੁਮਾਈ ਹੇਠ ਜਦੋਂ ਦਾ ਪੂਰੇ ਭਾਰਤ ਵਿੱਚ ਬਹੁਜਨ ਅੰਦੋਲਨ ਚੱਲਣ ਲੱਗਾ ਹੈ, ਉਦੋਂ ਦਾ ਹੀ ਮੈਨੂੰ ਰਾਜੀਵ ਗਾਂਧੀ ਵੀ ਫੋਨ ਕਰਦਾ ਹੈ। ਤੇ ਕਮਿਊਨਿਸਟ ਤੇ ਬੀ. ਜੇ. ਪੀ. ਵਾਲੇ ਵੀ। ਮੇਰੀਆਂ ਮਨਿਸਟਰਜ਼ ਲੋਕਾਂ ਨਾਲ ਵੀ ਮੀਟਿੰਗਾਂ ਹੁੰਦੀਆਂ ਹਨ ਤੇ ਵੱਡੇ ਵੱਡੇ ਪ੍ਰਸਾਸਨਿਕ ਅਫਸਰਾਂ ਨਾਲ ਵੀ। ਤੁਸੀਂ ਵਿਧਾਇਕ ਹੋ, ਸੰਸਦ ਹੋ ਤੇ ਜਾਂ ਕੋਈ ਮਨਿਸਟਰਜ। ਮੇਰੇ ਲਈ ਕੋਈ ਮਾਇਨੇ ਨਹੀਂ ਰੱਖਦਾ। ਕਿਉਂਕਿ ਮੈਂ ਭਾਰਤ ਦੇ ਕੋਨੇ ਕੋਨੇ ਵਿੱਚ ਵੱਡੇ ਪੈਮਾਨੇ ਤੇ ਬਹੁਜਨ ਅੰਦੋਲਨ ਚਲਾ ਰਿਹਾ ਹਾਂ। ਜਿਸਦਾ ਅੱਜ ਦੀ ਤਾਰੀਖ ਵਿੱਚ ਕੋਈ ਵੀ ਜਵਾਬ ਨਹੀਂ ਹੈ। ਮੈਂ ਆਖਿਰ ਵਿੱਚ ਤੈਨੂੰ ਇਹੀ ਸੁਝਾਅ ਦਿੰਦਾ ਹਾਂ ਕਿ ਤੂੰ ਵੀ ਆਪਣੀ ਬਣਾਕੇ ਉਸਦਾ ਰਾਸ਼ਟਰੀਆ ਅਧਿਅਕਸ਼ ਬਣ। ਤੇ ਮੈਂ ਵੀ ਤੈਨੂੰ ਫ਼ੇਰ ਉਨਾ ਹੀ ਮਾਨ ਸਨਮਾਨ ਦੇਵਾਂ, ਜਿੰਨਾ ਸਨਮਾਨ ਮੈਨੂੰ ਮਨੂੰ ਵਾਦੀ ਪਾਰਟੀਆਂ ਦੇ ਰਾਸ਼ਟਰੀਆ ਅਧਿਅਕਸ਼ ਦਿੰਦੇ ਹਨ। ਫ਼ੇਰ ਆਪਾਂ ਕਿਸੇ ਮੁੱਦੇ ਤੇ ਚਰਚਾ ਕਰਦੇ ਚੰਗੇ ਵੀ ਲੱਗਾਗੇਂ ਤੇ ਉੱਠਕ ਬੈਠਕ ਕਰਦੇ ਵੀ।ਫ਼ੇਰ ਦੂਸਰੀਆਂ ਪਾਰਟੀਆਂ ਦੇ ਲੋਕ ਵੀ ਤੇਰੀ ਪਹਿਲਾਂ ਤੋਂ ਜਿਆਦਾ ਇੱਜ਼ਤ ਇਹ ਕਹਿਕੇ ਕਰਨਗੇ ਕਿ ਬਈ ਵੇਖੋ! ਓ.ਬੀ.ਸੀ ਸਮਾਜ ਦਾ ਹੀਰਾ ਸਿੰਘ 'ਮਰਕਾਮ 'ਵੀ ਰਾਸ਼ਟਰੀਆ ਅਧਿਅਕਸ਼ ਬਣ ਗਿਆ ਹੈ। ਸਾਹਿਬ ਕਾਂਸੀ ਰਾਮ ਜੀ ਦਾ ਸੁਝਾਅ ਸੁਣਨ ਤੋਂ ਤੁਰੰਤ ਬਾਅਦ ਹੀਰਾ ਸਿੰਘ ਨੇ ਆਪਣੀ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ। ਜਿਸ ਦਾ ਉਹਨੇ ਨਾਮ ਰੱਖਿਆ "ਗੋਂਡਵਾਨਾ ਗਣਤੰਤਰ ਪਾਰਟੀ " (ਗੋਂਗਪਾ)। ਉਸ ਤੋਂ ਬਾਅਦ ਹੀਰਾ ਸਿੰਘ ਆਪਣੀ ਪਾਰਟੀ ਦੀਆਂ ਜੜਾਂ ਨਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਮਹਾਂਰਾਸ਼ਟਰ ਤੱਕ ਫੈਲਾਉਣ ਵਿੱਚ ਕਾਮਯਾਬ ਰਿਹਾ।

* ਮੀਡੀਆ ਆਖਦੈ ਕਿ ਅਸੀਂ ਆਪਣੀ ਸਰਕਾਰ ਦੌਰਾਨ ਯੂ. ਪੀ. 'ਚ ਕੀ ਕੀਤਾ? ਅਸੀਂ ਛਾਤੀ ਠੋਕ ਕੇ ਕਹਿੰਦੇ ਹਾਂ ਕਿ ਬਸਪਾ ਨੇ ਯੂ . ਪੀ. 'ਚ ਅੰਬੇਡਕਰਾਈਜੇਸਨ ਕਰਨਾ ਸੀ, ਸੋ ਅਸੀਂ ਕਰ ਦਿੱਤਾ। ਤੇ ਹੁਣ ਸਾਡਾ ਪੂਰੇ ਭਾਰਤ ਨੂੰ ਅੰਬੇਡਕਰਾਈਜੇਸਨ ਕਰਨ ਦਾ ਇਰਾਦਾ ਤੇ ਮਾਦਾ ਰੱਖਦੇ ਹਾਂ –

**–ਸਾਹਿਬ ਕਾਂਸੀ ਰਾਮ**

**(ਮੈਂ ਕਾਂਸੀ ਰਾਮ ਬੋਲਦਾ ਹਾਂ " ਕਿਤਾਬ ਚੋਂ) 9501143755.**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਅਤੇ ਦਲਿਤ ਸੰਘਰਸ਼ ਮੋਰਚਾ ਵੱਲੋਂ ਅਣਮਿੱਥੇ ਸਮੇਂ ਦਾ ਧਰਨੇ ਅਤੇ ਸੰਕੇਤਕ ਭੁੱਖ ਹੜਤਾਲ ਅੱਜ ਨੌਵੇਂ ਦਿਨ ਵੀ ਜਾਰੀ



**ਚੰਡੀਗੜ੍ਹ (ਬਿਊਰੋ)–** ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਅਤੇ ਦਲਿਤ ਸੰਘਰਸ਼ ਮੋਰਚਾ ਦਾ ਧਰਨਾ ਅਤੇ ਸੰਕੇਤਕ ਭੁੱਖ ਹੜਤਾਲ ਅੱਜ ਨੌਵੇਂ ਦਿਨ ਵਿ ਕੈਪਟਨ ਸਰਕਾਰ ਦੇ ਖਿਲਾਫ਼ ਲਗਾਤਾਰ ਜਾਰੀ ਰੱਖਿਆ ਹੋਇਆ ਹੈ। ਇਸ ਮੌਕੇ ਵਿਦਿਆਰਥੀਆਂ ਅੰਗਰੇਜ਼ ਸਿੰਘ, ਲਵਪ੍ਰੀਤ ਸਿੰਘ, ਰਮਨਦੀਪ ਕੌਰ, ਸੁਖਜਿੰਦਰ ਕੌਰ, ਤਰੁਣ ਕੁਮਾਰ ਸਾਝੇ ਤੌਰ ਤੇ ਦੱਸਿਆ ਕਿ ਆਪਣੇ ਨਾਲ ਹੁੰਦੇ ਮਾੜੇ ਵਰਤਾਵੇ ਬਾਰੇ ਦੱਸਿਆ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕਿਸੇ ਤਰੀਕੇ ਨਾਲ ਫੀਸਾਂ ਕੈਪਟਨ ਸਰਕਾਰ ਵੱਲੋਂ ਮੌਕੇ ਉੱਤੇ ਜਮ੍ਹਾਂ ਨਾ ਕਰਾਉਣ ਕਰਕੇ ਸਾਨੂੰ ਜਲੀਲ ਅਤੇ ਬੇਇੱਜ਼ਤ ਕੀਤਾ ਜਾਂਦਾ ਹੈ।

ਇਸ ਮੌਕੇ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਸੰਸਥਾਵਾਂ ਦੀ ਮੈਨੇਜਮੈਂਟ ਗਰੀਬ ਵਿਦਿਆਰਥੀਆਂ ਦਾ ਸੋਸ਼ਣ ਅਤੇ ਵਿਤਕਰੇ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਵੱਲੋਂ ਧਰਨੇ ਵਿੱਚ ਉਠਾਏ ਵਿਦਿਆਰਥੀਆਂ ਦੇ ਨਾਲ ਹੋ ਰਹੀ ਧੱਕੇਸ਼ਾਹੀ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਵਿੱਚ ਅਨੁਸੂਚਿਤ ਜਾਤੀਆਂ ਦੇ ਲੱਖਾਂ ਵਿਦਿਆਰਥੀਆਂ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਸੰਸਥਾਵਾਂ ਨੇ ਸਾਲ 2020-2021ਦੇ ਵਿੱਦਿਅਕ ਸੈਸ਼ਨ ਵਿਚ ਦਾਖਲਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਲੱਖਾਂ ਵਿਦਿਆਰਥੀਆਂ ਦੇ ਜਬਰਦਸਤੀ ਸਰਟੀਫਿਕੇਟ ਅਤੇ ਡਿਗਰੀਆਂ ਨੂੰ ਦੇਣ ਤੋਂ ਕੋਰੀ ਨਾ ਕਰ ਦਿੱਤੀ ਕੀਤੇ ਜਾਣ ਦੇ ਗੰਭੀਰ ਨੋਟਿਸ ਲੈਣ ਦਾ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਨੇ ਸਵਾਗਤ ਕੀਤਾ ਹੈ।

ਇਸ ਧਰਨੇ ਵਿੱਚ ਵਿਸ਼ੇਸ਼ ਤੌਰ ਤੇ ਵਿਧਾਇਕ ਬੁੱਧ ਰਾਮ ਨੇ ਪਾਰਟੀ ਹਿੱਤਾਂ ਤੋਂ ਉਪਰ ਉਠ ਕੇ ਸਮਰਥਨ ਕੀਤਾ। ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਅਤੇ ਦਲਿਤ ਸੰਘਰਸ਼ ਮੋਰਚਾ ਵੱਲੋਂ ਸ਼ੁਰੂ ਕੀਤੇ 28 ਦਸੰਬਰ 2020 ਤੋਂ ਰੈਲੀ ਗਰਾਊਂਡ 25 ਸੈਕਟਰ ਚੰਡੀਗੜ੍ਹ ਵਿਖੇ ਅਣਮਿੱਥੇ ਸਮੇਂ ਦਾ ਧਰਨੇ ਅਤੇ ਸੰਕੇਤਕ ਭੁੱਖ ਹੜਤਾਲ ਅੱਜ ਨੌਵੇਂ ਦਿਨ ਵੀ ਜਾਰੀ ਰਿਹਾ।

ਧਰਨੇ ਵਿੱਚ ਸਮੂਲੀਅਤ ਕਰਨ ਵਾਲੇ ਆਗੂਆਂ ਐਮ,ਐਸ, ਰੋਹਟਾ ਕੈਪਟਨ ਅਮਰੀਕ ਸਿੰਘ, ਗੁਰਤੇਜ ਸਿੰਘ, ਕੈਪਟਨ ਹਰਭਜਨ ਸਿੰਘ,ਕ੍ਰਿਪਾਲ ਸਿੰਘ, ਦਲੀਲ ਸਿੰਘ ਬੁਚੜੇ, ਜਸਵਿੰਦਰ ਸਿੰਘ ਰਾਹੀਂ, ਬੱਗਾ ਸਿੰਘ ਫਿਰੋਜ਼ਪੁਰ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੋਨੂੰ, ਮਲਕੀਤ ਸਿੰਘ, ਸੂਰਜਾ ਸਿੰਘ, ਗੁਰਸੇਵਕ ਸਿੰਘ ਮੈਣਮਾਜਰੀ, ਰਾਜਵਿੰਦਰ ਸਿੰਘ ਗੱਡੂ, ਬਲਵੀਰ ਸਿੰਘ ਅਲਾਮਪੁਰ ਆਦਿ ਮੌਜੂਦ ਸਨ।

# ਅੰਬੇਡਕਰਰਾਈਟ ਲੀਗਲ ਫੋਰਮ ਵੱਲੋਂ ਭੀਮਾ ਕੋਰੇਗਾਓਂ ਦੇ ਬਹਾਦਰ ਸ਼ਹੀਦਾਂ ਨੂੰ ਸਮਰਪਤ "ਸ਼ੌਰਿਆਂ ਦਿਵਸ" ਮਨਾਇਆ

**ਫਗਵਾੜਾ (ਬਿਊਰੋ)–** ਅੰਬੇਡਕਰਰਾਈਟ ਲੀਗਲ ਫੋਰਮ ਵੱਲੋਂ ਨਵੇਂ ਸਾਲ ਤੇ "ਸ਼ੌਰਿਆ ਦਿਵਸ" ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ। ਫੋਰਮ ਦੇ ਉੱਪ ਪ੍ਰਧਾਨ ਐਡਵੋਕੇਟ ਰਜਿੰਦਰ ਕੁਮਾਰ ਆਜ਼ਾਦ ਦੀ ਪ੍ਰਧਾਨਗੀ ਵਿਚ ਇਕ ਵਿਸ਼ਾਲ ਮੀਟਿੰਗ ਕਚੈਹਰੀ ਕੰਪਲੈਕਸ ਚ ਕੀਤੀ ਗਈ। ਜਿਸ ਵਿੱਚ ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਭੀਮਾ ਕੋਰੇਗਾਓਂ ਵਿੱਚ ਪਹਿਲੀ ਜਨਵਰੀ 1818 ਨੂੰ ਮਹਾਰਰੈਜਮੈਂਟ ਦੇ 500 ਬਹਾਦਰ ਜਵਾਨਾਂ ਨੇ ਬਾਜੀਰਾਓ ਪੇਸ਼ਵਾ ਦੇ 28 ਹਜ਼ਾਰ ਜਵਾਨਾਂ ਨੂੰ ਯੁੱਧ ਵਿੱਚ ਹਰਾਇਆ ਸੀ ਅਤੇ ਇਤਿਹਾਸ ਰਚਿਆ ਸੀ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ 1927 ਤੋਂ ਲੈ ਕੇ ਪੂਰੀ ਜ਼ਿੰਦਗੀ ਤਕ ਹਰ ਸਾਲ ਪਹਿਲੀ ਜਨਵਰੀ ਨੂੰ ਭੀਮਾ ਕੋਰੇਗਾਉਂ ਵਿਖੇ ਬਣੇ ਸਮਾਰਕ ਤੇ ਜਾ ਕੇ ਬਹਾਦਰ ਜਵਾਨਾਂ ਨੂੰ ਨਮਨ ਕੀਤਾ ਸੀ। ਬਾਬਾ ਸਾਹਿਬ ਡਾ ਅੰਬੇਡਕਰ ਨੇ ਦਲਿਤ ਸਮਾਜ ਵੱਲੋਂ ਕੀਤੀਆਂ ਕੁਰਬਾਨੀਆਂ ਅਤੇ ਬਹਾਦਰੀ ਦੀਆਂ ਮਸ਼ਾਲਾਂ ਦਾ ਵੇਰਵਾ ਆਪਣੀਆਂ ਕਿਤਾਬਾਂ ਵਿੱਚ ਕਰਕੇ ਦੱਬੇ ਕੁਚਲੇ ਅਤੇ ਦਲਿਤਾਂ ਦੀ ਬਹਾਦਰੀ ਨੂੰ ਪੂਰੀ ਦੁਨੀਆ ਵਿੱਚ ਪੇਸ਼ ਕੀਤਾ ਸੀ। ਇਸ ਮੌਕੇ ਐਡਵੋਕੇਟ ਕੁਲਦੀਪ ਭੱਟੀ ਸੂਰਜ ਪ੍ਰਕਾਸ਼ ਲਾਡੀ ਨੇ ਵੀ ਵਿਚਾਰ ਪੇਸ਼ ਕੀਤੇ। ਐਡਵੋਕੇਟ ਤਜਿੰਦਰ ਕੁਮਾਰ ਆਜ਼ਾਦ ਨੇ ਸੱਭ ਦਾ ਧੰਨ-ਵਾਦ ਕੀਤਾ ਤੇ ਭੀਮਾ ਕੋਰੇਗਾਉਂ ਦੇ ਬਹਾਦਰ ਸੈਨਿਕਾਂ ਨੂੰ ਭਰਪੂਰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਨ੍ਹਾਂ ਤੋਂ ਇਲਾਵਾ ਹੋਰ ਸਾਥੀਆਂ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਡਾ. ਆਨੰਦ ਤੇਲਤੁੰਬੜੇ , ਡਾ.ਬਰਬਰਾਂ ਰਾਓ ਅਤੇ ਹੋਰ ਬੁੱਧੀਜੀਵੀਆਂ ਨੂੰ ਜੇਲ੍ਹ ਚੋਂ ਰਿਹਾਅ ਕਰਨ ਦੀ ਮੰਗ ਕੀਤੀ। ਇਸ ਮੌਕੇ ਐਡਵੋਕੇਟ ਹਰਪ੍ਰੀਤ ਬੱਧਣ ,ਕਰਨ ਖੁੱਲਰ, ਤਜਿੰਦਰ ਬੱਧਣ, ਮਧੂ ਰਚਨਾ, ਪ੍ਰਵੀਨ ਕੈਂਥ, ਜਗਜੀਵਨ ਰਾਮ, ਪਵਨ ਬਿਰਦੀ, ਰਾਜਕੁਮਾਰ ਬੈਂਸ, ਨਵਜੋਤ ਵਿਰਦੀ, ਐਡਵੋਕੇਟ ਬਲਦੇਵ ਪ੍ਰਕਾਸ਼ ਰੱਲ ਅਤੇ ਮਲਕੀਤ ਖ਼ਾਂਬਰਾਂ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।



# ਕਿਸਾਨਾਂ ਦੇ ਹੱਕ 'ਚ ਪ੍ਰੈਸ ਕਲੱਬ ਔੜ ਦੀ ਵਿਸੇਸ਼ ਮੀਟਿੰਗ ਹੋਈ


**ਲਸਾੜਾ/ਉੜਾਪੜ, (ਬੱਗਾ ਸੇਲਕੀਆਣਾ)–** ਕੇਂਦਰ ਸਰਕਾਰ ਵਲੋਂ ਕਿਸਾਨ ਵਿਰੋਧੀ ਬਿੱਲਾਂ ਵਾਲਾ ਮਸਲਾ ਬੜਾ ਗੰਭੀਰ ਹੁੰਦਾ ਜਾ ਰਿਹਾ ਹੈ ਇਸ ਮਸਲੇ ਨੂੰ ਹੱਲ ਕਰਵਾਉਣ ਲਈ, ਸੰਸਥਾਵਾਂ, ਅਦਾਰੇ, ਜਥੇਬੰਦੀਆਂ, ਸਮਾਜਿਕ, ਧਾਰਮਿਕ, ਸਾਹਿਤਕ, ਸੱਭਿਆਚਾਰਕ ਤੋਂ ਇਲਾਵਾ ਹਰ ਕੋਈ ਕਿਸਾਨਾਂ ਦੇ ਹੱਕ ਚ ਅਵਾਜ ਬੁਲੰਦ ਕਰ ਰਹੇ ਹਨ ਤੇ ਵੱਧ ਤੋਂ ਵੱਧ ਹਰ ਤਰਾਂ ਸਹਿਜੋਗ ਦੇ ਰਹੇ ਹਨ ਤੇ ਇਸ ਸਬੰਧੀ ਵਿਸੇਸ਼ ਮੀਟਿੰਗ ਪ੍ਰਧਾਨ ਸੁਖਦੇਵ ਸਿੰਘ ਦੀ ਪ੍ਰਧਾਨਗੀ ਹੇਠ ਮੋਰ-ਲੈਂਡ ਪੈਲਸ ਚੱਕਦਾਨਾ ਚ ਕੀਤੀ ਇਸ ਮਸਲੇ ਸਬੰਧੀ ਗੱਲਬਾਤ ਕਰਦਿਆ ਕਲੱਬ ਪ੍ਰਧਾਨ ਸੁਖਦੇਵ ਸਿੰਘ ਉੜਾਪੜ ਨੇ ਆਖਿਆ ਕਿ ਇਸ ਮਸਲੇ ਨੂੰ ਪੂਰੀ ਗੰਭੀਰਤਾ ਨਾਲ ਸਰਕਾਰ ਤੱਕ ਪਹੁੰਚਾਉਣ ਲਈ ਪ੍ਰੈਸ ਕਲੱਬ ਔੜ ਦੇ ਜਿੰਨੇ ਵੀ ਪੱਤਰਕਾਰ ਸਹਿਬਾਨ ਹਨ ਉਹ ਪੂਰੀ ਤਰਾਂ ਨਾਲ ਆਪਣਾ ਫਰਜ ਅਦਾ ਕਰ ਰਿਹਾ ਹੈ ਤਾਂ ਕਿ ਇਹ ਮਸਲਾ ਪਹਿਲ ਦੇ ਅਧਾਰ ਤੇ ਛੇਤੀ ਹੱਲ ਹੋਵੇ ਤੇ ਆਪਣੇ ਇਲਾਕੇ ਚ ਜਿੰਨੇ ਵੀ ਕਿਸਾਨਾਂ ਦੇ ਹੱਕ ਚ ਮੀਟਿੰਗਾਂ, ਧਰਨਿਆਂ, ਰੈਲ਼ੀਆਂ ਦੀ ਪੂਰੀ ਕਵਰੇਜ ਕਰ ਰਹੇ ਹਨ ਤੇ ਸਾਡਾ ਕਲੱਬ ਪੂਰੀ ਤਰਾਂ ਨਾਲ ਸਮਰਥਨ ਕਰਦੇ ਹਨ ਪਰ ਕੁ ਕੁਝ ਸ਼ਰਾਰਤੀ ਅਨਸਰ ਇਸ ਮਸਲੇ ਨੂੰ ਉਲਝਾਉਣ ਲਈ ਮੀਡੀਆ ਤੇ ਇਲਜਾਮ ਲਗਾ ਰਹੇ ਹਨ ਤੇ ਪ੍ਰੈਸ ਕਲੱਬ ਔੜ ਦੇ ਅਹੁਦੇਦਾਰ ਤਨੋ,ਮਨੋਂ ਦਿੱਲੀ ਧਰਨੇ ਚ ਕਿਸਾਨ ਜਥੇਬੰਦੀਆਂ, ਬੀਬੀਆਂ, ਬੱਚੇ, ਮਜਦੂਰ, ਵਪਾਰੀਆਂ, ਆੜਤੀਆ ਦੇ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ ਤੇ ਉਨਾਂ ਦੀ ਕਾਮਯਾਬੀ ਲਈ ਅਰਦਾਸ ਕਰਦੇ ਹਾਂ ਕਿ ਕਿਸਾਨ ਵੀਰਾਂ ਦੀ ਜੋ ਮੰਗਾਂ ਹਨ।

ਉਹ ਪੂਰੀਆ ਹੋਣ ਤੇ ਆਪਣੇ ਬਿੱਲ ਵਿਰੋਧੀ ਮਨੋਰਥ ਨੂੰ ਪੂਰਾ ਕਰਨ ਚ ਕਾਮਯਾਬ ਹੋਣ ਉਨਾਂ ਮੀਡੀਆ ਨੂੰ ਅਪੀਲ ਕੀਤੀ ਕਿ ਉਹ ਆਪਣਾ ਸਹੀ ਫਰਜ ਅਦਾ ਕਰਨ ਤੇ ਪੀਲੀ ਪੱਤਰਕਾਰੀ ਤੋਂ ਗੁਰੇਜ ਕਰਨ ਤੇ ਕਿਸਾਨ ਅੰਦੋਲਨ ਚ ਆਪਣਾ ਪੂਰਾ ਯੋਗਦਾਨ ਪਾਉਣ ਇਸ ਮੋਕੇ ਕਿਸਾਨ ਅੰਦੋਲਨ ਚ ਸ਼ੰਘਰਸ ਕਰ ਰਹੇ ਸ਼ਹੀਦ ਹੋਏ ਕਿਸਾਨਾਂ ਸ਼ਰਧਾ ਦੇ ਫੁ਼ੱਲ ਵੀ ਭੇਂਟ ਕੀਤੇ ਅਤੇ ਕੇਂਦਰ ਸਰਕਾਰ ਨੂੰ ਪੁਰਜੋਰ ਅਪੀਲ ਕੀਤੀ ਕਿ ਇਹ ਜੋ ਕਿਸਾਨਾਂ ਉਪਰ ਵਿਰੋਧੀ ਬਿੱਲ ਪਾਸ ਕੀਤੇ ਗਏ ਹਨ ਉਨਾਂ ਨੂੰ ਪਹਿਲ ਦੇ ਅਧਾਰ ਤੇ ਰੱਦ ਕੀਤੇ ਜਾਣ ਤੇ ਅਸੀਂ ਸਾਰੀਆ ਸਮਾਜਿਕ, ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ, ਐਨਆਰਆਈ ਵੀਰਾਂ, ਸੰਤਾਂ, ਮਹਾਂਪੁਰਸ਼ਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜੋ ਕਿਸਾਨਾਂ ਦੇ ਖਿਲਾਫ ਬਿੱਲ ਵਿਰੋਧੀ ਮਸਲੇ ਨੂੰ ਰੱਦ ਕਰਨ ਲਈ ਹਰ ਤਰਾਂ ਦਾ ਵੱਧ ਤੋਂ ਵੱਧ ਸਹਿਜੋਗ ਕਰ ਰਹੇ ਹਨ ਤੇ ਜੋ ਦਿਲੀ ਵਿਖੇ ਕਿਸਾਨਾਂ ਲਈ ਦਵਾਈਆਂ, ਲੰਗਰ, ਪਿੰਨੀਆਂ, ਕੰਬਲ ਆਦਿ ਭੇਜ ਕੇ ਸੇਵਾ ਕਰ ਰਹੇ ਹਨ ਇਸ ਮੋਕੇ ਪ੍ਰੈਸ ਕਲੱਬ ਔੜ ਵਲੋਂ ਹੋਰ ਵਿਚਾਰਾਂ ਵੀ ਕੀਤੀਆ ਗਈਆਂ ਸ੍ਰ ਸੁਖਦੇਵ ਸਿੰਘ ਉੜਾਪੜ ਪ੍ਰਧਾਨ, ਲਖਵੀਰ ਸਿੰਘ ਖੁਰਦ ਸੀ.ਮੀਤ ਪ੍ਰਧਾਨ, ਰਵਿੰਦਰ ਸਿੰਘ ਮੱਲਾ ਬੇਦੀਆਂ ਮੀਤ ਪ੍ਰਧਾਨ, ਪੱਤਰਕਾਰ ਜਰਨੈਲ ਸਿੰਘ ਖੁਰਦ, ਪੱਤਰਕਾਰ ਛਿੰਜੀ ਲੜੋਆ ਜ. ਸਕੱਤਰ, ਅਸ਼ੋਕ ਸ਼ਰਮਾ ਸਹਾਇਕ ਸਕੱਤਰ, ਪੱਤਰਕਾਰ ਬੱਗਾ ਸੇਲਕੀਆਣਾ ਪ੍ਰੈਸ ਸਕੱਤਰ, ਕੁਲਦੀਪ ਸਿੰਘ ਝਿੰਗੜ, ਪਿਆਰੇ ਲਾਲ ਬੰਗੜ, ਜਤਿੰਦਰ ਕੁਮਾਰ ਪੰਦਰਾਵਲ, ਤਾਰੀ ਲੋਧੀਪੁਰੀਆ, ਜਸਪਾਲ ਸਿੰਘ ਬਣਵੈਤ, ਮਹਿੰਦਰ ਸਿੰਘ ਪਾਬਲਾ ਆਦਿ ਹਾਜਰ ਸਨ।




## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਹਾਂਡੂਰਾਨ ਦੀ ਪ੍ਰਵਾਸੀ ਮਹਿਲਾ ਨੇ ਦਿੱਤਾ ਮੈਕਸੀਕੋ-ਯੂ ਐਸ ਬਾਰਡਰ ਬ੍ਰਿਜ 'ਤੇ ਬੱਚੇ ਨੂੰ ਜਨਮ



**ਫਰਿਜ਼ਨੋ (ਕੈਲੀਫੋਰਨੀਆਂ), 4 ਜਨਵਰੀ 2021–** ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰਵਾਸੀ ਗੈਰ ਕਾਨੂੰਨੀ ਤਰੀਕੇ ਰਾਹੀ ਮੈਕਸੀਕੋ ਤੋਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ, ਜਿਹਨਾਂ ਵਿੱਚ ਔਰਤਾਂ ਦੀ ਵੀ ਵੱਡੀ ਗਿਣਤੀ ਸ਼ਾਮਲ ਹੁੰਦੀ ਹੈ। ਇਸੇ ਤਰ੍ਹਾਂ ਦੇ ਮਾਮਲੇ ਵਿੱਚ ਮੈਕਸੀਕਨ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਤਵਾਰ ਨੂੰ ਕਿਹਾ ਕਿ ਇੱਕ ਹਾਂਡੂਰਾਨ ਦੀ ਔਰਤ ਨੇ ਮੈਟਾਮੋਰੋਸ ਨੂੰ ਟੈਕਸਸ ਦੇ ਬਰਾਉਨਵਿਲ ਨਾਲ ਜੋੜਦੇ ਸਰਹੱਦੀ ਪੁਲ ਦੀ ਮੈਕਸੀਕਨ ਸਾਈਡ 'ਤੇ ਬੱਚੇ ਨੂੰ ਜਨਮ ਦਿੱਤਾ ਹੈ। ਇਹ ਔਰਤ ਜ਼ਾਹਰ ਤੌਰ 'ਤੇ ਸੰਯੁਕਤ ਰਾਜ ਦੇ ਪਾਸੇ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਪੁਲ 'ਤੇ ਪਹੁੰਚਦੇ ਹੀ ਅਚਾਨਕ ਬਿਮਾਰ ਮਹਿਸੂਸ ਹੋਣ ਤੇ ਮੈਕਸੀਕਨ ਸਾਈਡ 'ਤੇ ਪੈਦਲ ਚੱਲਣ ਵਾਲੇ ਲੋਕਾਂ ਨੇ ਉਸ ਦੀ ਸਹਾਇਤਾ ਕੀਤੀ। ਇਸ ਔਰਤ ਦੀ ਪਛਾਣ 24 ਸਾਲ ਦੀ ਲੀਡੀ ਹਰਨੇਂਡੇਜ਼ ਵਜੋਂ ਹੋਈ ਹੈ। ਮੈਕਸੀਕੋ ਦੇ ਨੈਸ਼ਨਲ ਇਮੀਗ੍ਰੇਸ਼ਨ ਇੰਸਟੀਚਿਊਟ ਨੇ ਕਿਹਾ ਕਿ ਇਹ ਘਟਨਾ ਸ਼ਨੀਵਾਰ ਦੁਪਹਿਰ ਇਗਨਾਸੀਓ ਜ਼ਰਾਗੋਜ਼ਾ ਸਰਹੱਦੀ ਪੁਲ 'ਤੇ ਵਾਪਰੀ ਹੈ, ਜਿਸ ਨੂੰ "ਲਾਸ ਟੋਮੈਟਸ" ਵੀ ਕਿਹਾ ਜਾਂਦਾ ਹੈ। ਅਧਿਕਾਰੀਆਂ ਅਨੁਸਾਰ ਇਸ ਔਰਤ ਨੂੰ ਮੈਟਾਮੋਰੋਸ ਦੇ ਇੱਕ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੁਫਤ ਦੇਖਭਾਲ ਕੀਤੀ ਗਈ ਅਤੇ ਅਧਿਕਾਰੀਆਂ ਅਨੁਸਾਰ ਉਸ ਦੇ ਬੱਚੇ ਨੂੰ ਮੈਕਸੀਕਨ ਨਾਗਰਿਕਤਾ ਲੈਣ ਦਾ ਅਧਿਕਾਰ ਹੋਵੇਗਾ। ਇਹ ਮਹਿਲਾ ਹਰਨੇਂਡੇਜ 800 ਦੇ ਲੱਗਭਗ ਪ੍ਰਵਾਸੀਆਂ ਵਿੱਚ ਸ਼ਾਮਲ ਸੀ ਜੋ ਇੱਕ ਰਿਵਰਸਾਈਡ ਕੈਂਪ ਵਿੱਚ ਪਨਾਹ ਲੈ ਰਹੇ ਸਨ, ਜਦੋਂਕਿ ਉਨ੍ਹਾਂ ਦੇ ਪਨਾਹ ਜਾਂ ਵੀਜ਼ਾ ਦੇ ਦਾਅਵਿਆਂ ਬਾਰੇ ਸੰਯੁਕਤ ਰਾਜ ਦੀ ਸੁਣਵਾਈ ਦੀ ਉਡੀਕ ਕੀਤੀ ਜਾ ਰਹੀ ਹੈ।

# ਹਿਊਸਟਨ ਦੇ ਨਾਈਟ ਕਲੱਬ ਦੇ ਬਾਹਰ ਚੱਲੀ ਗੋਲੀ ਦੌਰਾਨ ਹੋਈ ਔਰਤ ਦੀ ਮੌਤ, ਤਿੰਨ ਪੁਲਿਸ ਅਧਿਕਾਰੀ ਵੀ ਹੋਏ ਜਖਮੀ




**ਫਰਿਜ਼ਨੋ (ਕੈਲੀਫੋਰਨੀਆਂ), 4 ਜਨਵਰੀ 2021–** ਅਮਰੀਕਾ ਵਿੱਚ ਹਰ ਦਿਨ ਹੁੰਦੀਆਂ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਵਿੱਚ ਰੋਜ਼ਾਨਾ ਹੁੰਦੀਆਂ ਇਸ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ ਵਿੱਚ ਕਈ ਨਾਗਰਿਕ ਆਪਣੀ ਜਾਨ ਗਵਾ ਚੁੱਕੇ ਹਨ। ਐਤਵਾਰ ਦੇ ਦਿਨ ਵੀ ਹਿਊਸਟਨ ਵਿੱਚ ਹੋਈ ਗੋਲੀਬਾਰੀ ਦੀ ਘਟਨਾ ਨੇ ਇੱਕ ਔਰਤ ਦੀ ਜਾਨ ਲੈ ਲਈ ਹੈ। ਪੁਲਿਸ ਦੁਆਰਾ ਦਿੱਤੀ ਜਾਣਕਾਰੀ ਦੇ ਅਨੁਸਾਰ ਹਿਊਸਟਨ ਦੇ ਇੱਕ ਨਾਈਟ ਕਲੱਬ ਦੇ ਬਾਹਰ ਹੋਈ ਗੋਲੀਬਾਰੀ ਵਿੱਚ ਇੱਕ ਔਰਤ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਜਦਕਿ ਇਸ ਦੌਰਾਨ ਤਿੰਨ ਡਿਪਟੀ ਅਧਿਕਾਰੀ ਵੀ ਜ਼ਖ਼ਮੀ ਹੋ ਗਏ। ਹੈਰਿਸ ਕਾਉਂਟੀ ਸ਼ੈਰਿਫ ਐਡ ਗੋਂਜ਼ਾਲੇਜ਼ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਤਿੰਨ ਡਿਪਟੀ ਅਧਿਕਾਰੀ ਇੱਕ ਕਲੱਬ ਦੀ ਪਾਰਕਿੰਗ ਵਾਲੀ ਥਾਂ ਤੇ ਲੜਾਈ ਦੌਰਾਨ ਹੋਈ ਗੋਲੀਬਾਰੀ ਦਾ ਜਵਾਬ ਦੇਣ ਦੀ ਕਾਰਵਾਈ ਵਿੱਚ ਜਖਮੀ ਹੋ ਗਏ ,ਜਿਹਨਾਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ। ਇਸ ਵਾਰਦਾਤ ਸੰਬੰਧੀ ਸ਼ਹਿਰ ਦੇ ਕਾਰਜਕਾਰੀ ਸਹਾਇਕ ਥਾਣਾ ਮੁਖੀ ਟਰੋਏ ਫਿਨਰ ਅਨੁਸਾਰ ਮਰਨ ਵਾਲੀ ਔਰਤ ਇੱਕ ਆਮ ਨਾਗਰਿਕ ਸੀ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਸੀ ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਕਰ ਦਿੱਤਾ ਗਿਆ। ਇਸ ਗੋਲੀਬਾਰੀ ਦੇ ਸ਼ੱਕੀ ਸੂਟਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਪਰ ਉਸ ਦੁਆਰਾ ਚਲਾਈ ਗਈ ਗੋਲੀ ਦਾ ਮਕਸਦ ਫਿਲਹਾਲ ਸਾਹਮਣੇ ਨਹੀ ਆਇਆ ਹੈ, ਜਦਕਿ ਪੁਲਿਸ ਦੁਆਰਾ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਟੈਕਸਾਸ ਦੀ ਚਰਚ "ਚ ਗੋਲੀਬਾਰੀ ਦੌਰਾਨ ਹੋਈ ਪਾਦਰੀ ਦੀ ਮੌਤ, 2 ਹੋਰ ਜ਼ਖਮੀ





**ਫਰਿਜ਼ਨੋ (ਕੈਲੀਫੋਰਨੀਆਂ), 4 ਜਨਵਰੀ 2021–** ਟੈਕਸਾਸ ਦੀ ਇੱਕ ਚਰਚ ਵਿੱਚ ਇੱਕ ਵਿਅਕਤੀ ਵੱਲੋਂ ਗੋਲੀ ਮਾਰ ਕੇ ਇੱਕ ਪਾਦਰੀ ਦੀ ਹੱਤਿਆ ਅਤੇ ਦੋ ਹੋਰ ਵਿਅਕਤੀਆਂ ਨੂੰ ਜਖਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇੱਕ ਸਥਾਨਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇੱਕ 21 ਸਾਲਾ ਵਿਅਕਤੀ ਜੋ ਕਿ ਪੁਲਿਸ ਦੇ ਡਰੋਂ ਪੂਰਬੀ ਟੈਕਸਾਸ ਦੀ ਚਰਚ ਵਿੱਚ ਲੁਕਿਆ ਸੀ ਨੇ ਇਸ ਘਟਨਾ ਨੂੰ ਅੰਜ਼ਾਮ ਦਿੱਤਾ। ਪੁਲਿਸ ਅਨੁਸਾਰ ਅਧਿਕਾਰੀ ਟੈਕਸਾਸ ਦੇ ਮਾਰਸ਼ਲ ਵਿੱਚ ਰਹਿਣ ਵਾਲੇ ਇਸ 21 ਸਾਲਾ ਮਾਇਟਰੇਜ਼ ਡਿਊਨਟ ਵੂਲੇਨ ਨਾਮ ਦੇ ਵਿਅਕਤੀ ਨੂੰ ਸ਼ਨੀਵਾਰ ਦੇ ਦਿਨ ਵੋਲਕਸਵੈਗਨ ਜੇਟਾ ਦੀ ਛੱਤ ਰਾਹੀਂ ਸ਼ਾਟਗਨ ਬੰਨ੍ਹਣ ਦੇ ਸ਼ੱਕ ਵਿੱਚ ਉਸਦੀ ਕਾਰ ਦਾ ਪਿੱਛਾ ਕਰਨ ਤੋਂ ਬਾਅਦ ਵਿਨੋਨਾ ਨੇੜੇ ਜੰਗਲ ਵਿੱਚ ਸ਼ਨੀਵਾਰ ਦੇਰ ਰਾਤ ਤੱਕ ਇਸ ਸ਼ੱਕੀ ਵਿਅਕਤੀ ਦੀ ਭਾਲ ਲਈ ਖੋਜੀ ਕੁੱਤੇ ਅਤੇ ਡਰੋਨ ਦੀ ਵਰਤੋਂ ਨਾਲ ਕਰ ਰਹੇ ਸਨ ਸੀ ਅਤੇ ਉਸ ਖੇਤਰ ਨੇੜਲੀ ਸਟਾਰਵਿਲ ਮੈਥੋਡਿਸਟ ਚਰਚ ਦੇ ਪਾਦਰੀ ਨੇ ਇਸ ਦੋਸ਼ੀ ਵਿਅਕਤੀ ਨੂੰ ਐਤਵਾਰ ਸਵੇਰੇ ਚਰਚ ਦੇ ਇੱਕ ਬਾਥਰੂਮ ਵਿੱਚ ਲੁਕਿਆ ਹੋਇਆ ਪਾਇਆ। ਕਾਉਂਟੀ ਸੈਰਿਫ ਲੈਰੀ ਸਮਿੱਥ ਅਨੁਸਾਰ ਚਰਚ ਦੇ ਪਾਦਰੀ ਮਾਰਕ ਐਲੇਨ ਮੈਕਵਿਲੀਅਮਜ਼ (62) ਨੇ ਇੱਕ ਬੰਦੂਕ ਨਾਲ ਵੂਲੇਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਦੋਸ਼ੀ ਨੇ ਪਾਦਰੀ ਤੋਂ ਬੰਦੂਕ ਖੋਹ ਕੇ ਇਸ ਨਾਲ ਗੋਲੀਬਾਰੀ ਸ਼ੁਰੂ ਕਰ ਦਿੱਤੀ ,ਜਿਸ ਵਿੱਚ ਪਾਦਰੀ ਮੈਕਵਿਲੀਅਮਜ਼ ਮਾਰਿਆ ਗਿਆ ਅਤੇ ਇਕ ਦੂਜਾ ਵਿਅਕਤੀ ਜ਼ਖਮੀ ਹੋ ਗਿਆ ਜਦਕਿ ਇੱਕ ਹੋਰ ਡਿੱਗਣ ਨਾਲ ਜ਼ਖਮੀ ਹੋ ਗਿਆ। ਇਸ ਤੋਂ ਬਾਅਦ ਵੂਲਨ ਪਾਦਰੀ ਦੀ ਗੱਡੀ ਚੋਰੀ ਕਰਕੇ ਨੇੜੇ ਦੇ ਹੈਰੀਸਨ ਕਾਉਂਟੀ ਵਿੱਚ ਪੁਲਿਸ ਦੁਆਰਾ ਫੜੇ ਜਾਣ ਤੋਂ ਪਹਿਲਾਂ ਪੂਰਬ ਵੱਲ ਭੱਜ ਗਿਆ ਸੀ। ਪੁਲਿਸ ਅਨੁਸਾਰ ਵੂਲਨ 'ਤੇ ਸੰਗੀਨ ਹਮਲੇ ਅਤੇ ਕਤਲ ਦਾ ਦੋਸ਼ ਲਗਾ ਕੇ ਸਮਿਥ ਕਾਉਂਟੀ ਜੇਲ੍ਹ ਵਿੱਚ ਰੱਖਿਆ ਜਾ ਰਿਹਾ ਹੈ, ਅਤੇ ਉਸਦੇ ਬਾਂਡ ਦੀ ਕੀਮਤ 3.5 ਮਿਲੀਅਨ ਡਾਲਰ ਰੱਖੀ ਗਈ ਹੈ। ਗੋਲੀਬਾਰੀ ਦੀ ਘਟਨਾ ਸਵੇਰੇ 9: 20 ਵਜੇ ਦੇ ਕਰੀਬ ਹੋਈ ਦੱਸੀ ਗਈ ਹੈ ਅਤੇ ਉਸ ਸਮੇਂ ਚਰਚ ਵਿੱਚ ਕੋਈ ਸੇਵਾ ਨਹੀਂ ਚੱਲ ਰਹੀ ਸੀ ਜਦਕਿ ਚਰਚ ਵਿੱਚ ਪਾਦਰੀ ਸਮੇਤ ਉਸਦੀ ਪਤਨੀ ਅਤੇ ਦੋ ਹੋਰ ਲੋਕ ਮੌਜੂਦ ਸਨ।

# ਨੈਨਸੀ ਪੇਲੋਸੀ ਇੱਕ ਵਾਰ ਫਿਰ ਚੁਣੀ ਗਈ ਸਦਨ ਦੀ ਸਪੀਕਰ



**ਫਰਿਜ਼ਨੋ (ਕੈਲੀਫੋਰਨੀਆਂ), 4 ਜਨਵਰੀ 2021–** ਨੈਨਸੀ ਪੇਲੋਸੀ ਨੇ ਐਤਵਾਰ ਨੂੰ ਸਦਨ ਦੇ ਸਪੀਕਰ ਵਜੋਂ ਇਕ ਹੋਰ ਕਾਰਜਕਾਲ ਦੀ ਜਿੱਤ ਆਪਣੇ ਨਾਮ ਕਰਦਿਆਂ 117 ਵੀਂ ਕਾਂਗਰਸ ਦੀ ਸ਼ੁਰੂਆਤ ਹੋਣ 'ਤੇ ਜੇਤੂ ਵੋਟ ਹਾਸਲ ਕੀਤੀ ਹੈ। ਕੈਲੀਫੋਰਨੀਆਂ ਦੀ ਡੈਮੋਕਰੇਟ, 80 ਸਾਲਾਂ ਪੈਲੋਸੀ ਨੇ ਲਗਾਤਾਰ ਦੂਸਰੇ ਸਾਲ ਇਸ ਪਦ ਦਾ ਕਾਰਜਕਾਲ ਸੰਭਾਲੇਗੀ ਜਦਕਿ ਉਹਨਾਂ ਨੂੰ ਕੁੱਲ ਚਾਰ ਵਾਰ ਇਸ ਅਹੁਦੇ ਰਾਹੀ ਸੇਵਾ ਦਾ ਅਵਸਰ ਮਿਲਿਆ ਹੈ। ਇਸ ਪ੍ਰਕਿਰਿਆ ਦੌਰਾਨ ਮੈਂਬਰਾਂ ਨੇ ਐਤਵਾਰ ਸ਼ਾਮ ਨੂੰ ਸਹੁੰ ਚੁੱਕਣ ਤੋਂ ਪਹਿਲਾਂ ਸਪੀਕਰ ਲਈ ਵੋਟਾਂ ਪਾਈਆਂ, ਜਿਸ ਵਿੱਚ ਪੈਲੋਸੀ ਨੇ 216 ਡੈਮੋਕਰੇਟਸ ਤੋਂ ਸਮਰਥਨ ਪ੍ਰਾਪਤ ਕਰਕੇ ਸਦਨ ਦੀ ਇਸ ਚੋਟੀ ਦੀ ਸਥਿਤੀ ਨੂੰ ਸੁਰੱਖਿਅਤ ਕਰਨ ਲਈ 214 ਦੇ ਥ੍ਰੈਸ਼ਹੋਲਡ ਨੂੰ ਪਾਰ ਕੀਤਾ ਜਦਕਿ ਦੋ ਡੈਮੋਕ੍ਰੇਟਸ ਮਾਈਨ ਦੇ ਜੇਰੇਡ ਗੋਲਡਨ ਅਤੇ ਪੈਨਸਿਲਵੇਨੀਆ ਦੇ ਕੋਨੋਰ ਲੇਮ ਨੇ ਕ੍ਰਮਵਾਰ ਇਲੀਨੋਏ ਦੇ ਸੈਨੇਟਰ ਟੈਮੀ ਡਕਵਰਥ ਅਤੇ ਨਿਊਯਾਰਕ ਦੇ ਕਾਂਗਰਸੀ ਮੈਂਬਰ ਹਕੀਮ ਜੇਫਰੀਜ ਨੂੰ ਵੋਟਾਂ ਪਾਈਆਂ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਨਿਊਯਾਰਕ ਤੋਂ ਡੈਮੋਕ੍ਰੇਟ ਕਾਂਗਰਸ ਦੀ ਅਲੈਗਜ਼ੈਂਡਰੀਆ ਓਕਾਸੀਓ ਕੋਰਟੇਜ਼ ਅਤੇ "ਦਿ ਸਕੁਐਡ" ਦੇ ਹੋਰ ਮੈਂਬਰਾਂ ਨੇ ਵੀ ਪੈਲੋਸੀ ਦਾ ਸਮਰਥਨ ਕੀਤਾ। ਹਾਊਸ ਘੱਟ ਗਿਣਤੀ ਦੇ ਨੇਤਾ ਕੇਵਿਨ ਮੈਕਕਾਰਥੀ ਨੇ ਪੈਲੋਸੀ ਦੇ ਮੁਕਾਬਲੇ ਰਿਪਬਲਿਕਨ ਤੋਂ 209 ਵੋਟਾਂ ਪ੍ਰਾਪਤ ਕੀਤੀਆਂ। ਸਪੀਕਰ ਦੇ ਚੌਥੇ ਕਾਰਜਕਾਲ ਲਈ ਚੋਣ ਤੋਂ ਬਾਅਦ ਪੈਲੋਸੀ ਨੇ ਕਿਹਾ ਕਿ ਚੈਂਬਰ ਦੀ ਸਭ ਤੋਂ ਜ਼ਰੂਰੀ ਤਰਜੀਹ ਕੋਰੋਨਾਂ ਵਾਇਰਸ ਮਹਾਂਮਾਰੀ ਨੂੰ ਹਰਾਉਣਾ ਹੈ।

# ਕੈਲੀਫੋਰਨੀਆਂ ਦੇ ਹਸਪਤਾਲ ਵਿੱਚ ਐਮਰਜੈਂਸੀ ਕਮਰੇ ਦੇ 44 ਕਰਮਚਾਰੀ ਹੋਏ ਕੋਰੋਨਾਂ ਪਾਜ਼ੇਟਿਵ



**ਫਰਿਜ਼ਨੋ (ਕੈਲੀਫੋਰ-ਨੀਆਂ), 4 ਜਨਵਰੀ 2021–** ਅਮਰੀਕੀ ਸੂਬੇ ਕੈਲੀਫੋਰਨੀਆਂ ਵਿੱਚ ਵਾਇਰਸ ਦਾ ਫੈਲਾਅ ਲਗਾਤਾਰ ਜਾਰੀ ਹੈ। ਸੂਬੇ ਵਿੱਚ ਹੋ ਰਹੇ ਹੋਰ ਮਾਮਲਿਆਂ ਦੇ ਨਾਲ ਕੋਰੋਨਾਂ ਨੇ ਇੱਕ ਹਸਪਤਾਲ ਦੇ 44 ਸਟਾਫ ਮੈਂਬਰਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਉਹ ਸੈਨ ਜੋਸ ਹਸਪਤਾਲ ਦੇ ਐਮਰਜੈਂਸੀ ਰੂਮ ਸਟਾਫ ਵਿਚਕਾਰ ਕੋਵਿਡ -19 ਦੇ ਫੈਲਣ ਦੀ ਜਾਂਚ ਕਰ ਰਹੇ ਹਨ, ਜਿਸ ਨੇ ਕ੍ਰਿਸਮਸ ਤੋਂ ਲੈ ਕੇ ਹੁਣ ਤੱਕ 44 ਕਰਮਚਾਰੀਆਂ ਨੂੰ ਪਾਜ਼ੇਟਿਵ ਕੀਤਾ ਹੈ। ਹਸਪਤਾਲ ਦੇ ਸਟਾਫ ਦਰਮਿਆਨ ਵਾਇਰਸ ਦੀ ਲਾਗ ਇੱਕ ਕਰਮਚਾਰੀ ਦੁਆਰਾ ਇੱਕ ਹਵਾ ਨਾਲ ਚੱਲਣ ਵਾਲੇ ਪਹਿਰਾਵੇ ਨੂੰ ਪਹਿਨਣ ਦੇ ਬਾਅਦ ਸ਼ੁਰੂ ਹੋਈ ਹੈ। ਇਸ ਮਾਮਲੇ ਦੇ ਸੰਬੰਧ ਵਿੱਚ ਹਸਪਤਾਲ ਦੀ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਅਤੇ ਏਰੀਆ ਮੈਨੇਜਰ ਆਇਰੀਨ ਸ਼ਾਵੇਜ਼ ਅਨੁਸਾਰ ਕੈਸਰ ਪਰਮਾਨੈਂਟ ਸੈਨ ਜੋਸ ਐਮਰਜੈਂਸੀ ਵਿਭਾਗ ਦੇ ਕਰਮਚਾਰੀਆਂ ਨੇ 27 ਦਸੰਬਰ ਤੋਂ 1 ਜਨਵਰੀ ਦੇ ਵਿਚਕਾਰ ਪਾਜ਼ੇਟਿਵ ਟੈਸਟ ਕੀਤੇ ਹਨ ਅਤੇ ਵਾਇਰਸ ਨਾਲ ਪ੍ਰਭਾਵਿਤ ਕਰਮਚਾਰੀ ਕੁਆਰੰਟੀਨ ਹੋ ਰਹੇ ਹਨ। ਸ਼ਾਵੇਜ਼ ਅਨੁਸਾਰ ਵਾਇਰਸ ਦੇ ਇਸ ਪ੍ਰਕੋਪ ਤੋਂ ਬਾਅਦ ਹਸਪਤਾਲ ਦੇ ਐਮਰਜੈਂਸੀ ਕਮਰੇ ਦੀ ਚੰਗੀ ਤਰ੍ਹਾਂ ਸਫਾਈ ਕਰਵਾਈ ਗਈ ਹੈ ਅਤੇ ਇਹ ਡਾਕਟਰੀ ਸਹੂਲਤ ਮਰੀਜ਼ਾਂ ਲਈ ਖੁੱਲੀ ਅਤੇ ਪੂਰੀ ਤਰ੍ਹਾਂ ਸੁਰੱਖਿਅਤ ਹੈ।




NIRMAL SINGH BADHAN
NSB Insurance
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com


## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਪੱਛਮੀ ਵਰਜੀਨੀਆ ਵਿੱਚ 42 ਲੋਕਾਂ ਨੂੰ ਗਲਤੀ ਨਾਲ ਕੋਰੋਨਾ ਟੀਕੇ ਦੀ ਬਜਾਏ ਲਗਾਇਆ ਹੋਰ ਟੀਕਾ

**ਫਰਿਜ਼ਨੋ (ਕੈਲੀਫੋਰਨੀਆਂ), 1 ਜਨਵਰੀ 2021–** ਵੈਸਟ ਵਰਜੀਨੀਆ "ਚ ਟੀਕਾਕਰਨ ਪ੍ਰਕਿਰਿਆ ਵਿੱਚ ਹੋਈ ਗਲਤੀ ਕਾਰਨ 42 ਦੇ ਕਰੀਬ ਲੋਕਾਂ ਨੂੰ ਕੋਰੋਨਾਂ ਟੀਕੇ ਦੀ ਜਗ੍ਹਾ ਤੇ ਹੋਰ ਟੀਕਾ ਲਗਾ ਦਿੱਤਾ ਗਿਆ ਹੈ। ਇਸ ਮਾਮਲੇ ਬਾਰੇ ਨੈਸ਼ਨਲ ਗਾਰਡ ਨੇ ਵੀਰਵਾਰ ਨੂੰ ਦੱਸਿਆ ਕਿ ਪੱਛਮੀ ਵਰਜੀਨੀਆ ਦੀ ਬੂਨ ਕਾਉਂਟੀ ਵਿੱਚ ਬੁੱਧਵਾਰ ਦੇ ਦਿਨ 42 ਲੋਕਾਂ ਨੂੰ ਕੋਰੋਨਾਂ ਵਾਇਰਸ ਦਾ ਟੀਕਾ ਲਗਾਇਆ ਜਾਣਾ ਸੀ ਪਰ ਉਹਨਾਂ ਨੂੰ ਗ਼ਲਤੀ ਨਾਲ ਇੱਕ ਪ੍ਰਯੋਗਾਤਮਿਕ ਮੋਨੋਕਲੋਨਲ ਐਂ-ਟੀਬਾਡੀ ਇਲਾਜ ਦਾ ਟੀਕਾ ਲਗਾ ਦਿੱਤਾ ਗਿਆ ਜਦਕਿ ਟੀਕਾ ਲੱਗਣ ਤੋਂ ਬਾਅਦ 42 ਵਿਅਕਤੀਆਂ ਵਿੱਚੋਂ ਕਿਸੇ ਨੇ ਵੀ ਕੋਈ ਮਾੜਾ ਪ੍ਰਭਾਵ ਵਿਕਸਤ ਨਹੀ ਕੀਤਾ ਹੈ। ਗਲਤੀ ਨਾਲ ਦਿੱਤਾ ਗਿਆ ਪ੍ਰਯੋਗਾਤਮਕ ਇਲਾਜ ਦਾ ਟੀਕਾ, ਰੈਗਨੇਰੋਨ ਦੁਆਰਾ ਬਣਾਇਆ ਐਂਟੀਬਾਡੀਜ਼ ਦਾ ਕਾਕਟੇਲ ਹੈ ਜੋ ਕਿ ਰਾਸ਼ਟਰਪਤੀ ਟਰੰਪ ਨੂੰ ਵਾਇਰਸ ਕਰਕੇ&; ਹਸਪਤਾਲ ਵਿੱਚ ਦਾਖਲ ਹੋਣ ਸਮੇਂ ਦਿੱਤਾ ਗਿਆ ਸੀ। ਵੈਸਟ ਵਰਜੀਨੀਆ ਨੈਸ਼ਨਲ ਗਾਰਡ ਦੇ ਐਡਜੁਟੈਂਟ ਜਨਰਲ, ਮੇਜਰ ਜੇਮਜ਼ ਹੋਯਰ ਅਨੁਸਾਰ ਟੀਕਿਆਂ ਦੀ ਇਹ ਮਿਲਾਵਟ ਸਪੱਸ਼ਟ ਤੌਰ 'ਤੇ ਰੇਗਨੇ-ਰੋਨ ਕਾਕਟੇਲ ਦੀ ਇੱਕ ਸ਼ਿਪਮੈਂਟ ਨੂੰ ਇਸਦੇ ਡਿਸਟ੍ਰੀਬਿਊਸ਼ਨ ਹੱਬ ਵਿਚ ਪਹੁੰਚਾਉਣ ਸਮੇਂ ਹੋਈ ਹੈ ,ਜਿੱਥੇ ਇਸਦੀਆਂ ਸ਼ੀਸ਼ੀਆਂ ਮੋਡਰਨਾ ਦੀ ਸਪਲਾਈ ਵਿੱਚ ਰੱਖੀਆਂ ਜਾਂਦੀਆਂ ਹਨ। ਇਸ ਲਈ ਵਰਕਰਾਂ ਨੇ ਜ਼ਾਹਰ ਤੌਰ 'ਤੇ ਇਸ ਦੀਆਂ ਸ਼ੀਸ਼ੀਆਂ ਨੂੰ ਬੂਨ ਕਾਉਂਟੀ ਵਿੱਚ ਭੇਜੀ ਜਾਣ ਵਾਲੀ ਕੋਰੋਨਾਂ ਟੀਕੇ ਦੀ ਲੜੀ ਵਿੱਚ ਸ਼ਾਮਲ ਕੀਤਾ ਹੋ ਸਕਦਾ ਹੈ। ਇਹਨਾਂ ਦੋਵਾਂ ਟੀਕਿਆਂ ਦੀਆਂ ਸ਼ੀਸ਼ੀਆਂ ਇਕੋ ਜਿਹੀਆਂ ਦਿਖਾਈ ਦਿੰਦੀਆਂ ਹਨ, ਪਰ ਦੋਵਾਂ 'ਤੇ ਅਲੱਗ ਲੇਬਲ ਲਗਾਏ ਜਾਂਦੇ ਹਨ ਅਤੇ ਦੋਵਾਂ ਨੂੰ ਹੀ ਵਰਤਣ ਤੋਂ ਪਹਿਲਾਂ ਫਰਿੱਜ ਵਿਚ ਰੱਖਿਆ ਜਾਂਦਾ ਹੈ। ਸ਼ਿਪਮੈਂਟ ਵਿੱਚ ਹੋਈ ਗਲਤੀ ਸੰਬੰਧੀ, ਗਾਰਡ ਦੁਆਰਾ ਜਾਰੀ ਇੱਕ ਬਿਆਨ ਅਨੁਸਾਰ ਸਪਲਾਈ ਦੀ ਪ੍ਰਕਿਰਿਆ ਵਿੱਚ ਇਸ ਤੋਂ ਬਿਨਾਂ ਟੀ-ਕਿਆਂ ਦੀ ਕੋਈ ਹੋਰ ਖੇਪ ਪ੍ਰਭਾਵਿਤ ਨਹੀਂ ਹੋਈ ਹੈ। ਜਿਕਰਯੋਗ ਹੈ ਕਿ ਪੱਛਮੀ ਵਰਜੀਨੀਆ ਵਿਚ ਅਧਿਕ-ਾਰੀਆਂ ਨੇ ਵੀਰਵਾਰ ਨੂੰ 1110 ਨਵੇਂ ਕੋਰੋਨਾਂ ਵਾਇਰਸ ਮਾਮਲੇ ਅਤੇ 20 ਨਵੀਆਂ ਮੌਤਾਂ ਦੀ ਪੁਸ਼ਟੀ ਕੀਤੀ ਹੈ ਜਦਕਿ ਅੰਕੜਿਆਂ ਅਨੁਸਾਰ ਮਹਾਂਮ-ਾਰੀ ਦੀ ਸ਼ੁਰੂਆਤ ਤੋਂ ਬਾਅਦ ਰਾਜ ਵਿੱਚ ਘੱਟੋ ਘੱਟ 85,334 ਕੇਸ ਅਤੇ 1,338 ਮੌਤਾਂ ਦਰਜ਼ ਹੋਈਆਂ ਹਨ।



# ਫਲੋਰਿਡਾ ਵਿੱਚ ਸਾਹਮਣੇ ਆਇਆ ਕੋਰੋਨਾਂ ਵਾਇਰਸ ਦੇ ਨਵੇਂ ਰੂਪ ਦਾ ਤੀਜਾ ਮਾਮਲਾ



**ਫਰਿਜ਼ਨੋ (ਕੈਲੀਫੋਰਨੀਆਂ), 1 ਜਨਵਰੀ 2021–** ਕੋਰੋਨਾਂ ਵਾਇਰਸ ਦਾ ਇੱਕ ਨਵਾ ਰੂਪ ਜੋ ਕਿ ਸਿਹਤ ਮਾਹਿਰਾਂ ਅਨੁਸਾਰ ਜ਼ਿਆਦਾ ਤੇਜੀ ਨਾਲ ਲੋਕਾਂ ਵਿੱਚ ਫੈਲਦਾ ਹੈ, ਸਭ ਤੋਂ ਪਹਿਲਾਂ ਯੂਕੇ ਵਿੱਚ ਸਾਹਮਣੇ ਆਇਆ ਸੀ। ਸੰਯੁਕਤ ਰਾਜ ਵਿੱਚ ਵੀ ਇਸ ਵਾਇਰਸ ਦੀ ਲਾਗ ਦੇ ਮਾਮਲੇ ਸਾਹਮਣੇ ਆ ਰਹੇ ਹਨ । ਇਸ ਕੋਰੋਨਾਂ ਵਾਇਰਸ ਸਟ੍ਰੇਨ ਦੇ ਤੀਜੇ ਮਾਮਲੇ ਦੀ ਅਮਰੀਕੀ ਸੂਬੇ ਫਲੋਰਿਡਾ ਦੇ ਸਿਹਤ ਵਿਭਾਗ ਨੇ ਵੀਰਵਾਰ ਨੂੰ ਪੁਸ਼ਟੀ ਕੀਤੀ ਹੈ। ਇਸ ਸੰਬੰਧੀ ਫਲੋਰਿਡਾ ਦੇ ਸਿਹਤ ਵਿਭਾਗ ਨੇ ਟਵਿੱਟਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕੋਵਿਡ -19 ਵੇਰੀਐਂਟ ਫਲੋਰਿਡਾ ਦੀ ਮਾਰਟਿਨ ਕਾਉਂਟੀ ਦੇ ਇੱਕ 20 ਸਾਲਾਂ ਆਦਮੀ ਵਿੱਚ ਮਿਲਿਆ ਹੈ, ਜਿਸਦੀ ਜਾਂਚ ਤੋਂ ਪਹਿਲਾਂ ਕੋਈ ਯਾਤਰਾ ਦੀ ਹਿਸਟਰੀ ਨਹੀਂ ਸੀ। ਫਲੋਰਿਡਾ ਵਿੱਚ ਇਹ ਇਸ ਕਿਸਮ ਦੇ ਵਾਇਰਸ ਦਾ ਤੀਜਾ ਮਾਮਲਾ ਹੈ ਜਦਕਿ ਇਸ ਵਾਇਰਸ ਪਰਿਵਰਤਨ ਦੇ ਦੋ ਹੋਰ ਮਾਮਲੇ ਇਸ ਹਫਤੇ ਦੇ ਸ਼ੁਰੂ ਵਿੱਚ ਸੰਯੁਕਤ ਰਾਜ ਅਮਰੀਕਾ ਦੇ ਕੋਲੋਰਾਡੋ ਅਤੇ ਕੈਲੀ-ਫੋਰਨੀਆ ਵਿੱਚ ਸਾਹਮਣੇ ਆਏ ਸਨ। ਇਸ ਵਾਇਰਸ ਦੇ ਬਾਰੇ ਬ੍ਰਿਟਿਸ਼ ਪ੍ਰਧਾਨਮੰਤਰੀ ਬੌਰਿਸ ਜਾਨਸਨ ਨੇ ਚੇਤਾਵਨੀ ਦਿੱਤੀ ਸੀ ਕਿ ਕੋਰੋਨਾਂ ਵਾਇਰਸ ਦਾ ਨਵਾਂ ਰੂਪ ਪਿਛਲੇ ਵਾਇਰਸ ਨਾਲੋਂ 70 ਪ੍ਰਤੀਸ਼ਤ ਵਧੇਰੇ ਫੈਲਣ ਵਾਲਾ ਹੋ ਸਕਦਾ ਹੈ ਜਦਕਿ ਡਾ. ਐਂਥਨੀ ਫੌਸ਼ੀ ਨੇ ਵੀ ਇਸ ਸਟ੍ਰੇਨ ਦੀ ਦੂਜੇ ਰਾਜਾਂ ਵਿੱਚ ਫੈਲਣ ਦਾ ਖਦਸ਼ਾ ਪ੍ਰਗਟ ਕੀਤਾ ਹੈ।

# ਡੇਵਿਡ ਪਰਡਿਊ ਜਾਰਜੀਆ ਦੀਆਂ ਸੈਨੇਟ ਚੋਣਾਂ ਤੋਂ ਕੁੱਝ ਦਿਨ ਪਹਿਲਾਂ ਹੋਏ ਕੁਆਰੰਟੀਨ



**ਫਰਿਜ਼ਨੋ (ਕੈਲੀਫੋਰਨੀਆਂ), 1 ਜਨਵਰੀ 2021–** ਜਾਰਜੀਆ ਦੇ ਰਿਪਬਲਿਕਨ ਸੈਨੇਟਰ ਡੇਵਿਡ ਪਰਡਿਊ ਅਤੇ ਉਸ ਦੀ ਪਤਨੀ ਦਾ ਕੋਵਿਡ -19 ਲਈ ਸਕਾਰਾਤਮਕ ਟੈਸਟ ਕਰਨ ਵਾਲੇ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ, ਯੂ ਐਸ ਏ ਦੀਆਂ ਮਹੱਤਵਪੂਰਨ ਸੈਨੇਟ ਦੀਆਂ ਚੋਣਾਂ ਤੋਂ ਕੁਝ ਦਿਨ ਪਹਿਲਾਂ ਇਕਾਂਤਵਾਸ ਹੋਣ ਦਾ ਐਲਾਨ ਉਹਨਾਂ ਦੀ ਮੁਹਿੰਮ ਦੁਆਰਾ ਵੀਰਵਾਰ ਨੂੰ ਕੀਤਾ ਗਿਆ। ਪਰਡਿਊ ਦੀ ਚੋਣ ਮੁਹਿੰਮ ਅਧਿਕਾਰੀਆਂ ਦੇ ਬਿਆਨ ਅਨੁਸਾਰ ਸੈਨੇਟਰ ਪਰਡਿਊ ਅਤੇ ਉਸ ਦੀ ਪਤਨੀ ਨੇ ਵਾਇਰਸ ਦਾ ਨਕਾਰਾਤਮਕ ਟੈਸਟ ਕੀਤਾ ਹੈ ਪਰ ਡਾਕਟਰ ਦੀਆਂ ਸਿਫਾਰਸ਼ਾਂ ਅਤੇ ਸੀ.ਡੀ.ਸੀ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ, ਕੁਆਰੰਟੀਨ ਹੋਣਗੇ ਜਦਕਿ ਇਹ ਅਜੇ ਅਸਪਸ਼ਟ ਹੈ ਕਿ ਪਰਡਿਊ ਕਿੰਨੀ ਦੇਰ ਲਈ ਇਕਾਂਤਵਾਸ ਦੀ ਪ੍ਰਕਿਰਿਆ ਵਿੱਚ ਰਹਿਣਗੇ, ਪਰ ਇਸ ਨਾਲ ਜਨਵਰੀ 5 ਦੀ ਸੈਨੇਟ ਦੀ ਰਨ ਆਫ ਚੋਣ ਵਿੱਚ ਉਸਦੀ ਮੁੜ ਚੋਣ ਪ੍ਰਕਿਰਿਆ ਵਿੱਚ ਅਟਕਲ ਪਵੇਗੀ। ਸੈਨੇਟ ਦਾ ਰਿਪਬਲਿਕਨ ਕੰਟਰੋਲ ਡੈਮੋਕਰੇਟਸ ਦੇ ਨਾਲ ਸੰਤੁਲਨ ਵਿੱਚ ਹੈ।

ਸੈਨੇਟ ਦਾ ਮੌਜੂਦਾ ਸੰਤੁਲਨ 50 ਰਿਪਬਲਿਕਨ ਅਤੇ 48 ਡੈਮੋਕਰੇਟਸ ਨਾਲ ਹੈ, ਇਸ ਲਈ ਇਹ ਦੋਵੇਂ ਸੀਟਾਂ ਚੈਂਬਰ ਨੂੰ ਕੰਟਰੋਲ ਕਰਨ ਦਾ ਫੈਸਲਾ ਕਰਨਗੀਆਂ। ਰਿਪਬਲਿਕਨ ਉਮੀਦਵਾਰ ਪਰਡਿਊ ਅਤੇ ਲੋਫਲਰ ਸੋਮਵਾਰ ਨੂੰ ਰਾਸ਼ਟਰਪਤੀ ਟਰੰਪ ਦੇ ਨਾਲ ਇੱਕ ਰੈਲੀ ਵਿੱਚ ਆਉਣ ਵਾਲੇ ਸਨ ਪਰ ਹੁਣ ਪਰਡਿਊ ਰੈਲੀ ਵਿੱਚ ਸ਼ਾਮਲ ਹੋਣਗੇ ਜਾਂ ਨਹੀ, ਇਹ ਅਜੇ ਅਸਪਸ਼ਟ ਹੈ।

# ਵਿਸਕਾਨਸਿਨ ਦੇ ਹਸਪਤਾਲ 'ਚ ਕੋਰੋਨਾਂ ਟੀਕਿਆਂ ਨੂੰ ਖਰਾਬ ਕਰਨ ਵਾਲਾ ਕਰਮਚਾਰੀ ਹੋਇਆ ਗ੍ਰਿਫਤਾਰ




**ਫਰਿਜ਼ਨੋ (ਕੈਲੀਫੋਰਨੀਆਂ), 1 ਜਨਵਰੀ 2021–** ਪਿਛਲੇ ਦਿਨੀਂ ਵਿਸਕਾਨਸਿਨ ਦੇ ਇੱਕ ਹਸਪਤਾਲ ਵਿੱਚ ਫਰਿੱਜ "ਚ ਸਟੋਰ ਕੀਤੇ ਕੋਰੋਨਾਂ ਵਾਇਰਸ ਦੇ ਟੀਕਿਆਂ ਨੂੰ ਬਾਹਰ ਕੱਢ ਕੇ ਰੱਖਣ ਨਾਲ ਖਰਾਬ ਕਰਨ ਵਾਲੇ ਵਰਕਰ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਇਸ ਗ੍ਰਿਫਤਾਰੀ ਦੀ ਘੋਸ਼ਣਾ ਸਥਾਨਕ ਪੁਲਿਸ ਦੁਆਰਾ ਵੀਰਵਾਰ ਨੂੰ ਕੀਤੀ ਗਈ ਹੈ ,ਜਿਸ ਵਿੱਚ ਇਸ ਕਰਮਚਾਰੀ ਉੱਪਰ ਫਾਰਮੇਸੀ ਦੀ ਫਰਿੱਜ ਚੋਂ ਕੋਵਿਡ -19 ਟੀਕੇ ਦੀਆਂ 57 ਸ਼ੀਸ਼ੀਆਂ ਨੂੰ ਜਾਣਬੁੱਝ ਕੇ ਕੱਢਣ ਦਾ ਦੋਸ਼ ਲਗਾਇਆ ਗਿਆ ਹੈ ਜਦਕਿ ਓਰੋਰਾ ਮੈਡੀਕਲ ਸੈਂਟਰ ਨੇ ਇਸ ਵਰਕਰ ਨੂੰ ਪਹਿਲਾਂ ਹੀ ਬਰਖਾਸਤ ਕਰ ਦਿੱਤਾ ਸੀ। ਗ੍ਰਾਫਟਨ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿਅਕਤੀ ਨੂੰ ਤਿੰਨ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ ਜੋ ਕਿ ਸਾਰੇ ਜੁਰਮ ਹਨ। ਪੁਲਿਸ ਨੇ ਫਿਲਹਾਲ ਵਿਅਕਤੀ ਦਾ ਨਾਮ ਅਜੇ ਨਹੀਂ ਦੱਸਿਆ ਹੈ ਅਤੇ ਇਸ ਵਿਅਕਤੀ ਨੂੰ ਓਜ਼ੌਕੀ ਕਾਉਂਟੀ ਜੇਲ੍ਹ ਵਿੱਚ ਰੱਖਿਆ ਜਾ ਰਿਹਾ ਹੈ। ਇਸ ਕਰਮਚਾਰੀ ਦੀ ਵਜ੍ਹਾ ਨਾਲ ਖਰਾਬ ਹੋਏ ਮੋਡਰਨਾ ਕੰਪਨੀ ਦੇ ਟੀਕਿਆਂ ਦੀ ਕੀਮਤ ਦਾ ਵਿਭਾਗ ਨੇ 8,000 ਤੋਂ 11,000 ਡਾਲਰ ਦੇ ਵਿਚਕਾਰ ਹੋਣ ਦਾ ਅਨੁਮਾਨ ਲਗਾਇਆ ਹੈ। ਇਸ ਕੇਸ ਦੇ ਮਾਮਲੇ ਵਿੱਚ ਗ੍ਰਾਫਟਨ ਵਿਚ ਪੁਲਿਸ ਨੇ ਪਹਿਲਾਂ ਕਿਹਾ ਸੀ ਕਿ ਪੁਲਿਸ ਵਿਭਾਗ ਦੇ ਨਾਲ ਐਫ ਬੀ ਆਈ ਅਤੇ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ(ਐਫ ਡੀ ਏ) ਵੀ ਮਾਮਲੇ ਦੀ ਸਰਗਰਮੀ ਨਾਲ ਜਾਂਚ ਨਾਲ ਕਰ ਰਹੇ ਸਨ, ਜਦਕਿ ਹਸਪਤਾਲ ਦੇ ਇਸ ਕਰਮਚਾਰੀ ਦਾ ਵਾਇਰਸ ਦੇ ਟੀਕਿਆਂ ਨੂੰ ਖਰਾਬ ਕਰਨ ਦਾ ਮਕਸਦ ਅਜੇ ਸਾਹਮਣੇ ਨਹੀ ਆਇਆ ਹੈ।

# ਕੈਲੀਫੋਰਨੀਆਂ 'ਚ ਫ੍ਰੀਜ਼ਰ ਦੀ ਬਿਜਲੀ ਸਪਲਾਈ ਬੰਦ ਹੋਣ ਕਾਰਨ ਐਮਰਜੈਂਸੀ ਆਧਾਰ 'ਤੇ ਲਗਾਏ ਕੋਰੋਨਾਂ ਟੀਕੇ

## ਗਵਰਨਰ ਕੁਓਮੋ ਨੇ ਕੀਤੀ ਨਿਊਯਾਰਕ ਵਿੱਚ ਕੋਰੋਨਾਂ ਵਾਇਰਸ ਦੇ ਨਵੇਂ ਰੂਪ ਦੇ ਪਹਿਲੇ ਕੇਸ ਦੀ ਪੁਸ਼ਟੀ



**ਫਰਿਜ਼ਨੋ (ਕੈਲੀਫੋਰਨੀਆਂ), 5 ਜਨਵਰੀ 2021–** ਨਿਊਯਾਰਕ ਵੀ ਸੋਮਵਾਰ ਨੂੰ ਦੇਸ਼ ਵਿੱਚ ਕੋਰੋਨਾਂ ਵਾਇਰਸ ਦੇ ਵਧ ਰਹੇ ਨਵੇਂ ਰੂਪ ਵਾਲੇ ਵਾਲੇ ਕੇਸਾਂ ਦੇ ਰਾਜਾਂ ਵਿੱਚ ਸ਼ਾਮਲ ਹੋ ਗਿਆ ਹੈ। ਨਿਊਯਾਰਕ ਦੇ ਗਵਰਨਰ ਨੇ ਇੱਕ ਕਾਨਫਰੰਸ ਕਾਲ ਰਾਹੀਂ ਕੋਰੋਨਾਂ ਵਾਇਰਸ ਦੇ ਇਸ ਨਵੇਂ ਮਾਮਲੇ ਦੀ ਪੁਸ਼ਟੀ ਕੀਤੀ ਹੈ,ਜਿਸ ਨੂੰ ਘੱਟੋ ਘੱਟ 50 ਪ੍ਰਤੀਸ਼ਤ ਵਧੇਰੇ ਛੂਤਕਾਰੀ ਮੰਨਿਆ ਜਾਂਦਾ ਹੈ। ਨਿਊਯਾਰਕ ਦੇ ਉੱਪਰੀ ਭਾਗ ਵਿੱਚ ਰਹਿਣ ਵਾਲੇ 60 ਵੇ ਦਹਾਕੇ ਦੇ ਇੱਕ ਵਿਅਕਤੀ ਨੇ ਇਸ ਬੀ.1.1.7 ਕੋਰੋਨਾਂ ਵਾਇਰਸ ਦਾ ਸਕਾਰਾਤਮਕ ਟੈਸਟ ਕੀਤਾ ਹੈ। ਗਵਰਨਰ ਐਂਡਰਿਊ ਕੁਓਮੋ ਅਨੁਸਾਰ ਸਾਰਤੋਗਾ ਕਾਉਂਟੀ ਦੇ ਇਸ ਪੀੜਤ ਵਿਅਕਤੀ ਨੇ ਹਾਲ ਹੀ ਵਿੱਚ ਕੋਈ ਯਾਤਰਾ ਨਹੀਂ ਕੀਤੀ ਹੈ,ਜਦਕਿ ਇਹ ਆਦਮੀ ਸਾਰਤੋਗਾ ਸਪ੍ਰਿੰਗਜ਼ ਵਿੱਚ ਇੱਕ ਗਹਿਣਿਆਂ ਦੀ ਦੁਕਾਨ ਨਾਲ ਜੁੜਿਆ ਹੋਇਆ ਹੈ ਅਤੇ ਗਵਰਨਰ ਨੇ ਦਸੰਬਰ 18 ਤੋਂ 24 ਦੇ ਵਿਚਕਾਰ 404 ਬ੍ਰਾਡਵੇਅ ਤੇ ਐਨ ਫੌਕਸ ਜਵੈਲਰਜ਼ ਨਾਲ ਸੰਪਰਕ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਵੀ ਤੁਰੰਤ ਟੈਸਟ ਕਰਵਾਉਣ ਦੀ ਸਲਾਹ ਦਿੱਤੀ ਹੈ। ਨਿਊਯਾਰਕ ਵਿੱਚ ਇਹ ਨਵੇਂ ਵਾਇਰਸ ਦਾ ਪਹਿਲਾ ਮਾਮਲਾ ਹੈ ਜਦਕਿ ਘੱਟੋ ਘੱਟ ਤਿੰਨ ਹੋਰ ਰਾਜਾਂ ਨੇ ਹਾਲ ਹੀ ਵਿੱਚ ਨਵੇਂ ਵਾਇਰਸ ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਹੈ ਜਿਹਨਾਂ ਵਿੱਚ ਕੋਲੋਰਾਡੋ, ਕੈਲੀਫੋਰਨੀਆਂ ਅਤੇ ਫਲੋਰਿਡਾ ਆਦਿ ਸ਼ਾਮਲ ਹਨ। ਇਸ ਨਵੇਂ ਵੇਰੀਐਂਟ ਦੀ ਪਛਾਣ ਕਰਨ ਲਈ ਵਿਅਕਤੀਗਤ ਨਮੂਨਿਆਂ ਦੀ ਪੂਰੀ ਤਰ੍ਹਾਂ ਜੈਨੇਟਿਕ ਲੜੀਬੰਦੀ ਦੀ ਲੋੜ ਹੁੰਦੀ ਹੈ ਅਤੇ ਕੁਓਮੋ ਨੇ ਪਹਿਲਾਂ ਹੀ ਰਾਜ ਭਰ ਦੇ ਹਸਪਤਾਲਾਂ ਨੂੰ ਇਸ ਦੀ ਜਾਂਚ ਸ਼ੁਰੂ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਸੰਬੰਧੀ ਬੁੱਧਵਾਰ ਤੱਕ, ਸਟੇਟ ਅਤੇ ਪ੍ਰਾਈਵੇਟ ਲੈਬਜ਼ ਨੇ 4,300 ਤੋਂ ਵੱਧ ਨਮੂਨਿਆਂ ਦੀ ਜੈਨੇਟਿਕ ਲੜੀਵਾਰ ਆਧਾਰ ਤੇ ਜਾਂਚ ਕੀਤੀ ਹੈ।

# ਟਰੰਪ ਨੇ ਜਾਰਜੀਆ ਦੀ ਸੈਨੇਟ ਚੋਣ ਰੈਲੀ ਦੌਰਾਨ ਦਿੱਤਾ ਵੋਟਾਂ ਦੀ ਧੋਖਾਧੜੀ ਦੇ ਦਾਅਵਿਆਂ 'ਤੇ ਜ਼ੋਰ



**ਫਰਿਜ਼ਨੋ (ਕੈਲੀਫੋਰਨੀਆਂ), 5 ਜਨਵਰੀ 2021–** ਅਮਰੀਕਾ ਵਿੱਚ ਰਾਸ਼ਟਰਪਤੀ ਦੀਆਂ ਚੋਣਾਂ ਤੋਂ ਬਾਅਦ ਹੁਣ ਜਾਰਜੀਆ 'ਚ ਸੈਨੇਟ ਚੋਣਾਂ ਦਾ ਮਾਹੌਲ ਗਰਮ ਹੈ। ਰਾਸ਼ਟਰਪਤੀ ਟਰੰਪ ਦੁਆਰਾ ਸੋਮਵਾਰ ਦੀ ਰਾਤ ਨੂੰ ਜਾਰਜੀਆ ਵਿੱਚ ਸੈਨੇਟ ਦੀਆਂ ਚੋਣਾਂ ਵਿੱਚ ਰਿਪਬਲਿਕਨ ਉਮੀਦਵਾਰਾਂ ਲਈ ਕੀਤੀ ਗਈ ਰੈਲੀ ਵਿੱਚ,ਆਪਣੀਆਂ ਚੋਣ 'ਤੇ ਵੀ ਧਿਆਨ ਕੇਂਦਰਿਤ ਕਰਦਿਆਂ ਆਪਣੇ ਚੋਣਾਂ ਸੰਬੰਧੀ ਬੇ ਬੁਨਿਆਦ ਦਾਅਵਿਆਂ ਨੂੰ ਪੇਸ਼ ਕੀਤਾ। ਇਸ ਇੱਕ ਘੰਟਾ ਅਤੇ 20 ਮਿੰਟ ਦੀ ਰੈਲੀ ਦੌਰਾਨ, ਰਾਸ਼ਟਰਪਤੀ ਨੇ ਚੋਣ ਨਤੀਜਿਆਂ ਸੰਬੰਧੀ ਧੋਖਾਧੜੀ ਦੇ ਝੂਠੇ ਦਾਅਵਿਆਂ ਨੂੰ ਦੁਹਰਾਇਆ ਅਤੇ ਕਿਹਾ ਕਿ ਉਸਨੇ ਜਾਰਜੀਆ ਅਤੇ ਰਾਸ਼ਟਰਪਤੀ ਦੀ ਚੋਣ ਜਿੱਤੀ ਹੈ। ਇਸਦੇ ਨਾਲ ਹੀ ਇਸ ਹਫਤੇ ਇਲੈਕਟੋਰਲ ਕਾਲਜ ਦੀਆਂ ਵੋਟਾਂ ਦੀ ਗਿਣਤੀ ਮੌਕੇ ਉਪ-ਰਾਸ਼ਟਰਪਤੀ ਮਾਈਕ ਪੇਂਸ ਨੂੰ ਉਹਨਾਂ ਦੇ ਹੱਕ ਵਿੱਚ ਆਉਣ ਦੀ ਉਮੀਦ ਵੀ ਪ੍ਰਗਟਾਈ। ਜਾਰਜੀਆ ਦੀਆਂ ਇਹ ਰਨ ਆਫ ਚੋਣਾਂ ਇਹ ਤੈਅ ਕਰਨਗੀਆਂ ਕਿ ਕਿਹੜੀ ਪਾਰਟੀ ਸੈਨੇਟ ਨੂੰ ਕੰਟਰੋਲ ਕਰਦੀ ਹੈ। ਰਿਪਬਲਿਕਨ ਚੈਂਬਰ 'ਤੇ ਆਪਣੀ ਪਕੜ ਬਰਕਰਾਰ ਰੱਖ ਸਕਦੇ ਹਨ ਜੇਕਰ ਉਨ੍ਹਾਂ ਦੇ ਉਮੀਦਵਾਰਾਂ ਵਿਚੋਂ ਸਿਰਫ ਇੱਕ ਜਿੱਤ ਜਾਂਦਾ ਹੈ, ਜਦੋਂ ਕਿ ਡੈਮੋਕਰੇਟਸ ਵੱਲੋਂ 50-50 ਦੀ ਵੰਡ ਨੂੰ ਪ੍ਰਾਪਤ ਕਰਨ ਲਈ ਇਸਦੇ ਦੋਵਾਂ ਉਮੀਦਵਾਰਾਂ ਨੂੰ ਜਿੱਤਣ ਦੀ ਜ਼ਰੂਰਤ ਹੈ।

ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਅਤੇ ਉਸਦੇ ਸਹਿਯੋਗੀ ਲੜਦੇ ਰਹਿਣਗੇ, ਅਤੇ ਨਾਲ ਹੀ ਡੈਮੋਕਰੇਟਸ ਵੱਲੋਂ ਵ੍ਹਾਈਟ ਹਾਊਸ ਨਾਂ ਲੈਣ ਦੀ ਗੱਲ ਵੀ ਕਹੀ ਜਦਕਿ ਜੋਅ ਬਾਈਡੇਨ 20 ਜਨਵਰੀ ਨੂੰ ਰਾਸ਼ਟਰਪਤੀ ਬਣ ਜਾਣਗੇ। ਇਹਨਾਂ ਚੋਣਾਂ ਵਿੱਚ ਰਿਪਬਲਿਕਨ ਡੇਵਿਡ ਪਰਡਿਊ ਨੇ ਆਪਣੇ ਡੈਮੋਕਰੇਟਿਕ ਵਿਰੋਧੀ ਜੋਨ ਓਸੌਫ ਤੋਂ 80,000 ਤੋਂ ਵੱਧ ਵੋਟਾਂ ਲਈਆਂ ਹਨ, ਪਰ ਉਹ ਰਨ ਆਫ ਤੋਂ ਬਚਣ ਲਈ ਜਰੂਰੀ 50% ਵੋਟਾਂ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਰਹੇ ਹਨ ਜਦਕਿ ਦੂਸਰੀ ਦੌੜ ਵਿੱਚ ਡੈਮੋਕਰੇਟਿਕ ਰਾਫੇਲ ਵਾਰਨੌਕ ਨੂੰ ਸਭ ਤੋਂ ਵੱਧ ਵੋਟਾਂ ਪ੍ਰਾਪਤ ਹੋਈਆਂ, ਪਰ ਪ੍ਰਮੁੱਖ ਰਿਪਬਲਿਕਨ ਕੈਲੀ ਲੋਫਲਰ ਅਤੇ ਕਾਂਗ੍ਰੇਸਮੈਨ ਡੱਗ ਕੋਲਿਨਜ਼ ਨੂੰ ਇਕੱਠੇ ਰੂਪ ਵਿੱਚ ਉਸ ਨਾਲੋਂ ਵਧੇਰੇ ਵੋਟਾਂ ਪ੍ਰਾਪਤ ਹੋਈਆਂ ਹਨ।

ਟਰੰਪ ਦੇ ਇਲਾਵਾ ਬਾਈਡੇਨ ਨੇ ਵੀ ਸੋਮਵਾਰ ਨੂੰ ਉਮੀਦਵਾਰਾਂ ਓਸੌਫ ਅਤੇ ਵਾਰਨੌਕ ਲਈ ਅਟਲਾਂਟਾ ਵਿੱਚ ਅਤੇ ਕਮਲਾ ਹੈਰਿਸ ਨੇ ਐਤਵਾਰ ਨੂੰ ਜਾਰਜੀਆ ਵਿੱਚ ਚੋਣ ਮੁਹਿੰਮ ਕੀਤੀ।

# ਫਰਿਜ਼ਨੋ ਵਿੱਚ ਨਵੇਂ ਸਾਲ 'ਚ ਅਹੁਦਾ ਸੰਭਾਲਣ ਲਈ ਤਿਆਰ ਹਨ ਚੁਣੇ ਗਏ ਦੋ ਆਗੂ

**ਫਰਿਜ਼ਨੋ (ਕੈਲੀਫੋਰਨੀਆਂ), 2 ਜਨਵਰੀ 2021–** ਕੈਲੀਫੋਰਨੀਆਂ ਦੀ ਫਰਿਜ਼ਨੋ ਕਾਉਂਟੀ ਵਿੱਚ ਇਸ ਨਵੇਂ ਸਾਲ "ਚ ਦੋ ਚੁਣੇ ਹੋਏ ਅਧਿਕਾਰੀ ਆਪਣਾ ਅਹੁਦਾ ਸੰਭਾਲਣਗੇ,ਜਿਹਨਾਂ ਵਿੱਚੋਂ ਇੱਕ ਬਹੁਤ ਹੀ ਜਾਣੂ ਚਿਹਰਾ ਹੈ ਜਦਕਿ ਇੱਕ ਨਵਾਂ ਚਿਹਰਾ ਲੋਕਾਂ ਦੀ ਸੇਵਾ ਕਰੇਗਾ। ਇਹਨਾਂ ਦੋ ਵਿਅਕਤੀਆਂ ਵਿੱਚੋਂ ਇੱਕ ਫਰਿਜ਼ਨੋ ਦੇ ਲੰਮੇ ਸਮੇਂ ਤੋਂ ਪੁਲਿਸ ਮੁਖੀ ਰਹੇ ਜੈਰੀ ਡਾਇਰ ਅਧਿਕਾਰਤ ਤੌਰ 'ਤੇ 5 ਜਨਵਰੀ ਨੂੰ ਮੇਅਰ ਦੇ ਅਹੁਦੇ ਦੀ ਜ਼ੰਮਿੇਵਾਰੀ ਲੈਣਗੇ ਅਤੇ ਦੂਜਾ ਵਿਅਕਤੀ ਫਰਿਜ਼ਨੋ ਸਿਟੀ ਕਾਉਂਸਲ ਦੇ ਟਾਈਲਰ ਮੈਕਸਵੈੱਲ ਹਨ ਜੋ ਕਿ ਜ਼ਿਲ੍ਹੇ 4 ਦੇ ਪ੍ਰਤੀਨਿਧੀ ਬਣੇ ਹਨ। ਇਹਨਾਂ ਦੇ ਸਹੁੰ ਚੁੱਕ ਸਮਾਰੋਹਾਂ ਦੀ ਯੋਜਨਾ 7 ਜਨਵਰੀ 2021 ਨੂੰ ਰੱਖੀ ਗਈ ਹੈ, ਜਿਸ ਦਿਨ ਸਿਟੀ ਕੌਂਸਲ ਦੀ ਪਹਿਲੀ ਮੀਟਿੰਗ ਵੀ ਹੈ। ਦੋਵਾਂ ਨੇ ਮਾਰਚ ਵਿੱਚ ਆਪਣੇ ਅਹੁਦਿਆਂ ਨੂੰ ਜਿੱਤਿਆ ਸੀ ਅਤੇ



ਅਹੁਦੇ ਸੰਭਾਲਣ ਲਈ ਨਵੇਂ ਸਾਲ ਦੀ ਉਡੀਕ ਕੀਤੀ ਸੀ। ਡਾਇਰ ਨੇ ਮੇਅਰ ਲੀ ਬ੍ਰਾਂਡ ਤੋਂ ਇਹ ਅਹੁਦਾ ਲਿਆ ਹੈ ਅਤੇ ਮੈਕਸਵੈਲ ਕੌਂਸਲਮੈਂਬਰ ਪਾਲ ਕੈਪਰੀਓਗਲੀਓ ਤੋਂ ਬਾਅਦ ਜ਼ਿਲ੍ਹਾ 4 ਦੀ ਜਿੰਮੇਵਾਰੀ ਲੈਣਗੇ। 61 ਸਾਲਾ ਡਾਇਰ ਮੰਗਲਵਾਰ ਤੱਕ ਅਧਿਕਾਰਤ ਤੌਰ 'ਤੇ ਮੇਅਰ ਨਹੀਂ ਬਣਨਗੇ ਪਰ ਉਹ ਸ਼ਹਿਰ ਦੇ ਕਈ ਕੰਮਾਂ ਵਿੱਚ ਸ਼ਾਮਲ ਰਹੇ ਹਨ। ਡਾਇਰ ਨੇ ਪੁਲਿਸ ਸੁਧਾਰਾਂ ਬਾਰੇ ਕਮੇਟੀ ਵਿੱਚ ਇੱਕ ਸਪਸ਼ਟ ਭੂਮਿਕਾ ਨਿਭਾਉਣ ਦੇ ਨਾਲ, ਇਸ ਦੀਆਂ ਕਈ ਮੀਟਿੰਗਾਂ ਵਿੱਚ ਵੀ ਹਿੱਸਾ ਲਿਆ ਹੈ। ਇਸਦੇ ਇਲਾਵਾ ਮੇਅਰ ਦੀ ਦੌੜ ਵਿੱਚ ਜਿੱਤ ਦੀ ਘੋਸ਼ਣਾ ਤੋਂ ਬਾਅਦ ਡਾਇਰ ਨੇ ਕਿਹਾ ਸੀ ਕਿ ਉਹ ਇੱਕ ਅਜਿਹਾ ਟੈਕਸ ਲਾਗੂ ਕਰਨ ਲਈ ਇੱਕ ਸੰਭਾਵੀ ਉਪਾਅ ਲਈ ਸਮਰਥਕਾਂ ਨਾਲ ਕੰਮ ਕਰਨ ਦਾ ਇੰਤਜ਼ਾਰ ਕਰ ਰਿਹਾ ਹੈ, ਜਿਹੜੀਆਂ 2007-09 ਦੀ ਆਰਥਿਕ ਮੰਦੀ ਦੌਰਾਨ ਸ਼ਹਿਰ ਦੀਆਂ ਵਿੱਤੀ ਸੰਘਰਸ਼ਾਂ ਕਾਰਨ ਕੱਟੀਆਂ ਸੇਵਾਵਾਂ ਨੂੰ ਬਹਾਲ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ। ਜਦਕਿ 29 ਸਾਲਾ ਮੈਕਸਵੈਲ ਰਾਜਨੀਤਿਕ ਦਫਤਰ ਲਈ ਨਵੇ ਹਨ ਅਤੇ ਉਹ ਕੌਂਸਲ ਦੇ ਸਭ ਤੋਂ ਘੱਟ ਉਮਰ ਦੇ ਮੈਂਬਰ ਹੋਣਗੇ। ਮੈਕਸਵੈਲ ਨੇ ਯੂ ਸੀ ਬਰਕਲੇ ਤੋਂ ਕਾਨੂੰਨੀ ਅਧਿਐਨ ਅਤੇ ਮਨੋਵਿਗਿਆਨ ਦੀ ਡਿਗਰੀ ਪ੍ਰਾਪਤ ਕੀਤੀ ਹੈ ਅਤੇ ਉਹ ਫਰਿਜ਼ਨੋ ਸਿਟੀ ਕੌਂਸਲ ਮੈਂਬਰ ਨੈਲਸਨ ਐਸਪਾਰਜ਼ਾ ਦੇ ਸਟਾਫ ਵਿੱਚ ਵੀ ਸਨ। ਫਰਿਜ਼ਨੋ ਵਾਸੀਆਂ ਨੂੰ ਆਸ ਹੈ ਕਿ ਇਹ ਨਵੇਂ ਅਧਿਕਾਰੀ ਉਹਨਾਂ ਦੀਆਂ ਉਮੀਦਾਂ ਤੇ ਖਰਾ ਉੱਤਰਨਗੇ।

# ਲਾਸ ਏਂਜਲਸ 'ਚ ਆਰਮੀ ਇੰਜੀਨੀਅਰ ਕਰਨਗੇ ਹਸਪਤਾਲਾਂ 'ਚ ਆਕਸੀਜਨ ਦੀ ਸਮੱਸਿਆ ਦਾ ਹੱਲ

**ਫਰਿਜ਼ਨੋ (ਕੈਲੀਫੋਰਨੀਆਂ), 2 ਜਨਵਰੀ 2021–** ਕੈਲੀਫੋਰਨੀਆਂ ਵਿੱਚ ਵਾਇਰਸ ਦੀ ਵਧ ਰਹੀ ਲਾਗ ਦੇ ਸੂਬੇ ਦੇ ਹਸਪਤਾਲਾਂ "ਚ ਮਰੀਜ਼ਾਂ ਦੀ ਗਿਣਤੀ ਨੂੰ ਕਾਫੀ ਹੱਦ ਤੱਕ ਵਧਾ ਦਿੱਤਾ ਹੈ। ਵਾਇਰਸ ਦੇ ਨਵੇਂ ਮਾਮਲਿਆਂ ਦੇ ਨਾਲ ਮੌਤਾਂ ਦੀ ਤਾਦਾਦ ਵੀ ਵੱਧਦੀ ਜਾ ਰਹੀ ਹੈ। ਕੈਲੀਫੋਰਨੀਆਂ ਵਿੱਚ ਸ਼ੁੱਕਰਵਾਰ ਨੂੰ ਕੋਰੋਨਾਂ ਵਾਇਰਸ ਕਾਰਨ ਮਰਨ ਵਾਲੇ ਲੋਕਾਂ ਦੀ ਗਿਣਤੀ ਤਕਰੀਬਨ 26,000 ਹੋ ਗਈ ਸੀ।

ਰਾਜ ਦੀ ਲਾਸ ਏਂਜਲਸ ਕਾਉਂਟੀ ਵਿੱਚ ਵੀ ਮਰੀਜ਼ਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਣ ਕਾਰਨ ਹਸਪਤਾਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ ਪੈਦਾ ਹੋ ਰਹੀ ਹੈ। ਇਸ ਕਾਉਂਟੀ ਵਿੱਚ ਜਿੱਥੇ ਮਰੀਜ਼ਾਂ ਨੂੰ ਐਂਬੂਲੈਂਸਾਂ ਵਿਚ ਅੱਠ ਘੰਟਿਆਂ ਲਈ ਬਾਹਰ ਇੰਤਜ਼ਾਰ ਕਰਨਾ ਪੈ ਰਿਹਾ ਹੈ, ਉੱਥੇ ਹੀ ਹਸਪਤਾਲ ਆਕਸੀਜਨ ਸਪਲਾਈ ਪ੍ਰਣਾਲੀ ਵਿੱਚ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਇਸ ਸਮੱਸਿਆ ਦਾ ਹੱਲ ਕਰਨ ਲਈ ਆਰਮੀ ਕੋਰ ਆਫ਼ ਇੰਜੀਨੀਅਰ ,ਇਸ ਖੇਤਰ ਵਿੱਚ ਆਕਸੀਜਨ ਅਪਡੇਟ ਕਰਨ ਲਈ ਵਿਸ਼ੇਸ਼ ਅਮਲੇ ਭੇਜਣ ਦੀ ਯੋਜਨਾ ਬਣਾ ਰਹੇ ਹਨ। ਕਾਉਂਟੀ ਦੇ ਕਈ ਹਸਪਤਾਲਾਂ ਨੇ ਆਕਸੀਜਨ ਸਪਲਾਈ ਦੀ ਸਮੱਸਿਆ ਕਾਰਨ ਅਸਥਾਈ ਤੌਰ 'ਤੇ ਕੁੱਝ ਐਂਬੂਲੈਂਸ ਸੇਵਾਵਾਂ ਨੂੰ ਹਟਾ ਦਿੱਤਾ ਸੀ। ਐਲ.ਏ. ਕਾਉਂਟੀ ਦੇ ਸਿਹਤ ਸੇਵਾਵਾਂ ਡਾਇਰੈਕਟਰ, ਡਾ. ਕ੍ਰਿਸਟੀਨਾ ਘਾਲੀ ਅਨੁਸਾਰ ਹਸਪਤਾਲਾਂ ਦੀਆਂ ਇਮਾਰਤਾਂ ਵਿੱਚ ਆਕਸੀਜਨ ਦੇ ਪ੍ਰਵਾਹ ਦੀਆਂ ਪਾਈਪਾਂ ਬਹੁਤ ਪੁਰਾਣੀਆਂ ਹਨ, ਜੋ ਕਿ ਉੱਚ ਪੱਧਰ ਤੇ ਆਕਸੀਜਨ ਸਪਲਾਈ ਲਈ ਦਬਾਅ ਨਹੀਂ ਬਣਾ ਸਕਦੀਆਂ




ਅਤੇ ਕਈ ਵਾਰ ਜੰਮਣਾ ਵੀ ਸ਼ੁਰੂ ਕਰ ਦਿੰਦੀਆਂ ਹਨ ਜਦਕਿ ਕਈ ਵਾਰ ਮਰੀਜ਼ਾਂ ਨੂੰ ਹੇਠਲੀਆਂ ਮੰਜ਼ਲਿਾਂ ਵੱਲ ਲਿਜਾਣ ਲਈ ਮਜਬੂਰ ਹੋਣਾ ਪੈਂਦਾ ਹੈ। ਹਸਪਤਾਲਾਂ ਦੀਆਂ ਇਹਨਾਂ ਸਮੱਸਿਆ ਵਿੱਚ ਸਹਾਇਤਾ ਕਰਨ ਦੇ ਮੰਤਵ ਨਾਲ ਆਰਮੀ ਦੇ ਡਿਜ਼ਾਈਨ ਅਤੇ ਕੰਸਟਰਕਸ਼ਨ ਮਾਹਰਾਂ ਦੀ ਟੀਮ ਕਾਉਂਟੀ ਦੇ ਛੇ ਹਸਪਤਾਲ ਜਿਹਨਾਂ "ਚ ਬੁਏਲ ਹਾਈਟਸ ਵਿੱਚ ਐਡਵੈਂਟਿਸਟ ਹੈਲਥ ਵ੍ਹਾਈਟ ਮੈਮੋਰੀਅਲ, ਮੌਂਟੇਬੇਲੋ ਵਿੱਚ ਬੇਵਰਲੀ ਕਮਿਊਨਿਟੀ ਹਸਪਤਾਲ, ਵੈਸਟ ਕੋਵਿਨਾ ਵਿੱਚ ਵੈਲੀ ਹਸਪਤਾਲ, ਪੈਨਰੋਮਾ ਵਿੱਚ ਲੇਕਵੁੱਡ ਰੀਜਨਲ ਮੈਡੀਕਲ ਸੈਂਟਰ ਤੇ ਮਿਸ਼ਨ ਕਮਿਊਨਿਟੀ ਹਸਪਤਾਲ , ਡਾਉਨੇਈ ਵਿਖੇ ਸਿਟੀ ਅਤੇ ਪੀ ਆਈ ਐਚ ਹਸਪਤਾਲ ਸ਼ਾਮਲ ਹਨ ਦਾ ਮੁਲਾਂਕਣ ਕਰਨ ਦੇ ਨਾਲ ਜਰੂਰਤ ਅਨੁਸਾਰ ਅਪਗ੍ਰੇਡ ਕਰੇਗੀ।

ਕੈਲੀਫੋਰਨੀਆਂ ਦੇ ਗਵਰਨਰ ਦਫਤਰ ਦੇ ਐਮਰਜੈਂਸੀ ਸੇਵਾਵਾਂ ਦੇ ਡਾਇਰੈਕਟਰ, ਮਾਰਕ ਗਿਲਾਰਸੀਕੀ ਅਨੁਸਾਰ, ਹਸਪਤਾਲਾਂ "ਚ ਅਪਗ੍ਰੇਡ ਕਰਨ ਨਾਲ ਮਰੀਜ਼ਾਂ ਨੂੰ ਨਿਰੰਤਰ ਡਾਕਟਰੀ ਦੇਖਭਾਲ ਪਹੁੰਚਾਉਣ ਦੀ ਪ੍ਰਕਿਰਿਆ ਵਿੱਚ ਸੁਧਾਰ ਹੋਵੇਗਾ ਅਤੇ ਰਾਜ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੁਲਾਂਕਣ ਸ਼ਨੀਵਾਰ ਤੋਂ ਸ਼ੁਰੂ ਹੋ ਸਕਦੇ ਹਨ।

# ਸ਼ਬਦ, "ਸਾਡੀ ਦੀਵਾਲੀ" ਗੁਰੂ ਰਵਿਦਾਸ ਜੀ ਦੇ ਜਨਮ ਦਿਨ ਤੇ ਵਿਸ਼ੇਸ਼ ਜਲਦ ਰਿਲੀਜ਼

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਪਾਵਨ ਜਨਮ ਦਿਨ ਨੂੰ ਮੁੱਖ ਰੱਖਦੇ ਹੋਏ ਬਖ਼ਲੋਰੀ ਰਿਕਾਰਡ ਪੇਸ਼ ਕਰਨ ਜਾ ਰਹੇ ਹਨ ਇੱਕ ਪਵਿੱਤਰ ਸ਼ਬਦ, "ਸਾਡੀ ਤਾਂ ਦੀਵਾਲੀ ਗੁਰੂ ਰਵਿਦਾਸ ਜੀ ਦਾ ਜਨਮ ਹੈ'' ਜੋ ਕਿ ਗੀਤਕਾਰ ਸੋਢੀ ਬਖਲੋਰੀ ਵੱਲੋਂ ਲਿਖਿਆ ਗਿਆ ਤੇ ਜਿਸ ਨੂੰ ਪੰਜਾਬ ਦੇ ਮਸ਼ਹੂਰ ਗਾਇਕ ਸੰਜੀਵ ਸੁਲਤਾਨ ਨੇ ਆਪਣੀ ਖੂਬਸੂਰਤ ਅਵਾਜ਼ ਵਿਚ ਗਾਇਆ ਹੈ। ਇਸ ਨੂੰ ਸੰਗੀਤਕ ਧੁਨਾਂ ਨਾਲ ਸ਼ਿੰਗਾਰਿਆ ਹੈ ਮਸ਼ਹੂਰ ਮਿਊਜਕ ਡਾਇਰੈਕਟਰ ਮਿਸਟਰ ਪੀ ਕੇ ਸਿੰਘ ਨੇ ਤੇ ਪ੍ਰੋਜੈਕਟ ਕਰਤਾ ਹਨ ਪੰਮਾ ਬਖਲੋਰੀ, ਵੀਡੀਓ ਐਡੀਟਿੰਗ, ਪੋਸਟਰ, ਰਾਜੂ ਬਖਲੌਰੀ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਸ਼ਬਦ ਨੂੰ ਤਿਆਰ ਕਰਨ 'ਚ ਪ੍ਰਭ ਬਖ਼ਲੋਰੀ, ਜੱਸੀ ਬੈਂਸ, ਰਾਜਨ ਸ਼ੇਖੂਪੁਰੀਆ, ਕੌਰ ਸਿਸਟਰ, ਹਰਜਿੰਦਰ ਲਾਂਬਾ, ਸੁਰਿੰਦਰ ਜੱਕੋਪੁਰੀ, ਸ. ਜਗਤਾਰ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਦੁਬਈ ਤੋਂ ਫੋਨ ਰਾਹੀਂ ਗੱਲਬਾਤ ਕਰਦਿਆਂ ਇਸ ਗੀਤ ਦੇ ਪੇਸ਼ਕਰਤਾ ਪੰਮਾ ਬਖ਼ਲੋਰੀ ਨੇ ਦੱਸਿਆ ਕਿ ਪੂਰੀ ਟੀਮ ਦੀ ਮਿਹਨਤ ਸਦਕਾ ਇਸ ਸ਼ਬਦ ਨੂੰ ਬਹੁਤ ਸੋਹਣਾ ਬਣਾਉਣ ਦਾ ਉਪਰਾਲਾ ਕੀਤਾ ਗਿਆ ਹੈ। ਆਸ ਹੈ ਗੁਰੂ ਪ੍ਰੇਮੀ ਇਸ ਸ਼ਬਦ ਨੂੰ ਖੂਬ ਪਸੰਦ ਕਰਨਗੇ।



# ਯੂਕੇ ਦੇ ਹਸਪਤਾਲਾਂ 'ਚ ਪਹੁੰਚੀ ਆਕਸਫੋਰਡ ਕੋਰੋਨਾਂ ਟੀਕੇ ਦੀ ਪਹਿਲੀ ਖੇਪ

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਦੇਸ਼ ਵਿੱਚ ਕੋਰੋਨਾਂ ਟੀਕਾਕਰਨ ਮੁਹਿੰਮ ਨੂੰ ਤੇਜ ਕਰਨ ਅਤੇ ਜਿਆਦਾ ਲੋਕਾਂ ਨੂੰ ਟੀਕਾ ਲਗਾਉਣ ਲਈ ਸਰਕਾਰ ਦੁਆਰਾ ਮਨਜੂਰ ਕੀਤੇ ਗਏ ਆਕਸਫੋਰਡ ਯੂਨੀਵਰਸਿਟੀ / ਐਸਟ੍ਰਾਜ਼ੇਨੇਕਾ ਦੇ ਕੋਰਨਾਂ ਵਾਇਰਸ ਟੀਕਿਆਂ ਦੀ ਪਹਿਲੀ ਖੇਪ ਹਸਪਤਾਲਾਂ ਵਿੱਚ ਪਹੁੰਚਣੀ ਸ਼ੁਰੂ ਹੋ ਗਈ ਹੈ। ਸੋਮਵਾਰ ਤੋਂ ਲਗਭਗ 530,000 ਟੀਕਿਆਂ ਦੀਆਂ ਖੁਰਾਕਾਂ ਖੁਰਾਕਾਂ ਯੂਕੇ ਵਿੱਚ ਲਗਾਈਆਂ ਜਾਣਗੀਆਂ ਜਿਹਨਾਂ ਵਿੱਚ ਸਿਹਤ ਸੰਭਾਲ ਕਰਮਚਾਰੀਆਂ, ਦੇਖਭਾਲ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਅਤੇ ਬਜ਼ੁਰਗਾਂ ਨੂੰ ਪਹਿਲ ਦਿੱਤੀ ਜਾਵੇਗੀ। ਹੇਵਰਡਜ਼ ਹੀਥ 'ਚ ਕੁਈਨ ਰਾਇਲ ਹਸਪਤਾਲ, ਜੋ ਕਿ ਐਨ ਐਚ ਐਸ ਟਰੱਸਟ ਦਾ ਹਿੱਸਾ ਹੈ , ਆਕਸਫੋਰਡ ਟੀਕਿਆਂ ਨੂੰ ਸ਼ਨੀਵਾਰ ਸਵੇਰੇ ਪ੍ਰਾਪਤ ਕਰਨ ਵਾਲੇ ਹਸਪਤਾਲਾਂ ਵਿੱਚ ਸ਼ਾਮਲ ਹੈ। ਟਰੱਸਟ ਦੇ ਚੀਫ ਮੈਡੀਕਲ ਅਫਸਰ ਅਤੇ ਡਿਪਟੀ ਚੀਫ ਐਗਜ਼ੀਕਿਊਟਿਵ ਡਾ. ਜਾਰਜ ਫਿੰਡਲੇ ਅਨੁਸਾਰ ਆਕਸਫੋਰਡ ਦਾ ਇਹ ਟੀਕਾ ਐਨ ਐਚ ਐਸ ਸਟਾਫ ਨੂੰ ਵੱਡੇ ਪੱਧਰ 'ਤੇ ਟੀਕਾਕਰਨ ਲਈ ਮੱਦਦ ਕਰੇਗਾ। ਯੂਕੇ ਵਿੱਚ ਫਾਈਜ਼ਰ / ਬਾਇਓਨਟੈਕ ਟੀਕੇ ਦੀ ਸ਼ੁਰੂਆਤ ਲੱਗਭਗ ਇੱਕ ਮਹੀਨਾ ਪਹਿਲਾਂ ਸ਼ੁਰੂ ਹੋਣ ਦੇ ਨਾਲ, ਇੱਕ ਮਿਲੀਅਨ ਤੋਂ ਵੱਧ ਲੋਕ ਕੋਰੋਨਾਂ ਵਾਇਰਸ ਦਾ ਟੀਕਾ ਪ੍ਰਾਪਤ ਚੁੱਕੇ ਹਨ। ਸਿਹਤ ਮਾਹਿਰਾਂ ਅਨੁਸਾਰ ਟੀਕਾ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਪਹਿਲੀ ਖੁਰਾਕ ਤੋਂ ਬਾਅਦ ਕੋਰੋਨਾਂ ਟੀਕੇ ਦੀ ਦੂਜੀ ਖੁਰਾਕ ਲੈਣ ਦਾ ਸਮਾਂ ਹੁਣ ਤਿੰਨ ਦੀ ਜਗ੍ਹਾ 12 ਹਫ਼ਤਿਆਂ ਦੇ ਅੰਦਰ ਹੋਵੇਗਾ। ਡਾ. ਫਿੰਡਲੇ ਅਨੁਸਾਰ ਆਕਸਫੋਰਡ ਟੀਕਿਆਂ ਦੀ ਆਮਦ ਨਾਲ ਦੇਸ਼ ਦੇ ਹੋਰ ਹਸਪਤਾਲਾਂ ਦੇ ਨਾਲ ਪਰਿੰਸੇਜ਼ ਰਾਇਲ ਹਸਪਤਾਲ "ਚ ਵੀ ਹਰ ਰੋਜ਼ ਸੈਕੜੇ ਲੋਕਾਂ ਨੂੰ ਵਾਇਰਸ ਦਾ ਟੀਕਾ ਲਗਾਉਣ ਦੀ ਉਮੀਦ ਹੈ।



# ਸੰਯੁਕਤ ਰਾਜ ਦੇ ਜਿਆਦਾਤਰ ਸਿਹਤ ਕਾਮੇ ਕਰ ਰਹੇ ਹਨ ਕੋਰੋਨਾ ਟੀਕਾ ਲਗਵਾਉਣ ਤੋਂ ਇਨਕਾਰ

**ਫਰਿਜ਼ਨੋ (ਕੈਲੀਫੋਰਨੀਆਂ), 2 ਜਨਵਰੀ 2021–** ਸੰਯੁਕਤ ਰਾਜ ਵਿੱਚ ਕੋਵਿਡ-19 ਟੀਕਾਕਰਨ ਪ੍ਰਕਿਰਿਆ ਵਿੱਚ ਸਿਹਤ ਦੇਖਭਾਲ ਕਰਨ ਵਾਲੇ ਕਰਮਚਾਰੀ ਪਹਿਲੀ ਤਰਜੀਹ ਵਿੱਚ ਰੱਖੇ ਗਏ ਹਨ ਪਰ ਦੇਸ਼ ਭਰ ਵਿੱਚ ਜ਼ਿਆਦਾਤਰ ਸਿਹਤ ਅਮਲਾ ਕੋਰੋਨਾਂ ਵਾਇਰਸ ਦਾ ਟੀਕਾ ਲਗਵਾਉਣ ਤੋਂ ਇਨਕਾਰ ਕਰ ਰਿਹਾ ਹੈ। ਇਸ ਮਾਮਲੇ ਵਿੱਚ ਓਹੀਓ ਪ੍ਰਾਂਤ ਦੇ ਗਵਰਨਰ ਮਾਈਕ ਡਿਵਾਈਨ ਨੇ ਖੁਲਾਸਾ ਕੀਤਾ ਹੈ ਕਿ&; ਰਾਜ ਵਿਚ ਲੱਗਭਗ 60 ਪ੍ਰਤੀਸ਼ਤ ਨਰਸਿੰਗ ਹੋਮ ਕਰਮਚਾਰੀਆਂ ਨੇ ਹੁਣ ਤੱਕ ਟੀਕਾ ਨਾਂ ਲਗਵਾਉਣ ਦੀ ਚੋਣ ਕੀਤੀ ਹੈ ਅਤੇ



ਇੱਕ ਰਿਪੋਰਟ ਅਨੁਸਾਰ ਪਿਛਲੇ ਮਹੀਨੇ ਨਿਊਯਾਰਕ ਸਿਟੀ ਦੇ ਵੀ ਅੱਧੇ ਤੋਂ ਵੱਧ ਈ ਐਮ ਐਸ ਕਰਮਚਾਰੀਆਂ ਨੇ ਟੀਕੇ ਪ੍ਰਤੀ ਸ਼ੰਕਾ ਪ੍ਰਗਟਾਈ ਹੈ। ਇਸਦੇ ਇਲਾਵਾ ਟੀਕਾਕਰਨ ਸੰਬੰਧੀ ਰਿਪੋਰਟਾਂ ਦੇ ਅਨੁਸਾਰ ਕੈਲੀਫੋਰਨੀਆਂ ਅਤੇ ਟੈਕਸਾਸ ਸੂਬੇ ਵੀ ਸਿਹਤ ਕਰਮਚਾਰੀਆਂ ਦੇ ਇਨਕਾਰ ਕਰਨ ਦੀ ਉੱਚ ਦਰ ਦਾ ਅਨੁਭਵ ਕਰ ਰਹੇ ਹਨ, ਜਿਸਦੇ ਤਹਿਤ ਰਿਵਰਸਾਈਡ ਕਾਉਂਟੀ ਵਿੱਚ ਅੰਦਾਜ਼ਨ 50 ਪ੍ਰਤੀਸ਼ਤ ਸਿਹਤ ਕਾਮਿਆਂ ਨੇ ਟੀਕਾ ਨਾਂ ਲਵਾਉਣ ਦਾ ਵਿਕਲਪ ਚੁਣਿਆ ਹੈ। ਕੈਲੀਫੋਰਨੀਆਂ ਦੇ ਸੇਂਟ ਐਲਿਜ਼ਾਬੈਥ ਕਮਿਊਨਿਟੀ ਹਸਪਤਾਲ ਵਿੱਚ ਅੱਧੇ ਤੋਂ ਵੱਧ ਹਸਪਤਾਲ ਕਰਮਚਾਰੀ ਜੋ ਟੀਕਾ ਪ੍ਰਾਪਤ ਕਰਨ ਦੇ ਯੋਗ ਸਨ, ਨੇ ਵੀ ਟੀਕਾਕਰਨ ਨਾਂ ਕਰਵਾਉਣ ਦਾ ਫੈਸਲਾ ਕੀਤਾ ਹੈ। ਸਿਹਤ ਕਰਮਚਾਰੀਆਂ ਦੁਆਰਾ ਟੀਕਾ ਨਾਂ ਲਗਵਾਉਣ ਦੇ ਕਾਰਨ ਜਾਂ ਬਹਾਨੇ ਨੂੰ ਜਾਣਨ ਲਈ ਕੈਸਰ ਫੈਮਲੀ ਫਾਉਂਡੇਸ਼ਨ ਦੁਆਰਾ ਕੀਤੇ ਇੱਕ ਤਾਜ਼ਾ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ 29 ਪ੍ਰਤੀਸ਼ਤ ਸਿਹਤ ਕਰਮਚਾਰੀ ਟੀਕੇ ਤੋਂ ਝਿਜਕ ਹੋਣ ਕਾਰਨ ਇਨਕਾਰ ਕਰ ਰਹੇ ਹਨ। ਇਸਦੇ ਇਲਾਵਾ ਹੋਰ ਕਾਰਨਾਂ ਵਿੱਚ ਕਈ ਕਰਮਚਾਰੀ ਸੋਚਦੇ ਹਨ ਕਿ ਉਹਨਾਂ ਨੂੰ ਮਹਾਂਮਾਰੀ ਦੌਰਾਨ ਟੀਕੇ ਦੀ ਜਰੂਰਤ ਨਹੀਂ ਹੈ। ਕੋਰੋਨਾਂ ਟੀਕਾਕਰਨ ਦੇ ਮਾਮਲੇ ਬਾਰੇ ਹਾਰਵਰਡ ਦੇ ਮਹਾਂਮਾਰੀ ਵਿਗਿਆਨੀ ਮਾਰਕ ਲਿਪਸਿਚ ਅਨੁਸਾਰ ਸਿਰਫ ਸਿਹਤ ਸੰਭਾਲ ਕਰਮ-ਚਾਰੀਆਂ ਵਿੱਚ ਹੀ ਨਹੀਂ, ਬਲਕਿ ਆਮ ਲੋਕਾਂ ਵੱਲੋਂ ਵੀ ਵੱਡੀ ਗਿਣਤੀ ਵਿੱਚ ਟੀਕਾ ਲਗਵਾਉਣ ਤੋਂ ਇਨਕਾਰ ਕਰਨਾ ਕਿਸੇ ਵੱਡੀ ਮੁਸ਼ਕਲ ਦਾ ਕਾਰਨ ਬਣ ਸਕਦਾ ਹੈ।

# ਵਰਜੀਨੀਆ ਰਾਜ ਦੇ ਸੈਨੇਟਰ ਬੇਨ ਚੈਫਿਨ ਦੀ ਹੋਈ ਕੋਰੋਨਾ ਵਾਇਰਸ ਨਾਲ ਮੌਤ

**ਫਰਿਜ਼ਨੋ (ਕੈਲੀਫੋਰਨੀਆਂ), 2 ਜਨਵਰੀ 2021–** ਅਮਰੀਕਾ ਦੇ ਸੂਬੇ ਵਰਜੀਨੀਆ ਦੇ ਸੈਨੇਟਰ ਬੇਨ ਚੈਫਿਨ ਦੀ 60 ਸਾਲ ਦੀ ਉਮਰ ਵਿੱਚ ਕੋਰੋਨਾਂ ਵਾਇਰਸ ਨਾਲ ਪੀੜਤ ਹੋਣ ਤੋਂ ਬਾਅਦ ਸ਼ੁੱਕਰਵਾਰ 1 ਜਨਵਰੀ ਨੂੰ ਮੌਤ ਹੋ ਗਈ ਹੈ। ਬੇਨ ਦੇ ਦਫਤਰ ਨੇ ਇੱਕ ਨਿਊਜ਼ ਰੀਲੀਜ਼ ਵਿੱਚ ਉਸਦੀ ਮੌਤ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਹ 60 ਸਾਲਾ ਵਿਧਾਇਕ ਪਿਛਲੇ ਦੋ ਹਫ਼ਤਿਆਂ ਤੋਂ ਵੀ ਸੀ ਯੂ ਮੈਡੀਕਲ ਸੈਂਟਰ ਵਿੱਚ ਕੋਰੋਨਾਂ ਵਾਇਰਸ ਕਾਰਨ ਦਾਖਲ ਸੀ। ਬੇਨ ਜੋ ਕਿ ਇੱਕ ਪਸ਼ੂ ਪਾਲਕ ਅਤੇ ਵਕੀਲ ਸਨ, ਨੇ ਵਰਜੀਨੀਆ ਦੇ 38 ਵੇਂ ਜ਼ਲ੍ਹਿੇ ਦੀ ਸੇਵਾ ਕੀਤੀ। 2014 ਵਿੱਚ ਸੈਨੇਟ ਵਿੱਚ ਆਉਣ ਤੋਂ ਪਹਿਲਾਂ ਉਹ 2013 ਵਿੱਚ ਰਾਜ ਦੇ ਹਾਊਸ ਆਫ ਡੈਲੀਗੇਟਸ ਲਈ ਚੁਣੇ ਗਏ ਸਨ। ਬੇਨ ਦੇ ਦਫਤਰ ਨੇ ਉਸਨੂੰ ਆਰਥਿਕ ਵਿਕਾਸ, ਵਰਜੀਨੀਅਨ ਲੋਕਾਂ ਦੀ ਸਿਹਤ ਸੰਭਾਲ ਦੀਆਂ ਸਹੂਲਤਾਂ ਅਤੇ ਲੋਕਾਂ ਲਈ ਨੌਕਰੀਆਂ ਦੀ ਵਕਾਲਤ ਕਰਨ ਵਾਲੇ ਸਮਰਥਕ ਵਜੋਂ ਯਾਦ ਕੀਤਾ। ਇਸ ਦੁਖਦਾਈ ਮੌਕੇ 'ਤੇ ਸ਼ੋਗ ਪ੍ਰਗਟ ਕਰਦਿਆਂ, ਵਰਜੀਨੀਆ ਦੇ ਗਵਰਨਰ ਰਾਲਫ਼ ਨੌਰਥਮ ਨੇ ਵੀ ਚੈਫਿਨ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਸਨੂੰ ਇੱਕ ਮਜ਼ਬੂਤ ਵਕੀਲ ਅਤੇ "ਚੰਗਾ ਆਦਮੀ" ਕਿਹਾ। ਬੇਨ ਆਪਣੇ ਪਿੱਛੇ ਆਪਣੀ ਮਾਂ, ਭੈਣ, ਪਤਨੀ, ਤਿੰਨ ਬੱਚੇ ਅਤੇ ਪੋਤੇ-ਪੋਤੀਆਂ ਛੱਡ ਗਏ ਹਨ।



# ਅਮੈਰਿਕਨ ਸੀਨੀਅਰਜ਼ ਸਿਟੀਜਨਜ਼ ਗਰੁੱਪ, ਸੈਕਰਾਮੈਂਟੋ ਵੱਲੋਂ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ





ਸਾਡੀ ਇਹ ਸੰਸਥਾ ਲੰਮੇ ਸਮੇਂ ਤੋਂ ਬਹੁਤ ਕਾਮਯਾਬੀ ਨਾਲ ਚੱਲ ਰਹੀ ਹੈ। ਸ਼ੁਰੂ ਤੋਂ ਇਸ ਸੰਸਥਾ ਦੀ ਇਕੱਤਰਤਾ ਗੁਰਦੁਆਰਾ ਸਾਹਿਬ, ਵੈਸਟ ਸੈਕਰਾਮੈਂਟੋ ਵਿਖੇ ਹੁੰਦੀ ਸੀ ਪਰ ਪਿਛਲੇ ਸਾਲ ਕਰੋਨਾ ਵਾਇਰਸ ਆਉਣ ਨਾਲ ਇਸਦੀ ਮੀਟਿੰਗ ਆਨਲਾਈਨ (ਜ਼ੂਮ) ਤੇ ਹੋ ਰਹੀ ਹੈ।
ਸਾਰੇ ਮੈਂਬਰਾਂ ਅਤੇ ਇਸ ਸੰਸਥਾ ਦੇ ਸਨੇਹੀਆਂ ਨੇ ਟੈਕਨੀਕਲ ਮਦਦ ਕਰਕੇ ਇਸ ਨੂੰ ਹੋਂਦ ਵਿਚ ਲਿਆਂਦਾ ਹੈ।
ਔਖੇ ਸਮੇਂ ਆਉਂਦੇ ਹਨ, ਪਰ ਕੁਝ ਸੱਜਣ/ਮਿੱਤਰ ਇਸ ਤਰ੍ਹਾਂ ਦੇ ਹੁੰਦੇ ਹਨ ਜੋ ਆਪਣੇ ਪਿਆਰ/ ਮਿਲਵਰਤਨ/ ਸਹਿਯੋਗ ਨਾਲ ਅਜਿਹੇ ਸਮਿਆਂ ਨੂੰ ਸੁਖਾਵੇਂ ਬਣਾ ਦਿੰਦੇ ਹਨ। ਇਹਨਾਂ ਸਹਿਯੋਗੀਆਂ ਵਿਚ ਵਰਣਨਯੋਗ ਸ਼ਖ਼ਸੀਅਤਾਂ ਇਸ ਪ੍ਰਕਾਰ ਹਨ:

1 **ਡਾ. ਪਰਮਜੀਤ ਸਿੰਘ ਤੱਖਰ, ਐਮ. ਡੀ. ਫੈਮਲੀ ਮੈਡੀਸਨ ਐਂਡ ਅਰਜੈਂਟ ਕੇਅਰ, ਵੈਸਟ ਸੈਕਰਾਮੈਂਟੋ**
2. **ਡਾ. ਗੁਡੀ ਤੱਖਰ, ਫੈਮਿਲੀ ਮੈਡੀਸਿਨ, ਵੈਸਟ ਸੈਕਰਾਮੈਂਟੋ।**
3. **ਡਾ. ਫਿਰਦੋਸ ਸ਼ੇਖ, ਨਿਊਰੋਲੋਜੀ ਸਪੈਸ਼ਲਿਸਟ, ਐਲਕਗਰੋਵ**
4. **ਡਾ. ਜਤਿੰਦਰਪਾਲ ਸਿੰਘ ਰੂਪਰਾਇ, ਡੀ. ਡੀ. ਐਸ.**
5. **ਮਿਸਿਜ਼ ਜੋਤੀ ਸਿੰਘ ਕਮਿਊਨਿਟੀ ਵਰਕਰ**
6. **ਸ੍ਰੀ ਦਿਲ ਨਿੱਝਰ, ਰਿਐਲਟਰ, ਮੈਕਸ ਗੋਲਡ, ਸੈਕਰਾਮੈਂਟੋ**
7. **ਡਾ. ਸ਼ਰਦ ਮੁਨਤ, ਨੈਚਰੋਪੈਥੀ**
8. **ਆਨਰੇਰੀ ਸਟੀਵ ਲੀਅ, ਐਕਸ ਮੇਅਰ, ਐਲਕ ਗਰੋਵ**
9. **ਮਿਸ ਲਖਵਿੰਦਰ ਕੌਰ, ਬਿਜਨਸ ਮੈਨੇਜਰ, ਬੈਂਕ ਆਫ ਕੈਲੇਫੋਰਨੀਆ**

ਵਿਸ਼ੇਸ਼ ਸਹਿਯੋਗ- ਸ੍ਰੀ ਪੀ. ਕੇ. ਚੁੰਬਰ, ਐਡੀਟਰ, 'ਦੇਸ਼ ਦੁਆਬਾ' ਅਖਬਾਰ
ਅਸੀਂ ਇਸ ਸੰਸਥਾ ਵੱਲੋਂ ਸਾਰੇ ਮੈਂਬਰ/ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕਰਦੇ ਹਾਂ ਅਤੇ
ਅਸੀਂ ਕਾਮਨਾ ਕਰਦੇ ਹਾਂ ਨਵਾਂ ਸਾਲ ਸੰਸਥਾ ਦੇ ਮੈਂਬਰ/ਸਨੇਹੀਆਂ ਅਤੇ ਸਾਰੀ ਮਨੁੱਖਤਾ ਲਈ ਖੁਸ਼ੀਆਂ ਭਰਪੂਰ ਹੋਵੇ।

**- ਸੁਖਚੈਨ ਸਿੰਘ, ਚੇਅਰਮੈਨ 916-802-5776**
**ਜਗਰੂਪ ਸਿੰਘ ਮਾਂਗਟ, ਪ੍ਰਧਾਨ 510-426-2573**
**ਗਿਆਨ ਸਿੰਘ ਢੱਟ, ਸਕੱਤਰ**

## 14 ਜਨਵਰੀ, 2021 ਲਈ ਵਿਸ਼ੇਸ਼

# ਕਦੇ ਵੀ ਨਹੀਂ ਭੁਲਾਇਆ ਜਾ ਸਕਦਾ ਗਦਰ ਲਹਿਰ ਅਤੇ ਆਦਿ ਧਰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਨੂੰ

ਸਾਡੇ ਦੇਸ ਦੀ ਸਮਾਜਿਕ ਬਣਤਰ ਅਤੇ ਮੰਨੂਵਾਦੀ ਪ੍ਰਥਾ ਕਾਰਨ ਸਮਾਜ ਵੱਖ ਵੱਖ ਵਰਗਾਂ ਵਿੱਚ ਵੰਡਿਆਂ ਰਿਹਾ ਹੈ ਅਤੇ ਸਮਾਜ ਦੇ ਕੁੱਝ ਵਰਗਾਂ ਵਿਸ਼ੇਸ਼ ਤੋਰ ਤੇ ਸ਼ੂਦਰਾਂ ਨੂੰ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਲੋਕਾਂ ਦੀ ਗੁਲਾਮੀ ਦਾ ਸ਼ਿਕਾਰ ਵੀ ਰਹਿਣਾ ਪਿਆ ਹੈ। ਜਾਤ ਪਾਤ ਦੀ ਕੁਪ੍ਰਥਾ ਨੂੰ ਖਤਮ ਕਰਨ ਅਤੇ ਦੇਸ਼ ਵਾਸੀਆਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਸਮੇਂ ਸਮੇਂ ਤੇ ਅਣਗਿਣਤ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਹਨ ਇਨ੍ਹਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ ਅੱਜ ਦੇ ਦਿਨ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਆਪ ਦੇ ਪਿਤਾ ਚਮੜੇ ਦੇ ਧੰਦੇ ਨਾਲ ਜੁੜ੍ਹੇ ਹੋਏ ਸਨ। ਚਮੜੇ ਦੇ ਵਪਾਰ ਲਈ ਸਬੰਧੀ ਅੰਗਰੇਜੀ ਵਿੱਚ ਆਏ ਆਰਡਰਾਂ ਨੂੰ ਪੜ੍ਹਣ ਲਈ ਉੱਚ ਜਾਤੀ ਦੇ ਪੜ੍ਹੇ ਲਿਖੇ ਵਿਅਕਤੀਆਂ ਤੋਂ ਮੱਦਦ ਲੈਣੀ ਪੈਂਦੀ ਸੀ। ਆਪ ਦੇ ਪਿਤਾ ਚਾਹੁੰਦੇ ਸਨ ਕਿ ਬੱਚੇ ਜਰੂਰੀ ਵਿੱਦਿਆ ਜਰੂਰ ਪ੍ਰਾਪਤ ਕਰਨ। ਆਪ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਸੀ ਜਦੋਂ ਮਾਤਾ ਦੀ ਮੋਤ ਹੋ ਗਈ। ਆਪ ਨੇ ਜਾਤ ਅਧਾਰਿਤ ਵਿੱਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਆਪ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਸਕੂਲ ਅਤੇ ਦੇਹਰਾਦੂਨ ਵਿੱਚ ਪੜੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਹੀ ਬੈਠਕੇ ਪੜਣਾ ਪੈਂਦਾ ਸੀ। ਇੱਕ ਦਿਨ ਜਦੋਂ ਭਾਰੀ ਬਾਰਸ਼ ਕਾਰਨ ਬਾਬੂ ਜੀ ਕਲਾਸ ਅੰਦਰ ਚਲੇ ਗਏ ਤਾਂ ਸਕੂਲ ਵਿੱਚ ਹਾਜ਼ਰ ਉੱਚ ਜਾਤਿ ਮੰਨੂਵਾਦੀ ਮਾਨਸਿਕਤਾ ਵਾਲੇ ਅਧਿਆਪਕ ਨੇ ਆਪ ਦੀ ਬੇਰਹਿਮੀ ਨਾਲ ਕੁਟਾਈ ਕੀਤੀ ਅਤੇ ਕਲਾਸ ਦਾ ਸਾਰਾ ਫਰਨੀਚਰ ਬਾਹਰ ਸੁਟਵਾ ਦਿਤਾ। ਇਸ ਘਟਨਾ ਨੇ ਬਾਬੂ ਜੀ ਦੇ ਮਨ ਤੇ ਭਾਰੀ ਅਸਰ ਕੀਤਾ। ਆਪ ਪ੍ਰਾਇਮਰੀ ਕਲਾਸ ਵਿੱਚ ਤੀਜੇ ਨੰਬਰ ਤੇ ਰਹੇ। ਇਸ ਪੜਾਈ ਤੋਂ ਬਾਦ ਜਿੱਥੇ ਉੱਚ ਜਾਤਿ ਦੇ ਵਿਦਿਆਰਥੀਆਂ ਨੂੰ ਅੱਗੇ ਪੜ੍ਹਣ ਅਤੇ ਪਟਵਾਰੀ ਬਣਨ ਲਈ ਉਤਸਾਹਿਤ ਕੀਤਾ ਗਿਆ ਪਰ ਬਾਬੂ ਜੀ ਨੂੰ ਸਕੂਲ ਛੱਡਣ ਅਤੇ ਪਿਤਾ ਨਾਲ ਚਮੜੇ ਦਾ ਕੰਮ ਕਰਨ ਲਈ ਕਿਹਾ ਗਿਆ। 1905 ਵਿੱਚ ਆਪ ਦਾ ਵਿਆਹ ਹੋ ਗਿਆ। ਬਾਬੂ ਜੀ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਬਾਬੂ ਜੀ ਨੇ ਕੁੱਝ ਸਾਲ ਪਿੰਡ ਦੇ ਹੀ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰ ਇੱਥੇ ਵੀ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਦੌਰਾਨ ਆਪ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ ਜਿਸਦੀ ਜਿੰਮੇਵਾਰੀ ਬਾਬੂ ਜੀ ਨੂੰ ਦਿੱਤੀ ਗਈ ਪਰ ਇਸਦੀ ਖਬਰ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ




ਉਡਾ ਦਿਤਾ। ਬਾਬੂ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਫਿਲਪਾਈਨ (ਮਨੀਲਾ), ਸ਼੍ਰੀ ਲੰਕਾ ਹੁੰਦੇ ਹੋਏ ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਭਾਰਤ ਆ ਪਹੁੰਚੇ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਬਾਬੂ ਜੀ ਨੂੰ ਮਰਿਆ ਮੰਨਕੇ ਉਨ੍ਹਾ ਦੀ ਪਤਨੀ ਨੂੰ ਦੂਜੇ ਭਰਾ ਨਾਲ ਵਿਆਹ ਦਿਤਾ। ਬਾਬੂ ਜੀ ਨੇ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇਨ੍ਹਾਂ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਵੱਖ ਵੱਖ ਅਛੂਤ ਜਾਤਾਂ ਦੇ ਲੋਕਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਆਦਿ ਧਰਮ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਦਲਿਤ ਵਰਗ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ ਅਤੇ ਇਸ ਲਹਿਰ ਦਾ ਪਹਿਲਾ ਪ੍ਰਧਾਨ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦਿ ਧਰਮ ਸੰਗਠਨ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਮਿਸ਼ਨ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਅੰਤ ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ। ਇਸ ਦੌਰਾਨ ਹੀ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਬਾਬੂ ਮੰਗੂ ਰਾਮ ਦੇ ਸੰਘਰਸ਼ ਤੋਂ ਬਾਦ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਉਸ ਵੇਲੇ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਨੇ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਤੋਂ ਪੱਤਰ ਅਤੇ ਤਾਰਾਂ ਭੇਜੀਆਂ। ਇਨ੍ਹਾਂ ਗੋਲਮੇਜ਼ ਕਾਨਫਰੰਸਾਂ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੋਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਮਹਾਤਮਾ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੋਣ ਵਿਵਸਥਾ ਦੀ ਥਾਂ ਕੁੱਝ ਸੀਟਾਂ ਦਾ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ।

ਵਿੱਚ ਪੰਜਾਬ ਵਿੱਚ ਹੋਇਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। 1946 ਵਿੱਚ ਬਾਬੂ ਮੰਗੂ ਰਾਮ ਆਪ ਵੀ ਵਿਧਾਇਕ ਬਣੇ। ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 1972 ਵਿੱਚ ਆਪ ਨੂੰ ਕੇਂਦਰ ਸਰਕਾਰ ਨੇ ਸਨਮਾਨਿਤ ਕੀਤਾ ਅਤੇ ਪੈਨਸਨ ਲਗਾਈ। ਸਰਕਾਰ ਵਲੋਂ ਆਪ ਨੂੰ ਗੜ੍ਹਸੰਕਰ ਨੇੜੇ ਕੁੱਝ ਜਮੀਨ ਦਿੱਤੀ ਗਈ। 1977 ਵਿੱਚ ਆਦਿ ਧਰਮ ਮੁਹਿੰਮ ਦੀ ਮੁੜ੍ਹ ਸਥਾਪਨਾ ਤੋਂ ਬਾਦ ਬਾਬੂ ਜੀ ਨੂੰ ਇਸਦਾ ਆਗੂ ਗਿਆ ਅਤੇ ਆਪਦੇ ਸਹਿਯੋਗੀਆਂ ਨੇ ਆਪ ਨੂੰ ਗ੍ਰੇਟ ਬਰਤਾਨੀਆ ਦੇ ਦੌਰੇ ਤੇ ਭੇਜਿਆ। 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।



ਕੁਲਦੀਪ ਚੰਦ
91-9417563054

# ਗ਼ਦਰ ਲਹਿਰ ਦੀ ਮਿਸ਼ਾਲ ਰਾਹ ਰੁਸ਼ਨਾ ਰਹੀ ਹੈ..

ਦੇਸ਼ ਦੀ ਮੌਜੂਦਾ ਫਾਸ਼ੀ ਹਕੂਮਤ ਵੱਲੋਂ ਦੇਸ਼ ਦੀ ਆਮ ਜਨਤਾ, ਮਜ਼ਦੂਰ-ਕਿਸਾਨ ਦਾ ਲਹੂ ਨਿਚੋੜ ਕੇ ਅਪਣੀ ਲੁੱਟ ਕਾਇਮ ਰੱਖਣ ਲਈ ਨਿੱਤ ਨਵੇਂ ਕਾਲੇ ਕਾਨੂੰਨਾਂ ਨਾਲ ਜਕੜਣ ਵਿਰੁੱਧ ਲੋਕ ਰੋਹ ਦੀ ਲਹਿਰ ਵੀ ਪ੍ਰਚੰਡ ਹੋ ਰਹੀ ਹੈ...।

ਇਹ ਵੀ ਇਤਫਾਕ ਹੈ ਕਿ ਬਰਤਾਨਵੀ ਸਾਮਰਾਜ ਵਿਰੁੱਧ ਆਜ਼ਾਦੀ ਸੰਗਰਾਮ ਦੀ ਸ਼ੁਰੂਆਤ ਵੀ ਪੰਜਾਬ ਤੋਂ ਹੀ ਹੋਈ ਸੀ ਅਤੇ ਇਹ ਜੁਆਲਾ ਸਾਰੇ ਦੇਸ਼ 'ਚ ਫੈਲ ਗਈ... ਆਪਣੇ ਵੱਖ-ਵੱਖ ਪੜਾਅਵਾਂ ਤੇ ਰੂਪਾ ਚੋਂ ਲੰਘਦਿਆਂ ਕੁਰਬਾਨੀਆਂ ਨਾਲ ਇਤਿਹਾਸ ਨੂੰ ਸਿੰਝਦਿਆ ਦੇਸ਼ ਦੀ ਆਜ਼ਾਦੀ ਤੱਕ ਅਪੜੀ...।

ਅੱਜ ਫੇਰ ਸਾਮਰਾਜੀ ਕੰਪਨੀਆਂ ਆਪਣੇ ਦਲਾਲ ਹਾਕਮਾਂ ਰਾਹੀਂ ਖੁਦ ਅਪਣਾ ਸ਼ਿੰਕਜਾ ਕੱਸਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ... ਖੇਤੀ ਕਾਨੂੰਨਾਂ ਦੇ ਨਾਂਅ ਹੇਠ ਜਿਹੜਾ ਜਾਲ ਵਿਛਾਉਣ ਦੀ ਸਾਜ਼ਿਸ਼ ਹੋ ਰਹੀ ਹੈ, ਉਸ ਵਿਰੁੱਧ ਵੀ ਪੰਜਾਬ ਵਿੱਚੋਂ ਰੋਹ ਦਾ ਹੋਕਾ ਬੁਲੰਦ ਹੋਇਆ ਹੈ। ਇਸ ਦੀ ਗੂੰਜ ਦੇਸ਼ ਭਰ 'ਚ ਫੈਲ ਗਈ। ਕਿਰਤੀ ਕਿਸਾਨਾਂ ਦੇ ਕਾਫ਼ਲੇ ਸਿਰਾਂ 'ਤੇ ਕੱਫਨ ਬੰਨ ਦਿੱਲੀ ਦੇ ਤਖ਼ਤ ਵੱਲ ਵਹੀਰਾਂ ਘੱਤ ਰਹੇ ਹਨ, ਐਨ ਉਸੇ ਤਰ੍ਹਾਂ ਜਦੋਂ 1913-14 ਵਿੱਚ ਗ਼ਦਰ ਪਾਰਟੀ ਦੇ ਸੱਦੇ 'ਤੇ ਅਮਰੀਕਾ, ਕਨੇਡਾ ਤੋਂ ਪੰਜਾਬੀ ਗ਼ਦਰੀ ਹਿੰਦੋਸਤਾਨ ਵੱਲ ਧਾਹ ਪਏ ਸਨ... ਅੰਗਰੇਜ਼ੀ ਸਾਮਰਾਜ ਦੀ ਜੜ੍ਹ ਪੁੱਟਣ ਲਈ...। ਅਨੇਕਾਂ ਲਾ-ਮਿਸਾਲ ਕੁਰਬਾਨੀਆਂ ਨਾਲ ਸਿੰਝਿਆ ਇਹ ਸੰਗਰਾਮ 1947 'ਚ ਦੇਸ਼ ਦੀ ਆਜ਼ਾਦੀ ਤੱਕ ਪਹੁੰਚਿਆ।

...ਅੱਜ ਉਸੇ ਗ਼ਦਰ ਲਹਿਰ ਦੀ ਸੂਝ, ਸਿਦਕ, ਸਿਰੜ ਅਤੇ ਸੂਰਮਗਤੀ ਨਾਲ ਗੜੁੱਚ ਕਿਸਾਨ-ਮਜ਼ਦੂਰ ਸੰਘਰਸ਼ ਅਗੇ ਵਧ ਰਿਹਾ ਹੈ... ਸ਼ਹਾਦਤਾਂ ਦੀ ਫਰਿਹਤ ਵੀ ਵੱਧ ਰਹੀ ਹੈ ਅਤੇ ਪ੍ਰਚੰਡ ਹੋ ਰਿਹਾ ਰੋਹ ਵੀ ਮੰਜ਼ਲ ਵੱਲ ਵੱਧ ਰਿਹਾ ਹੈ...

ਫੈਜ਼ ਅਹਿਮਦ ਫੈਜ਼ ਦੇ ਵੰਗਾਰਮਈ ਸ਼ੇਅਰ:

ਐ ਖ਼ਾਕ ਨਿਸ਼ੀਨੋ ਉੱਠ ਬੈਠੇ ਵੋ,
ਵਕਤ ਕਰੀਬ ਆ ਪਹੁੰਚਾ ਹੈ,
ਜਬ ਤਖ਼ਤ ਗਿਰਾਏ ਜਾਏਂਗੇ,
ਜਬ ਤਾਜ ਉਛਾਲੇ ਜਾਏਂਗੇ।
ਅਬ ਟੂਟ ਪੜ੍ਹੇਂਗੀ ਜ਼ੰਜੀਰੇ,
ਅਬ ਜ਼ਿੰਦਾਨੋ ਨੂੰ ਕੀ ਖ਼ੈਰ ਨਹੀਂ,
ਜੋ ਦਰਿਆ ਝੂਮ ਕੇ ਉੱਠੇ ਹੈਂ,
ਤਿਨਕੋਂ ਸੇ ਨਾ ਟਾਲੇ ਜਾਏਂਗੇ।
ਕਟਤੇ ਭੀ ਚਲੋ ਬੜ੍ਹਤੇ ਭੀ ਚਲੋ,
ਬਾਜੂ ਭੀ ਬਹੁਤ ਹੈਂ ਸਰ ਭੀ ਬਹੁਤ,
ਚਲਤੇ ਭੀ ਚਲੋ ਕਿ ਡੇਰੇ ਅਬ,
ਮੰਜ਼ਿਲ ਹੀ ਪੇ ਡਾਲੇ ਜਾਏਂਗੇ।

ਮੁਲਕ ਭਰ ਤੋਂ ਕਿਸਾਨ, ਮਜ਼ਦੂਰ, ਮੁਲਾਜ਼ਮ, ਨੌਜਵਾਨ, ਔਰਤਾਂ, ਬੱਚੇ, ਬੁੱਧੀਜੀਵੀ... ਹਰ ਵਰਗ ਆਜ਼ਾਦੀ ਤੇ ਆਪਸੀ ਭਾਈਚਾਰਕ ਦੀ ਸਾਂਝ ਦੀ ਮਿਸ਼ਾਲ ਲੈ ਕੇ ਇਸ ਸੰਗਰਾਮ ਨੂੰ ਰੁਸ਼ਨਾ ਰਿਹਾ ਹੈ। ਜਿਸ ਦੀਆਂ ਚਿਣਗਾਂ ਇਕੱਲੇ ਭਾਰਤ ਹੀ ਨਹੀਂ ਵਿਸ਼ਵ ਭਰ ਵਿੱਚ ਲੋਟੂ-ਨਫ਼ਰਤ ਫੈਲਾਉਣ ਵਾਲੀਆਂ ਫ਼ਿਰਕੂ ਫਾਸ਼ੀਵਾਦੀ ਤਾਕਤਾਂ ਵਿਰੁੱਧ ਵਿਸ਼ਵ ਅਮਨ ਤੇ ਸਾਂਝੀਵਾਲਤਾ ਵਾਲੇ ਭਾਈਚਾਰੇ ਦੀਆਂ ਤਰੰਗਾਂ ਛੇੜ ਰਹੀਆਂ ਹਨ।

ਅਮਰੀਕਾ ਚੋਂ ਉੱਠੀ ਗ਼ਦਰ ਲਹਿਰ ਵਿਸ਼ਵ ਭਰ 'ਚ ਆਪਸੀ ਸ਼ਾਂਤਮਈ ਸਹਿ-ਹੋਂਦ ਤੇ ਖੁਸ਼ਹਾਲੀ ਦੇ ਸੰਦੇਸ਼ ਦੀ ਪ੍ਰਤੀਕ ਬਣੀ ਸੀ... ਉਸੇ ਦੀ ਗੂੰਜ ਅੱਜ ਫੇਰ ਗ਼ਦਰ ਲਹਿਰ ਦੇ ਸੁਪਨੇ ਨੂੰ ਮੰਜ਼ਿਲ ਤੱਕ ਲਿਜਾਣ ਲਈ ਅਗੇ ਵੱਧ ਰਹੀ ਹੈ... ਇਸ ਮਿਸ਼ਾਲ ਦੀ ਲਿਸ਼ਕੋਰ ਸਮੁੱਚੇ ਵਿਸ਼ਵ ਨੂੰ ਰੁਸ਼ਨਾਏਗੀ...।

**- ਗੁਰਮੀਤ**
**ਜਨਰਲ ਸਕੱਤਰ**
**ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ**

# ਹਵਾ ਨਾਲ ਬਣ ਰਿਹੈ ਪੀਣ ਦਾ ਪਾਣੀ, ਹਰ ਰੋਜ਼ 6 ਹਜ਼ਾਰ ਲੀਟਰ ਦਾ ਉਤਪਾਦਨ

**ਗਾਜਾ**-ਪੀਣ ਲਾਇਕ ਪਾਣੀ ਦੀ ਕਮੀ ਨਾਲ ਜੂਝ ਰਹੀ ਦੁਨੀਆ ਲਈ ਇਜ਼ਰਾਈਲ ਤੋਂ ਰਾਹਤ ਭਰੀ ਖ਼ਬਰ ਆਈ ਹੈ। ਇਜ਼ਰਾਈਲ ਦੀ ਇਕ ਕੰਪਨੀ ਨੇ ਹਵਾ ਤੋਂ ਪਾਣੀ ਬਣਾਉਣ ਦੀ ਤਕਨੀਕ ਨੂੰ ਵਿਕਸਿਤ ਕਰ ਲਿਆ ਹੈ। ਸੌਰ ਊਰਜਾ ਦਾ ਪ੍ਰਯੋਗ ਕਰ ਕੇ ਇੱਥੇ ਹਵਾ ਦੀ ਨਮੀਂ ਨਾਲ ਪੀਣ ਵਾਲਾ ਪਾਣੀ ਬਣਾਇਆ ਜਾ ਰਿਹਾ ਹੈ। ਜ਼ਿਆਦਾ ਆਬਾਦੀ ਵਾਲੇ ਗਾਜਾ ਪੱਟੀ 'ਚ ਲੰਬੇ ਸਮੇਂ ਤੋਂ ਲੋਕ ਜਲ ਸੰਕਟ ਨਾਲ ਜੂਝ ਰਹੇ ਸਨ, ਪਰ ਇਸ ਨਵੀਂ ਤਕਨੀਕ ਨਾਲ ਹਵਾ ਨਾਲ ਸਿੱਧਾ ਪੀਣ ਯੋਗ ਪਾਣੀ ਕੱਢਣ ਨਾਲ ਲੋਕ ਖੁਸ਼ ਹਨ।



ਹਵਾ ਨਾਲ ਪਾਣੀ ਬਣਾਉਣ ਦਾ ਇਹ ਵਿਚਾਰ ਰੂਸੀ-ਇਜ਼ਰਾਈਲੀ ਅਰਬਪਤੀ ਮਾਈਕਲ ਮਿਰਲਾਸ਼ਵਿਲੀ ਦੇ ਦਿਮਾਗ ਆਇਆ। ਮਿਰਲਾਸ਼ਵਿਲੀ ਦੀ ਵਾਟਰਜੇਨ ਨਾਂ ਦੀ ਕੰਪਨੀ ਨੇ ਵਿਕਸਿਤ ਕੀਤੀ ਹੈ ਜੋ ਹਵਾ ਦੀ ਨਮੀ ਦੇ ਆਧਾਰ 'ਤੇ ਹਰ ਦਿਨ 5,000 ਤੋਂ 6,000 ਲੀਟਰ (1,300 ਤੋਂ 1,500 ਗੈਲਨ ਤੋਂ ਵਧ) ਉਤਪਾਦਨ ਕਰ ਸਕਦਾ ਹੈ। ਕੰਪਨੀ ਦੀਆਂ ਫਿਲਹਾਲ ਕੁਝ ਹੀ ਮਸ਼ੀਨਾਂ ਗਾਜਾ 'ਚ ਹਵਾ ਨਾਲ ਪੀਣ ਲਾਇਕ ਪਾਣੀ ਬਣਾਉਣ ਦਾ ਕੰਮ ਕਰ ਰਹੀਆਂ ਹਨ। ਕੰਪਨੀ ਹੁਣ ਉਨ੍ਹਾਂ ਦੋ 20 ਲੱਖ ਲੋਕਾਂ ਦੀ ਮੰਗ ਨੂੰ ਪੂਰਾ ਕਰਨ ਤੋਂ ਬਹੁਤ ਦੂਰ ਹੈ ਜੋ ਇਜ਼ਰਾਈਲ, ਮਿਸਰ ਤੇ ਭੂਮੱਧ ਸਾਗਰ 'ਚ ਸਥਿਤ ਭੀੜ ਭਰੇ 'ਚ ਰਹਿੰਦੇ ਹਨ।

ਸੰਯੁਕਤ ਰਾਸ਼ਟਰ ਅਨੁਸਾਰ ਗਾਜਾ ਦਾ ਸਿਰਫ਼ ਤਿੰਨ ਪ੍ਰਤੀਸ਼ਤ ਹੀ ਪਾਣੀ ਅੰਤਰਰਾਸ਼ਟਰੀ 'ਤੇ ਖ਼ਰਾ ਉਤਰਦਾ ਹੈ। 2012 'ਚ ਕਿਹਾ ਗਿਆ ਸੀ ਕਿ ਵਾਤਾਵਰਨ ਦਬਾਅ ਕਾਰਨ ਗਾਜਾ ਰਹਿਣ ਲਾਇਕ ਨਹੀਂ ਰਹਿ ਜਾਵੇਗਾ। ਕਈ ਖੋਜਾਂ 'ਚ ਸਾਹਮਣੇ ਆਇਆ ਹੈ ਕਿ ਗਾਜਾ 'ਚ ਪਾਣੀ ਦੀ ਖਰਾਬ ਗੁਣਵਤਾ ਕਾਰਨ ਕਿਡਨੀ 'ਚ ਸਟੋਨ ਦੇ ਮਾਮਲਿਆਂ 'ਚ ਲਗਾਤਾਰ ਇਜ਼ਾਫਾ ਹੋ ਰਿਹਾ ਹੈ।

ਸੇਧ ਸਾਰ

# ਜ਼ਿੰਦਗੀ ਸੁਆਰਨ ਲਈ ਬਚਪਨ ਵਰੇਸ ਦੀ ਸੰਭਾਲ ਅਹਿਮ

ਬੰਗਾ ਤੋਂ ਸੁਰਜੀਤ ਮਜਾਰੀ
91+98721-93237





ਹਰ ਇੱਕ ਦਾ ਵਿਅਕਤੀਤਵ ਉਸ ਢੰਗ ਦਾ ਬਣ ਜਾਂਦਾ ਹੈ, ਜਿਸ ਰੰਗ ਦੀ ਬਚਪਨ ਵਰੇਸ ਦਾ ਮਾਹੌਲ ਹੁੰਦਾ ਹੈ। ਜਿਸ 'ਤੇ ਮਾਪੇ ਜਿਹੋ ਜਿਹਾ ਰੂਪ ਸਿਰਜਦੇ ਹਨ ਜਾਂ ਫਿਰ ਅਧਿਆਪਕ ਜਿਹੋ ਜਿਹਾ ਗਿਆਨ ਪ੍ਰਦਾਨ ਕਰਦੇ ਹਨ, ਬਚਪਨ ਉਹੋ ਜਿਹਾ ਰੂਪਮਾਨ ਹੋ ਜਾਂਦਾ ਹੈ। ਬਚਪਨ ਨੂੰ ਨਿਖਾਰਨ 'ਚ ਸੱਭ ਤੋਂ ਪਹਿਲਾਂ ਫ਼ਰਜ਼ ਮਾਤਾ-ਪਿਤਾ ਦਾ ਹੁੰਦਾ ਹੈ। ਉਹ ਆਪਣੇ ਬੱਚੇ ਨੂੰ ਘਰ 'ਚ ਉਤਸ਼ਾਹੂ ਵਾਤਾਵਰਣ ਦੇਣ ਦੀ ਕੋਸ਼ਿਸ਼ ਕਰਨ। ਘਰੇਲੂ ਝਗੜਿਆਂ ਜਾਂ ਹੋਰ ਮਸਲਿਆਂ ਦਾ ਪ੍ਰਭਾਵ ਬੱਚਿਆਂ 'ਤੇ ਨਾ ਪੈਣ ਦੇਣ। ਸਿਰਫ਼ ਤਾਂ ਸਿਰਫ਼ ਉਹ ਬੱਚੇ ਦੀ ਸਖ਼ਸ਼ੀਅਤ ਨੂੰ ਚਮਕਾਉਣ ਲਈ ਉਸ ਦੀ ਰੁਚੀ ਮੁਤਾਬਿਕ ਹਰ ਸੰਭਵ ਸਹਿਯੋਗ ਦੇਣ। ਇਸ ਦੇ ਇਵਜ਼ ਵਜੋਂ ਬੱਚੇ ਆਪ ਮੁਹਾਰੇ ਪਰਿਵਾਰ 'ਚ ਵੱਡਿਆਂ ਦਾ ਸਤਿਕਾਰ ਦੇਣਗੇ।

ਬਚਪਨ ਦਾ ਦੂਜਾ ਪੱਖ ਜੋ ਹਰ ਬੱਚਾ ਇੱਕ ਸਕੂਲ ਦੇ ਵਿਦਿਆਰਥੀ ਵਜੋਂ ਨਿਭਾਉਂਦਾ ਹੈ। ਸਕੂਲ ਰੂਪੀ ਇਹ ਉਹ ਮੰਦਿਰ ਹੈ, ਜਿੱਥੇ ਵਿਦਿਆਰਥੀ ਵਰਗ ਸਾਧਨਾ ਕਰਕੇ ਕਿਤਾਬਾਂ ਦੇ ਅਧਿਐਨ ਦੇ ਨਾਲ ਨਾਲ ਸਕੂਲ 'ਚ ਸਮੇਂ ਸਮੇਂ ਹੋਣ ਵਾਲੀਆਂ ਸਾਰੀਆਂ ਗਤੀਵਿਧੀਆਂ ਜਿਹਨਾਂ 'ਚ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਮੁਕਾਬਲੇ ਚਾਹੇ ਉਹ ਖੇਡਾਂ, ਗਾਇਕੀ, ਪੇਸ਼ਕਾਰੀਆਂ ਜਾਂ ਫਿਰ ਗਿਆਨ-ਵਿਗਿਆਨ ਦਾ ਵਿਸ਼ਾ ਹੋਵੇ, ਵਿਦਿਆਰਥੀਆਂ ਨੂੰ ਜ਼ਰੂਰ ਭਾਗ ਲੈਣਾ ਚਾਹੀਦਾ ਹੈ। ਇਵੇਂ ਸਕੂਲ ਵਲੋਂ ਪ੍ਰਕਾਸ਼ਿਤ ਮੈਗਜ਼ੀਨ 'ਚ ਆਪਣੀ ਰਚਨਾਤਮਿਕ ਪ੍ਰਤਿਭਾ ਨੂੰ ਉਭਾਰਨ ਲਈ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜਿਵੇਂ ਜ਼ਿੰਦਗੀ ਦੀ ਵਿਕਾਸ ਪ੍ਰਕਿਰਿਆ ਉਸ ਦਰੱਖਤ ਵਾਂਗ ਹੈ ਜੋ ਛੋਟੇ ਜਿਹੇ ਪੌਦੇ ਤੋਂ ਲੈ ਕੇ ਫ਼ਲ ਦੇਣ ਤੱਕ ਜਿਸ ਸੰਭਾਲ ਜਾਂ ਖੁਦ ਦੀ ਗ੍ਰਹਿਣ ਸਮਰੱਥਾ ਨਾਲ ਵੱਧਦਾ ਫੁਲਦਾ ਹੈ ਉਵੇਂ ਇਹ ਬਚਪਨ ਦਾ ਕੋਮਲ ਕਾਰਜਕਾਲ ਵੀ ਜਿਸ ਤਰ੍ਹਾਂ ਦੇ ਸਿਰਜਣਾਤਮਿਕ ਸਫ਼ਰ 'ਚੋਂ ਗੁਜ਼ਰਦਾ ਹੈ ਉਹੋ ਜਿਹੇ ਭਵਿੱਖ ਦਾ ਧਰਾਤਲ ਸਾਬਤ ਹੁੰਦਾ ਹੈ। ਸੋ ਬਚਪਨ ਵਰੇਸੇ ਜਾਂ ਸਫ਼ਲ ਵਿਦਿਆਰਥੀਆਂ ਵਜੋਂ ਹਾਸਲ ਕੀਤਾ ਸਰਵਵਿਆਪੀ ਗਿਆਨ ਭੰਡਾਰ ਹੀ ਅਸੀਂ ਜਵਾਨੀ ਸਮੇਂ ਵੱਖ ਵੱਖ ਕਾਰਜ ਖੇਤਰ 'ਚ ਕਾਰਜਸ਼ੀਲ ਹੋ ਕੇ ਕਮਾਈ ਲਈ ਵਰਤਦੇ ਹਾਂ ਅਤੇ ਫਿਰ ਬਜ਼ੁਰਗ ਅਵਸਥਾ 'ਚ ਉਸ ਦਾ ਸੁੱਖ ਆਨੰਦ ਮਾਣਦੇ ਹਾਂ।

ਜਿੱਥੋਂ ਤੱਕ ਵਿਦਿਆਰਥੀ ਵਰਗ ਲਈ ਸੁਨੇਹੇ ਦੀ ਗੱਲ ਹੈ, ਕੁਝ ਨੁਕਤੇ ਸਾਂਝੇ ਕਰਨੇ ਚਾਹਵਾਂਗੇ ਕਿ ਵੱਡਿਆਂ ਦੀ ਆਖੀ ਗੱਲ 'ਤੇ ਗੌਰ ਕਰਨਾ ਚਾਹੀਦਾ ਹੈ, ਘਰ 'ਚ ਆਪਣੀ ਮਨਮਰਜ਼ੀ ਕਰਨ ਦੀ ਆਦਤ ਤਿਆਗਣੀ ਚਾਹੀਦੀ ਹੈ, ਕਿਤਾਬੀ ਪਾਠ ਦੇ ਨਾਲ ਨਾਲ ਅਧਿਆਪਕਾਂ ਤੋਂ ਜਨ ਜੀਵਨ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਦਿਲਚਸਪੀ ਦਿਖਾਉਣੀ ਚਾਹੀਦੀ ਹੈ। ਘਰ 'ਚ ਇੱਕ ਸਮਾਂ ਸਾਰਣੀ ਬਣਾ ਲੈਣੀ ਚਾਹੀਦੀ ਹੈ ਕਿ ਕਿੰਨਾ ਸਮਾਂ ਖੇਡਣਾ ਹੈ, ਕਿੰਨਾਂ ਸਮਾਂ ਪੜ੍ਹਨਾ ਹੈ ਤੇ ਕਿੰਨਾ ਸਮਾਂ ਘਰ ਦੇ ਕੰਮ 'ਚ ਹੱਥ ਵਟਾਉਂਣਾ ਹੈ। ਸਵੇਰ ਦੀ ਸੈਰ ਵੀ ਜ਼ਰੂਰੀ ਹੈ। ਇੱਕ ਖਾਸ ਗੱਲ ਜਿਹੜੀ ਅਕਸਰ ਵਾਪਰਦੀ ਹੈ ਕਿ ਵੱਖ ਵੱਖ ਚੈਨਲਾਂ ਦੀ ਭਰਮਾਰ ਨਾਲ ਬੱਚਿਆਂ, ਵਿਦਿਆਰਥੀਆਂ ਦੀ ਰੁਚੀ ਟੀ ਵੀ ਵੱਲ ਬਹੁਤ ਵਧੀ ਹੈ। ਪ੍ਰੋਗਰਾਮ ਵੇਖਣ ਦੀ ਚੋਣ ਲਈ ਵੀ ਘਰ ਦੇ ਵੱਡੇ ਮੈਂਬਰਾਂ ਤੋਂ ਸਲਾਹ ਲੈਣੀ ਚਾਹੀਦੀ ਹੈ।

ਮੋਬਾਇਲ ਦੀ ਵਰਤੋਂ ਵੀ ਬੱਚਿਆਂ ਦੀ ਨਜ਼ਰ ਤੇ ਮਾਨਸਿਕਤਾ ਦਾ ਨੁਕਸਾਨ ਹੀ ਕਰਦੀ ਹੈ ਜਿਸ ਤੋਂ ਬਚੇ ਰਹਿਣ ਦੀ ਅਤਿਅੰਤ ਲੋੜ ਹੈ। ਬਚਪਨ ਵਰੇਸ 'ਚੋਂ ਗੁਜ਼ਰ ਰਹੇ ਵਿਦਿਆਰਥੀ ਵਰਗ ਨੂੰ ਇਹੀ ਅਪੀਲ ਹੈ ਕਿ ਉਹ ਸਮਾਜ ਦਾ ਭਵਿੱਖ ਹਨ। ਇੱਕ ਚੰਗਿਆਈ ਦੀ ਆਸ ਹਨ, ਪ੍ਰੇਰਕ ਵਿਅਕਤੀਤਵ ਦਾ ਪ੍ਰਤੀਕ ਬਣਨ ਦੀ ਕਾਮਨਾ ਹਨ। ਸੋ ਇਹ ਅਹਿਮ ਸਮੇਂ ਦੀ ਯੋਗ ਵਰਤੋਂ ਕਰਦਿਆਂ ਬੱਚਿਆਂ ਨੂੰ ਲਗਨ ਨਾਲ ਮਿਹਨਤ ਕਰਨੀ ਚਾਹੀਦੀ ਹੈ ਅਤੇ ਆਪਣੀ ਸਮੁੱਚੀ ਪ੍ਰਤਿਭਾ ਨੂੰ ਸਮਾਜ ਦਾ ਚਾਨਣ ਮੁਨਾਰਾ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਫਿਰ ਜ਼ਿੰਦਗੀ ਦੀ ਹਰ ਸਫ਼ਲਤਾ ਤੁਹਾਡੇ ਚਰਿੱਤਰ ਅੱਗੇ ਨਤਮਸਤਕ ਹੋਵੇਗੀ। ਬਚਪਨ ਵਰੇਸ 'ਚ ਵਿਦਿਆਰਥੀ ਵਰਗ ਵਲੋਂ ਸੰਗ੍ਰਹਿ ਕੀਤਾ ਗੁਣਵਾਨ ਚੌਗਿਰਦਾ ਤੁਹਾਡੀ ਸਖ਼ਸ਼ੀਅਤ ਨੂੰ ਸਥਿਰ ਰੂਪ 'ਚ ਉਜਾਗਰ ਕਰੇਗਾ।

# ਕੀਵੀ ਇੰਡੀਅਨ ਕਲੱਬ ਵੱਲੋਂ ਕਰਵਾਇਆ ਗਿਆ 'ਕੀਵੀਆਂ ਦਾ ਰੌਣਕ ਮੇਲਾ'















**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੁਨੀਆ ਦੇ ਨਕਸ਼ੇ ਉਤੇ ਬਿਲਕੁਲ ਸਿਰੇ ਉਤੇ ਵਸਿਆ ਛੋਟਾ ਜਿਹਾ ਵਿਕਸਤ ਦੇਸ਼ ਹੈ ਅਤੇ ਇਸਨੇ ਜਿੱਥੇ ਕਰੋਨਾ ਉਤੇ ਇਕ ਤਰ੍ਹਾਂ ਨਾਲ ਕਬਜ਼ਾ ਕਰਕੇ ਦੁਨੀਆ ਦਾ ਧਿਆਨ ਆਪਣੇ ਵੱਲ ਖਿਚਿਆ ਉਥੇ ਇਸ ਦੇਸ਼ ਦੇ ਵਿਚ ਸਾਰਿਆਂ ਦਾ ਪਹਿਲਾ ਸੂਰਜ ਚੜ੍ਹਦਾ ਹੈ। ਅੱਜ ਨਵੇਂ ਸਾਲ 2021 ਦਾ ਪਹਿਲਾ ਦਿਨ ਸੀ ਅਤੇ ਇਥੇ ਵਸਦੇ ਭਾਰਤੀ ਕੀਵੀਆਂ ਨੇ 'ਕੀਵੀਆਂ ਦਾ ਰੌਣਕ ਮੇਲਾ' ਲਾ ਕੇ ਚੜ੍ਹਦੇ ਸਾਲ ਹੀ ਅਰਦਾਸ, ਗੀਤਾਂ, ਗਿੱਧੇ-ਭੰਗੜੇ, ਕਵਿਤਾਵਾਂ, ਗਜ਼ਲਾਂ, ਬਾਲੀਵੁੱਡ ਡਾਂਸ, ਚੁੱਟਕਲੇ ਅਤੇ ਨਵੇਂ ਸਾਲ ਦੇ ਸੁੱਖ ਸੁਨੇਹੇ ਦੇ ਕੇ ਖੁਸ਼ੀਆਂ ਵੰਡ ਦਿੱਤੀਆਂ। ਨਵ ਗਠਿਤ 'ਕੀਵੀ ਇੰਡੀਅਨ ਕਲੱਬ' ਨੇ ਅੱਜ ਆਪਣਾ ਪਹਿਲਾ ਉਦਮ 'ਸਾਂਝ ਸਪੋਰਟਸ ਐਂਡ ਕਲਚਰਲ ਕਲੱਬ','ਦਾ ਏਸ਼ੀਅਨ ਨੈਟਵਰਕ', 'ਵਲੰਟੀਅਰ ਲਾਅ ਐਸੋਸੀਏਟਸ ਆਫ ਇੰਡੀਆ-ਨਿਊਜ਼ੀਲੈਂਡ' ਅਤੇ 'ਪੁੱਸ਼ ਇੰਡੀਅਨਜ਼ ਕਮਿਊਨਿਟੀ ਲਾਈਫ ਡਿਵੈਲਪਮੈਂਟ ਟ੍ਰਸਟ' ਦੇ ਸਹਿਯੋਗ ਨਾਲ ਕੀਤਾ।

ਅੱਜ ਸ਼ਾਮ ਪੰਜਾਬੀਆਂ ਦੇ ਗੜ੍ਹ ਪਾਪਾਟੋਏਟੋਏ ਟਾਊਨ ਹਾਲ 'ਚ ਸ਼ਾਮ 6.30 ਵਜੇ ਤੋਂ ਰਾਤ 10 ਵਜੇ ਤੱਕ 'ਕੀਵੀਆਂ ਦਾ ਰੌਣਕ ਮੇਲਾ' ਕਰਵਾਇਆ ਗਿਆ। ਇਸ ਰੌਣਕ ਮੇਲੇ ਦੀ ਸ਼ੁਰੂਆਤ ਸ. ਅਰੁਣਜੀਵ ਸਿੰਘ ਵਾਲੀਆ ਨੇ ਸਾਰਿਆਂ ਨੂੰ ਜੀ ਆਇਆਂ ਆਖ ਕੇ ਕੀਤੀ। ਫਿਰ ਚੇਅਰਮੈਨ ਸ. ਜੋਗਾ ਸਿੰਘ ਨੇ ਸੰਬੋਧਨ ਕੀਤਾ।

ਕਲੱਬ ਦੀ ਪ੍ਰਧਾਨ ਰਿਤੂ ਸ਼ਰਮਾ ਨੇ ਸਵਾਗਤ ਕਰਦਿਆਂ ਨਵੇਂ ਸਾਲ ਦਾ ਸੁਨੇਹਾ ਦਿੱਤਾ ਅਤੇ ਨਾਲ ਹੀ ਪਰਮਿੰਦਰ ਕੌਰ ਦੇ ਨਾਲ ਰਲ ਕੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਗਣੇਸ਼ ਵੰਦਨਾ ਤਨੀਸ਼ਾ ਮਲਹੋਤਰਾ ਵੱਲੋਂ ਕੀਤੀ ਗਈ। ਮਹਾਰਾਣੀ ਅਤੇ ਪ੍ਰਧਾਨ ਮੰਤਰੀ ਦੀ ਤਰਜ਼ ਉਤੇ ਨਵੇਂ ਸਾਲ ਨੂੰ ਜੀ ਆਇਆਂ ਆਖਿਆ ਗਿਆ।

ਇਸ ਤੋਂ ਬਾਅਦ ਸਟੇਜ ਦਾ ਰੰਗਾ-ਰੰਗ ਪ੍ਰੋਗਰਾਮ ਸ਼ੁਰੂ ਹੋ ਗਿਆ ਜਿਸ ਦੇ ਵਿਚ ਜਯੋਤੀ ਸਿੰਘ, ਤਨਵੀ ਸਭਰਵਾਲ, ਕਿਰਨਜੀਤ ਸਿੰਘ, ਸਮਾਇਰਾ ਮਹਿਮੀ, ਰਾਜੀਵ ਮਲਹੋਤਰਾ, ਧਰਮਪਾਲ ਕੌਸ਼ਿਲ, ਰਾਜਨਦੀਪ ਕੌਰ ਵੱਲੋਂ ਪੰਜਾਬੀ ਗੀਤ ਪੇਸ਼ ਕੀਤੇ ਗਏ। ਨ੍ਰਿਤ ਪੇਸ਼ਕਾਰੀ ਦੇ ਵਿਚ ਤਰਨਪ੍ਰੀਤ ਕੌਰ, ਸ਼ਰਨਜੀਤ ਕੌਰ, ਪਰਮਿੰਦਰ ਕੌਰ-ਸੁਖਵਿੰਦਰ ਕੌਰ, ਜੈਸਮਿਨ ਕੌਰ, ਏਕਮਜੋਤ ਕੋਹਲੀ, ਅੰਜਲੀ ਰਾਣੀ ਨੇ ਖੂਬ ਧਮਾਲ ਪਾਈ। ਬਾਲੀਵੁੱਡ ਗੀਤ ਰੋਹਨ ਮਹੇ, ਮੋਹਿੰਦਰ ਸਿੰਘ ਚੱਢਾ, ਮੋਹਿੰਦਰ ਸਿੰਘ ਬੇਦੀ ਨੇ ਪੇਸ਼ ਕੀਤੇ। ਲੋਕ ਗੀਤ ਤਵਲੀਨ ਕੌਰ-ਰਿਤਿਕਾ ਗੁਰਲੀਨ ਕੌਰ ਵੱਲੋਂ ਪੇਸ਼ ਹੋਇਆ ਜਦ ਕਿ ਕਵਿਤਾ ਧਰਮਪਾਲ ਕੌਸ਼ਿਲ ਨੇ ਪੇਸ਼ ਕੀਤੀ। ਦਵਿੰਦਰ ਰਾਹਲ ਵੱਲੋਂ ਚੁੱਟਕਲੇ ਸੁਣਾਏ ਗਏ। ਸਟੇਜ ਸੰਚਾਲਨ ਦੇ ਵਿਚ ਰਾਜੀਵ ਮਹਿਰੋਤਰਾ ਨੇ ਵੀ ਸਹਿਯੋਗ ਦਿੱਤਾ।

ਰੌਣਕ ਮੇਲੇ ਦੇ ਸਿਖਰ ਉਤੇ ਸਾਂਝ ਸਪੋਰਟਸ ਐਂਡ ਕਲਚਰਲ ਕਲੱਬ ਦੀ ਟੀਮ ਵੱਲੋਂ ਭੰਗੜਾ, ਕੀਵੀ ਇੰਡੀਅਨ ਕਲੱਬ ਅਤੇ ਸੋਸ਼ਲ ਕਲੱਬ ਨਿਊਜ਼ੀਲੈਂਡ ਵੱਲੋਂ ਗਿੱਧੇ ਦੇ ਨਾਲ ਪੂਰੇ ਹਾਲ ਨੂੰ ਗੂੰਜਾ ਦਿੱਤਾ। ਮੋਹਿੰਦਰ ਚੱਢਾ ਅਤੇ ਗੁਲਸ਼ਨ ਚੱਢਾ ਨੇ ਪੰਜਾਬੀ ਟੱਪੇ ਪੇਸ਼ ਕੀਤੇ। ਪਾਪਾਕੁਰਾ ਮੈਡੀਟੇਸ਼ਨ ਸੈਂਟਰ ਤੋਂ ਇਸ ਮੌਕੇ ਸੰਦੇਸ਼ ਵੀ ਸਰੋਤਿਆਂ ਲਈ ਜਾਰੀ ਕੀਤਾ ਗਿਆ।

ਇਸ ਦੇ ਨਾਲ ਹੀ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ, ਜਿਸ ਵਿਚ ਸ. ਅਜੀਤਪਾਲ ਸਿੰਘ ਬਸਰਾ ਨਿਊਜ਼ੀਲੈਂਡ ਪੁਲਿਸ, ਕਮਿਊਨਿਟੀ ਸੇਵਾ ਲਈ ਸ. ਪ੍ਰਿਥੀਪਾਲ ਸਿੰਘ ਬਸਰਾ, ਏਥਨਿਕ ਮੀਡੀਆ ਵਜੋਂ ਸ. ਹਰਜਿੰਦਰ ਸਿੰਘ ਬਸਿਆਲਾ, ਉਮਰਾਂ ਨੂੰ ਛੋਟਾ ਕਰਕੇ ਸੋਨੇ ਦੇ ਤਮਗੇ ਜਿੱਤਣ ਲਈ ਸ. ਜਗਜੀਤ ਸਿੰਘ ਕਥੂਰੀਆ, ਸਮਾਜਿਕ ਕਾਰਜਾਂ ਲਈ ਸ੍ਰੀ ਹਿਮੰਸ਼ੂ ਭੱਟ ਅਤੇ ਆਈ. ਟੀ. ਨੌਜਵਾਨ ਸ. ਗੁਰਸਿਮਰਨ ਸਿੰਘ ਆਹਲੂਵਾਲੀਆ ਸ਼ਾਮਿਲ ਰਹੇ।

ਕਲੱਬ ਦੇ ਚੇਅਰਮੈਨ ਅਤੇ ਸ. ਅਰੁਣਜੀਵ ਸਿੰਘ ਵਾਲੀਆ ਨੇ ਸਨਮਾਨਿਤ ਸਖਸ਼ੀਅਤਾਂ ਨੂੰ ਟ੍ਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਇਲਾਵਾ ਸਪਾਂਸਰਜ਼ ਅਤੇ ਵਲੰਟੀਅਰਜ ਨੂੰ ਵੀ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ। ਵਾਤਾਵਰਣ ਸੰਭਾਲ ਦੇ ਲਈ 200 ਫਲਦਾਰ ਅਤੇ ਨੇਟਿਵ ਪੌਦੇ ਵੀ ਦਰਸ਼ਕਾਂ ਨੂੰ ਭੇਟ ਕੀਤੇ ਗਏ। ਅੰਤ ਇਹ 'ਕੀਵੀਆਂ ਦਾ ਰੌਣਕ ਮੇਲਾ' ਪਹਿਲੀ ਵਾਰ ਵੀ ਆਪਣਾ ਪ੍ਰਭਾਵਸ਼ਾਲੀ ਪ੍ਰਭਾਵ ਛੱਡਦਾ ਹੋਇਆ ਕਈ ਯਾਦਗਾਰੀ ਪਲਾਂ ਨੂੰ ਜਨਮ ਦੇ ਗਿਆ।

# ਸ੍ਰ. ਬੂਟਾ ਸਿੰਘ ਦੀ ਮੌਤ ਦੀ ਖਬਰ ਨਾਲ ਫਗਵਾੜਾ 'ਚ ਸ਼ੋਕ ਦੀ ਲਹਿਰ

**ਫਗਵਾੜਾ (ਬੀ.ਕੇ.ਰੱਤੂ)** ਸਾਬਕਾ ਗ੍ਰਹਿ ਮੰਤਰੀ ਸ੍ਰ. ਬੂਟਾ ਸਿੰਘ ਦੇ ਅੱਜ 2 ਜਨਵਰੀ 2021 ਸਵੇਰੇ ਅਕਾਲ ਚਲਾਣਾ ਕਰ ਜਾਣ ਦੀ ਖਬਰ ਨਾਲ ਫਗਵਾੜਾ 'ਚ ਸ਼ੋਕ ਦੀ ਲਹਿਰ ਫੈਲ ਗਈ। ਸ੍ਰ. ਬੂਟਾ ਸਿੰਘ ਦੀ ਮੌਤ ਦੀ ਖਬਰ ਮਿਲਦਿਆਂ ਉਹਨਾਂ ਨੂੰ ਆਪਣਾ ਸਿਆਸੀ ਗੁਰੂ ਮੰਨਣ ਵਾਲੇ ਸ੍ਰ. ਬੂਟਾ ਸਿੰਘ ਦੇ ਭਾਣਜੇ ਅਤੇ ਪੰਜਾਬ ਦੇ ਸਾਬਕਾ ਕੈਬਿਨੇਟ ਮੰਤਰੀ ਜੋਗਿੰਦਰ ਸਿੰਘ ਮਾਨ ਚੇਅਰਮੈਨ ਪੰਜਾਬ ਐਗਰੋ ਇੰਡਸਟ੍ਰੀਜ ਕਾਰਪੋਰੇਸ਼ਨ ਤੁਰੰਤ ਹੀ ਦਿੱਲੀ ਲਈ ਰਵਾਨਾ ਹੋ ਗਏ। ਉਹਨਾਂ ਦੀ ਗੈਰ ਹਾਜਿਰੀ 'ਚ ਸਮੂਹ ਕਾਂਗਰਸੀਆਂ ਅਤੇ ਇਲਾਕੇ ਭਰ ਦੇ ਲੋਕਾਂ ਵਲੋਂ ਜੋਗਿੰਦਰ ਸਿੰਘ ਮਾਨ ਦੇ ਘਰ ਉਹਨਾਂ ਦੇ ਸਪੁੱਤਰ ਹਰਨੂਰ ਸਿੰਘ ਹਰਜੀ ਮਾਨ ਕੋਲ ਸਾਰਾ ਦਿਨ ਅਫਸੋਸ ਪ੍ਰਗਟਾਉਣ ਲਈ ਆਉਣਾ-ਜਾਣਾ ਲੱਗਾ ਰਿਹਾ।

ਸ੍ਰ. ਬੂਟਾ ਸਿੰਘ ਦਾ ਅਕਾਲ ਚਲਾਣਾ ਉਹਨਾਂ ਦੇ ਪਰਿਵਾਰ ਲਈ ਕਦੇ ਵੀ ਪੂਰਾ ਨਾ ਹੋਣ ਵਾਲਾ ਨੁਕਸਾਨ ਹੈ। ਸ੍ਰ. ਬੂਟਾ ਸਿੰਘ ਗ੍ਰਹਿ ਮੰਤਰੀ ਤੋਂ ਇਲਾਵਾ ਭਾਰਤ ਦੇ ਕੇਂਦਰੀ ਰੇਲ ਮੰਤਰੀ, ਖੇਤੀ ਮੰਤਰੀ, ਖੇਡ ਮੰਤਰੀ ਵਜੋਂ ਵੀ ਸੇਵਾਵਾਂ ਨਿਭਾਈਆਂ।

ਉਹ ਅੱਠ ਵਾਰ ਦੇ ਮੈਂਬਰ ਪਾਰਲੀਮੈਂਟ ਸਨ ਅਤੇ 1978-80 ਦੇ ਦਰਮਿਆਨ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਤੇ 2004 ਤੋਂ 2006 ਦੌਰਾਨ ਬਿਹਾਰ ਦੇ ਰਾਜਪਾਲ ਵੀ ਰਹੇ।

86 ਵਰ੍ਹਿਆਂ ਦੀ ਉਮਰ 'ਚ ਸਦੀਵ ਵਿਛੋੜਾ ਦੇਣ ਵਾਲੇ ਸ੍ਰ. ਬੂਟਾ ਸਿੰਘ ਦੇ ਪ੍ਰਤੀ ਸ਼ੋਕ ਦਾ ਪ੍ਰਗਟਾਵਾ ਕਰਨ ਵਾਲਿਆਂ 'ਚ ਹੋਰਨਾਂ ਤੋਂ ਇਲਾਵਾ ਕ੍ਰਿਸ਼ਨ ਕੁਮਾਰ



ਹੀਰੋ, ਰਾਮ ਕੁਮਾਰ ਚੱਢਾ, ਸਾਧੂ ਰਾਮ ਪੀਪਾਰੰਗੀ, ਵਰੁਣ ਚੱਕ ਹਕੀਮ, ਹਰੀਸ਼ ਟੀਨੂੰ, ਕੇ.ਕੇ. ਸ਼ਰਮਾ, ਮਨਜੋਤ ਸਿੰਘ, ਸੁਖਵਿੰਦਰ ਬਿੱਲੂ ਖੇੜਾ, ਸੁਰਜੀਤ ਖੇੜਾ ਐਸ.ਸੀ. ਪ੍ਰਧਾਨ ਦਿਹਾਤੀ, ਰਾਮ ਮੂਰਤੀ ਭਾਣਕੀ, ਜਿਲ੍ਹਾ ਪਰੀਸ਼ਦ ਮੈਂਬਰ ਮੀਨਾ ਰਾਣੀ ਭਬਿਆਣਾ, ਨਿਸ਼ਾ ਰਾਣੀ ਖੇੜਾ, ਅਵਤਾਰ ਸਿੰਘ ਸਰਪੰਚ ਪੰਡਵਾ, ਸਤਬੀਰ ਸਿੰਘ ਸਾਬੀ ਵਾਲੀਆ, ਹਰਨੇਕ ਸਿੰਘ ਨੇਕੀ ਡੁਮੇਲੀ, ਬੂਟਾ ਸਿੰਘ ਰਿਹਾਣਾ ਜੱਟਾਂ, ਮਲਕੀਤ ਸਿੰਘ ਸਾਬਕਾ ਸਰਪੰਚ ਪਾਂਸ਼ਟਾ, ਹਰਜੀਤ ਸਿੰਘ ਲਾਡੀ ਸਰਪੰਚ ਬੋਹਾਨੀ, ਜਸਵੰਤ ਸਿੰਘ ਨੀਟਾ, ਭੁਪਿੰਦਰ ਸਿੰਘ ਖਹਿਰਾ, ਨਵਜਿੰਦਰ ਸਿੰਘ ਬਾਹੀਆ, ਦੀਪ ਸਿੰਘ ਹਰਦਾਸਪੁਰ, ਸਵਰਨ ਸਿੰਘ ਸਰਪੰਚ ਚਹੇੜੂ, ਰਾਕੇਸ਼ ਘਈ, ਕੁਲਵਿੰਦਰ ਸਿੰਘ ਚੱਠਾ, ਰਾਜੂ ਭਗਤਪੁਰਾ, ਬੋਬੀ ਬੇਦੀ, ਸਤਨਾਮ ਸਿੰਘ ਸ਼ਾਮਾ ਬਲਾਕ ਸੰਮਤੀ ਮੈਂਬਰ, ਪਵਨਜੀਤ ਸੋਨੂੰ ਬਲਾਕ ਸੰਮਤੀ ਮੈਂਬਰ, ਇੰਦਰਜੀਤ ਸਿੰਘ ਪਾਂਸ਼ਟਾ, ਅੰਮ੍ਰਿਤਪਾਲ ਸਿੰਘ ਰਵੀ ਸਰਪੰਚ ਰਾਵਲਪਿੰਡੀ, ਸੁਰਜੀਤ ਸਿੰਘ ਸਾਬਕਾ ਸਰਪੰਚ ਰਾਮਪੁਰ ਸੁੰਨੜਾ, ਹਰਦੀਪ ਸਿੰਘ ਨਰੂੜ, ਹਰਨੇਕ ਸਿੰਘ ਪ੍ਰੇਮਪੁਰ, ਦੇਸਰਾਜ ਝਮਟ ਸਰਪੰਚ ਬਘਾਣਾ, ਰਾਮ ਆਸਰਾ ਚੱਕ ਪ੍ਰੇਮਾ, ਕੁਲਦੀਪ ਸਿੰਘ ਲਖਪੁਰ, ਦਿਲਬਾਗ ਸਿੰਘ ਮਲਕਪੁਰ, ਹਰਦੀਪ ਸਿੰਘ ਵਾਹਦ, ਜੋਗਾ ਸਿੰਘ ਮਾਣਕ, ਰੂਪ ਲਾਲ ਢੱਕ ਪੰਡੋਰੀ, ਸੁੱਚਾ ਰਾਮ ਮੌਲੀ, ਸ਼ਿਵ ਕੁਮਾਰ ਸਾਬਕਾ ਸਰਪੰਚ ਖਲਵਾੜਾ, ਕਸ਼ਮੀਰ ਖਲਵਾੜਾ, ਪਰਮਜੀਤ ਕਾਕਾ, ਇਕਬਾਲ ਸਿੰਘ ਪਾਲਾ, ਵਿਜੇ ਲਕਸ਼ਮੀ, ਸੁਰਜਨ ਸਿੰਘ ਪਲਾਹੀ, ਮਨਜੀਤ ਸਿੰਘ ਬਰਨਾ ਆਦਿ ਸ਼ਾਮਲ ਸਨ।

# ਨਵੇਂ ਸਾਲ ਦੀ ਆਮਦ ਤੇ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੂੰ ਵੰਡੇ ਟਰੈਕ ਸੂਟ

## ਕਿਸਾਨ ਅੰਦੋਲਨ ਕਰਕੇ ਇਸ ਵਰ੍ਹੇ ਨਹੀਂ ਹੋਣਗੀਆਂ ਜਰਖੜ ਖੇਡਾਂ

**ਲੁਧਿਆਣਾ-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵੱਲੋਂ ਕਰਵਾਈਆਂ ਜਾਂਦੀਆਂ ਹਰ ਸਾਲ ਕੌਮੀ ਪੱਧਰ ਦੀਆਂ ਜਰਖੜ ਖੇਡਾਂ 2021 ਵਰ੍ਹੇ ਵਿੱਚ ਕਿਸਾਨ ਅੰਦੋਲਨ ਨੂੰ ਮੁੱਖ ਰੱਖਦਿਆਂ ਪ੍ਰਬੰਧਕਾਂ ਵੱਲੋਂ ਨਾ ਕਰਵਾਉਣ ਦਾ ਫ਼ੈਸਲਾ ਲਿਆ ਗਿਆ ਹੈ। ਅੱਜ ਜਰਖੜ ਖੇਡ ਸਟੇਡੀਅਮ ਵਿਖੇ ਜਰਖੜ ਖੇਡ ਟਰੱਸਟ ਦੇ ਇਕ ਹੰਗਾਮੀ ਮੀਟਿੰਗ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਨਵੇਂ ਸਾਲ ਦੀ ਆਮਦ ਉੱਤੇ ਜਰਖੜ ਹਾਕੀ ਅਕੈਡਮ ਦੇ 50 ਬੱਚਿਆਂ ਨੂੰ ਟਰੈਕ ਸੂਟ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਇਸ ਮੌਕੇ ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਜਰਖੜ ਖੇਡਾਂ ਜੋ ਜਨਵਰੀ ਮਹੀਨੇ ਹੋਣੀਆਂ ਸਨ ਉਨ੍ਹਾਂ ਨੂੰ ਕਿਸਾਨ ਅੰਦੋਲਨ ਦੇ ਸੰਘਰਸ਼ੀ ਮਾਹੌਲ ਕਾਰਨ ਮੁਲਤਵੀ ਕਰ ਦਿੱਤਾ ਗਿਆ ਹੈ,ਪ੍ਰਬੰਧਕਾਂ ਨੇ ਕਿਸਾਨ ਅਦੋਲਨ ਦੀ ਜਿੱਤ ਦੀ ਕਾਮਨਾ ਕੀਤੀ ,ਜਰਖੜ ਹਾਕੀ ਅਕੈਡਮੀ ਕਿਸਾਨ ਅੰਦੋਲਨ ਵਾਸਤੇ ਇੱਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਭੇਜੇਗੀ। ਜਰਖੜ ਖੇਡਾਂ ਮੁਲਤਵੀ ਕਰਨ ਦੇ ਫ਼ੈਸਲੇ ਨੂੰ ਖੇਡਾਂ ਦੇ ਮੁੱਖ ਸਪਾਂਸਰ ਕੋਕਾ ਕੋਲਾ, ਏਵਨ ਸਾਇਕਲ, ਮਹਿੰਦਰਪ੍ਰਤਾਪ ਸਿੰਘ ਗਰੇਵਾਲ ਟਰੱਸਟ ਵੱਲੋਂ ਪ੍ਰੀਤਮ ਸਿੰਘ ਗਰੇਵਾਲ ਇੰਗਲੈਂਡ ਦਲਜੀਤ ਸਿੰਘ ਗਰੇਵਾਲ ਕੈਨੇਡਾ ਅਤੇ ਕਬੱਡੀ ਦੇ ਮੁੱਖ ਸਪਾਂਸਰ ਮੋਹਣਾ ਜੋਧਾਂ ਸਿਆਟਲ ਵਲੋਂ ਵੀ ਸਹਿਮਤੀ ਦਿੱਤੀ ਗਈ ਜਦਕਿ ਜਰਖੜ ਹਾਕੀ ਅਕੈਡਮੀ ਦੀਆਂ ਸਾਰੀਆਂ ਗਤੀਵਿਧੀਆਂ ਜਾਰੀ ਰਹਿਣਗੀਆਂ। ਇਸ ਤੋਂ ਇਲਾਵਾ ਹਾਕੀ ਇੰਡੀਆ ਵੱਲੋਂ ਅਪ੍ਰੈਲ ਮਹੀਨੇ ਹੋਣ ਵਾਲੀ ਕੌਮੀ ਜੂਨੀਅਰ ਹਾਕੀ ਚੈਂਪੀਅਨਸ਼ਿਪ ਵਿੱਚ ਜਰਖੜ ਹਾਕੀ ਅਕੈਡਮੀ ਨੂੰ ਸਿੱਧਾ ਦਾਖ਼ਲਾ ਦੇਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਗਿਆ ਹੈ। ਅੱਜ ਦੇ ਵਿਸੇਸ ਮੀਟਿੰਗ ਵਿੱਚ ਇੰਸਪੈਕਟਰ ਬਲਵੀਰ ਸਿੰਘ, ਪ੍ਰੋ ਰਜਿੰਦਰ ਸਿੰਘ, ਬੂਟਾ ਸਿੰਘ ਗਿੱਲ, ਸੰਦੀਪ ਸਿੰਘ ਜਰਖੜ , ਤੇਜਿੰਦਰ ਸਿੰਘ ਜਰਖੜ ਯਾਦਵਿੰਦਰ ਸਿੰਘ ਤੂਰ , ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਗੁਰਸਤਿੰਦਰ ਸਿੰਘ ਪਰਗਟ, ਐਡਵੋਕੇਟ ਸੁਮਿਤ ਸਿੰਘ, ਅਮਨਦੀਪ ਸਿੰਘ ਢਾਂਡੇ, ਜੀਵਨਜੋਤ ਸਿੰਘ ਗਿੱਲ, ਬਾਬਾ ਰੁਲਦਾ ਸਿੰਘ, ਰਾਜਿੰਦਰ ਸਿੰਘ ਜਰਖੜ , ਹਰਬੰਸ ਸਿੰਘ ਗਿੱਲ ਸਿਮਰਨਜੀਤ ਸਿੰਘ ਢਿੱਲੋਂ, ਸਾਹਿਬਜੀਤ ਸਿੰਘ ਜਰਖੜ, ਦਲਬੀਰ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਕੈਪਟਨ ਸਰਕਾਰ ਵਿਰੁੱਧ ਅਣਮਿੱਥੇ ਸਮੇਂ ਦਾ ਧਰਨਾ ਅਤੇ ਸੰਕੇਤਕ ਭੁੱਖ ਹੜਤਾਲ ਸੱਤਵੇਂ ਦਿਨ ਵੀ ਜਾਰੀ

**ਚੰਡੀਗੜ੍ਹ –** ਅਨੁਸੂਚਿਤ ਜਾਤੀਆਂ ਅਤੇ ਹੋਰ ਪੱਛੜੀਆਂ ਜਾਤੀਆਂ ਦੇ ਕਰਮਚਾਰੀਆਂ ਦੇ ਅਧਿਕਾਰਾਂ ਦੀ ਹਿਫਾਜ਼ਤ ਕਰਨ ਵਾਲੀਆਂ ਕਰਮਚਾਰੀ ਸੰਸਥਾਵਾਂ ਐਸਸੀ-ਬੀਸੀ ਕਰਮਚਾਰੀ ਅਤੇ ਲੋਕ ਏਕਤਾ ਫਰੰਟ ਪੰਜਾਬ ਅਤੇ ਐਸਸੀ / ਬੀਸੀ ਇੰਪਲਾਈਜ਼ ਵੈੱਲਫੇਅਰ ਫੈਡਰੇਸ਼ਨ (ਪੀਐਸਪੀਸੀਐਲ / ਪੀ-ਐਸਟੀਸੀਐਲ) ਪੰਜਾਬ ਨੇ ਅੱਜ 25 ਸੈਕਟਰ, ਰੈਲੀ ਗਰਾਊਂਡ ਚੰਡੀਗੜ੍ਹ ਕੈਪਟਨ ਸਰਕਾਰ ਵਿਰੁੱਧ ਅਣਮਿੱਥੇ ਸਮੇਂ ਦਾ ਧਰਨਾ ਅਤੇ ਸੰਕੇਤਕ ਭੁੱਖ ਹੜਤਾਲ ਦਾ ਸਮਰਥਨ ਕੀਤਾ।

ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ ਪਾਵਰਕੌਮ ਅਤੇ ਪਾਵਰਟ੍ਰਾਸਮਿਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਕੈਂਥ ਨੇ ਕਿਹਾ ਕਿ ਅਸੀਂ ਵਿੱਦਿਅਕ ਸੰਸਥਾਵਾਂ ਅਤੇ ਕੈਪਟਨ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਆਉਂਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਕਿਸੇ ਵੀ ਕੀਮਤ ਉਤੇ ਬਰਬਾਦ ਨਹੀਂ ਕਰਨ ਦਿਆਂਗੇ।ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਆਉਂਦੇ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਦਾਖਲਾ ਤੇ ਡਿਗਰੀਆਂ ਅਤੇ ਸਰਟੀਫਿਕੇਟ ਵਿੱਦਿਅਕ ਸੰਸਥਾਵਾਂ ਅਤੇ ਕੈਪਟਨ ਸਰਕਾਰ ਦੀ ਮਿਲੀਭੁਗਤ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੇ ਵਿਰੁੱਧ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਅਤੇ ਦਲਿਤ ਸੰਘਰਸ਼ ਮੋਰਚਾ ਵੱਲੋਂ ਸ਼ੁਰੂ ਕੀਤੇ ਧਰਨੇ ਅਤੇ ਸੰਕੇਤਕ ਭੁੱਖ ਹੜਤਾਲ ਦੀ ਹਮਾਇਤ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਨਾਲ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਆਉਂਦੇ ਵਿਦਿਆਰਥੀਆਂ ਦੀ ਮਦਦ ਕਰਾਗੇ। ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ, "ਸਾਡੀ ਮੰਗ ਸਧਾਰਣ ਹੈ, ਅਸੀਂ 3 ਲੱਖ ਵਿਦਿਆਰਥੀਆਂ ਦੇ ਦਾਖਲੇ ਚਾਹੁੰਦੇ ਹਾਂ ਜਿਨ੍ਹਾਂ ਨੂੰ ਵਿਦਿਅਕ ਸੰਸਥਾਵਾਂ ਨੇ ਰੱਦ ਕਰ ਦਿੱਤਾ ਹੈ ਅਤੇ ਪਿਛਲੇ 3 ਸਾਲਾਂ ਦੌਰਾਨ ਲਗਭਗ 7 ਲੱਖ ਵਿਦਿਆਰਥੀਆਂ ਦੀਆਂ ਡਿਗਰੀਆਂ / ਸਰਟੀਫਿਕੇਟ ਜਾਰੀ ਕੀਤੇ ਜਾਵੇ । ਕੈਂਥ ਨੇ ਦੋਸ਼ ਲਾਇਆ ਕਿ ਸਾਧੂ ਸਿੰਘ ਧਰਮਸੋਤ, ਮੰਤਰੀ 'ਤੇ 63 ਕਰੋੜ ਦੇ ਭ੍ਰਿਸ਼ਟਾਚਾਰ ਘੁਟਾਲੇ, ਦੀ ਜਾਂਚ ਸੀਬੀਆਈ ਦੁਆਰਾ ਕੀਤੀ ਜਾਵੇ ਅਤੇ ਉਦੋਂ ਤਕ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਸਰਕਾਰ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਮੰਤਰਾਲੇ ਤੋਂ ਮੁਅੱਤਲ ਕੀਤਾ ਜਾਵੇ।




ਅਸੀਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਅਨੁਸੂਚਿਤ ਜਾਤੀ ਭਾਈਚਾਰੇ ਦੀ ਆਉਣ ਵਾਲੀ ਪੀੜ੍ਹੀ ਨੂੰ ਬਰਬਾਦ ਨਾ ਕੀਤਾ ਜਾਵੇ ।ਵਿਰੋਧ ਪ੍ਰਦਰਸ਼ਨ ਉਦੋਂ ਤੱਕ ਨਹੀਂ ਰੋਕਿਆ ਜਾਏਗਾ ਜਦੋਂ ਤਕ ਸਾਡੀਆਂ ਸਾਰੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਅਤੇ ਹੋਰ ਸੰਗਠਨਾਂ ਦੇ ਸਮਰਥਨ ਨਾਲ ਸਾਡਾ ਉਦੇਸ਼ ਸਮੇਂ ਦੇ ਨਾਲ ਤੇਜ਼ ਹੁੰਦਾ ਜਾਵੇਗਾ। ਕੈਪਟਨ ਸਰਕਾਰ ਵਿਰੁੱਧ ਅਣਮਿੱਥੇ ਸਮੇਂ ਦਾ ਧਰਨਾ ਅਤੇ ਸੰਕੇਤਕ ਭੁੱਖ ਹੜਤਾਲ ਸੱਤਵੇਂ ਦਿਨ ਵੀ ਜਾਰੀ ਹੈ ।ਮੁਲਾਜ਼ਮ ਆਗੂਆਂ ਇੰਜੀਨੀਅਰ ਪਵਿੱਤਰ ਸਿੰਘ ਨੌਲਖਾਂ, ਪਾਲ ਸਿੰਘ, ਅਰੁਣ ਕੁਮਾਰ, ਨਰਿੰਦਰ ਸਿੰਘ, ਕ੍ਰਿਸ਼ਨ ਸਿੰਘ ਜੱਸਲ, ਦਲੀਪ ਸਿੰਘ ਬੂਚੜੇ, ਸੁਰੇਸ਼ ਕੁਮਾਰ ਬਨਾਰਸੀ, ਕ੍ਰਿਪਾਲ ਸਿੰਘ, ਰਜਵਿੰਦਰ ਸਿੰਘ ਗੱਡੂ, ਜਸਵਿੰਦਰ ਸਿੰਘ ਰਾਹੀਂ, ਹਰਭਜਨ ਦਾਸ, ਸੂਬੇਦਾਰ ਅਮਰਜੀਤ ਸਿੰਘ, ਜਸਵਿੰਦਰ ਸਿੰਘ ਗੁਰਸਵੇਕ ਸਿੰਘ ਮੈਣਮਾਜਰੀ ਆਦਿ ਵੀ ਸ਼ਾਮਿਲ ਹੋਏ।


# ਕੈਪਟਨ ਸਰਕਾਰ ਲੱਖਾਂ ਦੀ ਗਿਣਤੀ ਵਿਚ ਦਲਿਤ ਵਿਦਿਆਰਥੀਆਂ ਨੂੰ ਕੋਈ ਰਾਹਤ ਦੇਣ ਦਾ ਉਪਰਾਲਾ ਨਹੀ ਕੀਤਾ- ਕੈਂਥ

**ਚੰਡੀਗੜ੍ਹ –** ਨੈਸ਼ਨਲ ਸ਼ਡਿਊਲਡ ਕਾਸਟਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਪਿੱਛਲੇ ਕੁਝ ਵਰ੍ਹਿਆਂ ਦੌਰਾਨ ਕੈਪਟਨ ਸਰਕਾਰ ਵਿਸ਼ੇਸ਼ ਤੌਰ ਲੱਖਾਂ ਦੀ ਗਿਣਤੀ ਵਿਚ ਦਲਿਤ ਵਿਦਿਆਰਥੀਆਂ ਨੂੰ ਕੋਈ ਰਾਹਤ ਦੇਣ ਦਾ ਉਪਰਾਲਾ ਨਹੀ ਕੀਤਾ ਜਿਨਾਂ ਦਾ ਵਿਦਿਅਕ ਭਵਿੱਖ ਇਸ ਸਕੀਮ ਅਧੀਨ ਫ਼ੰਡ ਦੀ ਘਾਟ ਕਾਰਨ ਦਾਅ ਤੇ ਲੱਗਿਆ ਹੋਇਆ ਸੀ। ਇਥੋਂ ਤਕ ਕਿ ਕੈਪਟਨ ਅਮਰਿੰਦਰ ਸਿੰਘ ਦੀ ਕੈਬਿਨੇਟ ਵਿਚ ਸ਼ਾਮਿਲ ਤਿੰਨ ਦਲਿਤ ਮੰਤਰੀਆਂ ਨੇ ਵੀ ਇਸ ਸਕੀਮ ਨੂੰ ਲਾਗੂ ਕਰਨ ਵਿਚ ਆ ਰਹੀਆਂ ਊਣਤਾਈਆਂ ਕਾਰਨ ਪ੍ਰੇਸ਼ਾਨ ਹੋ ਰਹੇ ਦਲਿਤ ਵਿਦਿਆਰਥੀਆਂ ਦੀਆਂ ਚਿੰਤਾਵਾਂ ਦੇ ਸੰਬੰਧ ਵਿਚ ਆਵਾਜ਼ ਉਠਾਉਣ ਦੀ ਕੋਈ ਕੋਸ਼ਿਸ਼ ਨਹੀ ਕੀਤੀ। ਸਰਕਾਰ ਵਿਚ ਸਮਾਜਿਕ ਨਿਆ ਤੇ ਅਧਿਕਾਰਤਾ ਮੰਤਰੀ ਸਾਧੂ ਸਿੰਘ ਧਰਮਸੋਤ ਇਸ ਸਕੀਮ ਦੇ ਫ਼ੰਡ ਲਈ 2016-17 ਦਾ ਉਪਯੋਗਿਤਾ ਸਰਟੀਫਿਕੇਟ ਜਾਰੀ ਕਰਨ ਵਿਚ ਨਾਕਾਮ ਰਹੇ. ਉਨਾਂ ਕਿਹਾ ਕੈਪਟਨ ਸਰਕਾਰ ਨੂੰ ਸਕੀਮ ਵਿਚ ਭ੍ਰਿਸ਼ਟਾਚਾਰ ਦੇ ਸੰਬੰਧ ਵਿਚ ਇਕ ਸਫੇਦ ਪੱਤਰ (ਵ੍ਹਾਈਟ ਪੇਪਰ) ਜਾਰੀ ਕਰਨਾ ਚਾਹੀਦਾ ਹੈ। ਉਨਾਂ ਨੂੰ ਇਸ ਗੱਲ ਬਾਰੇ ਸਪਸ਼ਟੀਕਰਨ ਵੀ ਦੇਣਾ ਚਾਹੀਦਾ ਹੈ ਕਿ ਆਡਿਟ ਅਧੀਨ ਜਿਹੜੇ ਅਦਾਰੇ ਫ਼ੰਡ ਦੀ ਦੁਰਵਰਤੋਂ ਦੇ ਦੋਸ਼ੀ ਪਾਏ ਗਏ ਹਨ , ਉਨਾਂ ਵਿਰੁੱਧ ਸਰਕਾਰ ਵਲੋਂ ਕਾਨੂੰਨ ਅਨੁਸਾਰ ਕੋਈ ਕਾਰਵਾਈ ਕਿਉਂ ਨਹੀ ਕੀਤੀ ਗਈ । ਡਾ ਬੀ ਆਰ ਅੰਬੇਡਕਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਲਾਗੂ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਸਰਕਾਰ ਦੀ ਅਪੀਲ ਨੂੰ ਜੁਆਇੰਟ ਐਸੋਸੀਏਸ਼ਨ ਆਫ ਕਾਲੇਜਿਜ਼ (ਜੈਕ) ਨੇ ਅਸਹਿਮਤੀ ਦਾ ਪ੍ਰਗਟਾਵਾ ਕਰਦਿਆਂ ਨਵੀਂ ਸਕੀਮ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ 3 ਲੱਖ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਸਾਲ 2020 - 2021 'ਚ ਦਾਖਲਾ ਦੇਣ ਤੋਂ ਸਾਫ ਇਨਕਾਰ ਦੇ ਦੇ ਵਿਰੁੱਧ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਅਤੇ ਦਲਿਤ ਸੰਘਰਸ਼ ਮੋਰਚਾ ਵੱਲੋਂ ਸੈਕਟਰ 25 ਰੈਲੀ ਗਰਾਊਂਡ ਚੰਡੀਗੜ੍ਹ ਵਿੱਚ ਅਣਮਿੱਥੇ ਸਮੇਂ ਦਾ ਧਰਨਾ ਅਤੇ ਸੰਕੇਤਕ ਭੁੱਖ ਹੜਤਾਲ ਅੱਜ ਪੰਜਵਾਂ ਦਿਨ ਵੀ ਜਾਰੀ ਹੈ।ਆਗੂ ਬਲਵੀਰ ਸਿੰਘ ਅਲਾਮਪੁਰ, ਸਤਨਾਮ ਸਿੰਘ ਸਰਪੰਚ ਮੁਲਾਪੁਰ ਗਰੀਬਦਾਸ, ਐਸ ਕੇ ਸੋਨੀ, ਰਾਕੇਸ਼ ਕੁਮਾਰ ਅਟਵਾਲ, ਕੁਲਦੀਪ ਸਿੰਘ, ਅਜਮੇਰ ਕੁਮਾਰ, ਰਵਿੰਦਰ ਕੁਮਾਰ, ਬਲਵਿੰਦਰ ਸਿੰਘ ਕੁੰਭੜਾ, ਚੰਦ ਸਿੰਘ ਭਟੇੜੀ , ਨਾਇਬ ਸਿੰਘ, ਸੁਰਿੰਦਰ ਸਿੰਘ, ਧਰਮ ਸਿੰਘ ਕਲੋੜ, ਰਾਮ ਲਾਲ, ਸ੍ਰੀ ਗੁਰਸੇਵਕ ਸਿੰਘ ਮਨਮਾਜਰੀ, ਬਲਵਿੰਦਰ ਸਿੰਘ ਆਦਿ ਸ਼ਾਮਲ ਹਨ।



# ਐਡਿਨਬਰਾ ਦੇ ਚਿੜੀਆਘਰ 'ਤੇ ਪਈ ਕੋਰੋਨਾਂ ਦੀ ਮਾਰ, ਚੀਨੀ ਪੰਡੇ ਭੇਜੇ ਜਾ ਸਕਦੇ ਹਨ ਵਾਪਿਸ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਐਡਿਨਬਰਾ ਚਿੜੀਆਘਰ ਦੇ ਮੁੱਖ ਆਕਰਸ਼ਣ ਵੱਡ ਆਕਾਰੀ ਪੰਡਿਆਂ ਨੂੰ ਵਿੱਤੀ ਦਬਾਅ ਕਾਰਨ ਅਗਲੇ ਸਾਲ ਚੀਨ ਵਾਪਸ ਭੇਜਿਆ ਜਾ ਸਕਦਾ ਹੈ। ਯਾਂਗ ਗੁਆਂਗ ਅਤੇ ਤਿਆਨ ਤਿਆਨ ਨਾਮ ਦੇ ਦੋ ਪੰਡੇ ਜੋ ਕੇ ਚੀਨ ਤੋਂ ਲੀਜ਼ 'ਤੇ ਲਏ ਗਏ ਹਨ, ਲਈ ਹਰ ਸਾਲ 1 ਮਿਲੀਅਨ ਪੌਂਡ ਦਾ ਖਰਚਾ ਆਉਂਦਾ ਹੈ। ਚਿੜੀ-ਆਘਰ ਦਾ ਇਸ ਸੰਬੰਧੀ ਚੀਨੀ ਸਰਕਾਰ ਨਾਲ 10 ਸਾਲਾਂ ਦਾ ਸਮਝੌਤਾ ਖਤਮ ਹੋਣ ਦੇ ਨੇੜੇ ਹੈ ਅਤੇ ਆਰਥਿਕ ਸੰਕਟ ਕਾਰਨ ਹੋ ਸਕਦਾ ਹੈ ਕਿ ਇਹ ਸਮਝੌਤਾ ਦੁਬਾਰਾ ਨਾ ਕੀਤਾ ਜਾ ਸਕੇ। ਕੋਵਿਡ ਮਹਾਂਮਾਰੀ ਦੌਰਾਨ ਹੋਈ ਤਾਲਾਬੰਦੀ ਕਾਰਨ ਐਡਿਨਬਰਾ ਚਿੜੀਆਘਰ ਅਤੇ ਹਾਈਲੈਂਡ ਵਾਈਲਡ ਲਾਈਫ ਪਾਰਕ ਚਲਾਉਣ ਵਾਲੀ ਸਕਾਟਲੈਂਡ ਦੀ ਰਾਇਲ ਜੁਆਲੋਜੀਕਲ ਸੁਸਾਇਟੀ ਨੂੰ ਤਕਰੀਬਨ 2 ਮਿਲੀਅਨ ਪੌਂਡ ਦਾ ਨੁਕਸਾਨ ਹੋਇਆ ਹੈ। ਸੁਸਾਇਟੀ ਦੇ ਮੁੱਖ ਕਾਰਜਕਾਰੀ ਡੇਵਿਡ ਫੀਲਡ ਅਨੁਸਾਰ ਇਸ ਸੰਸਥਾ ਨੂੰ ਪੰਡਾ ਇਕਰਾਰਨਾਮੇ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ ਹਾਲਾਂਕਿ ਇਹਨਾਂ ਚੀਨੀ ਪੰਡਿਆ ਨੇ ਪਿਛਲੇ ਨੌਂ ਸਾਲਾਂ ਵਿੱਚ ਦਰਸ਼ਕਾਂ ਉੱਤੇ ਪ੍ਰਭਾਵਸ਼ਾਲੀ ਪ੍ਰਭਾਵ ਪਾਉਣ ਦੇ ਨਾਲ ਲੱਖਾਂ ਲੋਕਾਂ ਨੂੰ ਕੁਦਰਤ ਨਾਲ ਜੁੜਨ ਵਿੱਚ ਸਹਾਇਤਾ ਕੀਤੀ ਹੈ, ਇਸਦੇ ਇਲਾਵਾ ਇਹਨਾਂ ਦੇ ਜਾਣ ਨਾਲ ਚਿੜੀਆਘਰ ਦੀ ਆਮਦਨ ਵਿੱਚ ਵੀ ਘਾਟ ਹੋ ਸਕਦੀ ਹੈ। ਫੀਲਡ ਅਨੁਸਾਰ ਚਿੜੀਆਘਰ ਪਹਿਲਾਂ ਹੀ ਇੱਕ ਸਰਕਾਰੀ ਲੋਨ ਲੈ ਚੁੱਕਾ ਹੈ ਅਤੇ ਤਾਲਾਬੰਦੀ ਦੌਰਾਨ ਸਟਾਫ ਦੀ ਵੀ ਵਿੱਤੀ ਸਹਾਇਤਾ ਕਰਨ ਦੇ ਨਾਲ ਫੰਡ ਇਕੱਠਾ ਕਰਨ ਦੀ ਅਪੀਲ ਸ਼ੁਰੂ ਕਰ ਰਿਹਾ ਹੈ, ਪਰ ਯੂਕੇ ਸਰਕਾਰ ਤੋਂ ਚਿੜੀਆਘਰ ਫੰਡ ਪ੍ਰਾਪਤ ਕਰਨ ਦੇ ਅਯੋਗ ਹੈ। ਇਸ ਲਈ ਆਉਣ ਵਾਲੇ ਮਹੀਨਿਆਂ ਵਿੱਚ ਚੀਨ ਵਿਚਲੇ ਸਹਿਯੋਗੀਆਂ ਨਾਲ ਅਗਲੀ ਕਾਰਵਾਈ ਲਈ ਵਿਚਾਰ ਕੀਤਾ ਜਾਵੇਗਾ।



# ਬਹੁਜਨ ਸਮਾਜ ਪਾਰਟੀ ਪੰਜਾਬ ਨੇ ਮਨਾਇਆ ਨਵਾਂ ਸਾਲ ਸਿੰਘੂ ਬਾਰਡਰ ਦਿੱਲੀ ਤੇ ਅੰਦੋਲਨ ਕਾਰੀ ਕਿਸਾਨਾਂ ਨਾਲ

## ਕਿਸਾਨ ਮਜ਼ਦੂਰ ਏਕਤਾ ਦੇ ਨਾਹਰੇ ਲਗਾਕੇ ਕਿਸਾਨਾਂ ਦੇ ਹੌਂਸਲੇ ਬੁਲੰਦ ਕੀਤੇ - ਬਸਪਾ

ਨਵੇਂ ਸਾਲ ਦੀ ਪੂਰਵ ਸੰਧਿਆ ਮੌਕੇ 31 ਦਸੰਬਰ ਦੀ ਰਾਤ ਨੂੰ ਬਸਪਾ ਦੀ ਲੀਡਰਸ਼ਿਪ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ 150 ਦੇ ਲਗਭਗ ਗੱਡੀਆਂ ਦਾ ਵਿਸ਼ਾਲ ਕਾਫ਼ਲਾ ਲੈਕੇ ਸਿੰਘੂ ਬਾਰਡਰ ਦਿੱਲੀ ਪੁੱਜੀ। ਨਵੇਂ ਸਾਲ ਦੀ ਸਵੇਰ ਤੱਕ ਨੀਲੀਆਂ ਝੰਡੀਆ ਨਾਲ ਸੱਜੀਆਂ ਗੱਡੀਆਂ ਦਿੱਲੀ ਪੁੱਜਦੀਆਂ ਰਹੀਆਂ। ਨਵੇਂ ਸਾਲ ਦੀ ਅੱਧੀ ਰਾਤ ਸ਼ੁਰੂਵਾਤ ਵੇਲੇ ਤਕ ਬਸਪਾ ਵਰਕਰ ਸਿੰਘੂ ਬਾਰਡਰ ਤੇ ਕਿਸਾਨਾਂ ਨਾਲ ਵਿਚਾਰਕ ਮੁਲਾਕਾਤਾਂ ਕਰਦੇ ਵਿਚਰਦੇ ਰਹੇ। ਸਵੇਰ ਚੜਦੇ ਹੀ ਬਸਪਾ ਵਰਕਰ ਦਸ ਵਜੇ ਕੇਐਫਸੀ ਹਾਲ ਕੋਲ ਇਕੱਠੇ ਹੋ ਗਏ। ਬਸਪਾ ਵਰਕਰਾਂ ਦਾ ਵਿਸ਼ਾਲ ਹਜੂਮ ਨੀਲੇ ਝੰਡਿਆ ਤੇ ਤਖਤੀਆਂ ਨਾਲ ਲੈਸ ਸੀ। ਆਕਾਸ਼ ਗੂੰਜਦੇ ਨਾਹਰਿਆ ਨਾਲ ਪੰਜਾਬ ਪ੍ਰਧਾਨ ਗੜ੍ਹੀ ਨੇ ਕੱਲੇ ਕੱਲੇ ਵਰਕਰ ਤੇ ਲੀਡਰ ਦੇ ਗਲੇ ਵਿਚ ਨੀਲਾ ਸਿਰੋਪਾ ਪਾਕੇ ਜਿੱਥੇ ਨਵੇਂ ਸਾਲ ਦੀ ਵਧਾਈ ਦਿੱਤੀ ਉਥੇ ਕਿਸਾਨ ਅੰਦੋਲਨ ਵਿਚ ਪਾਰਟੀ ਰਾਜਨੀਤੀ ਨੂੰ ਦੂਰ ਰੱਖਣ ਲਈ ਤਾਇਦ ਵੀ ਕੀਤੀ, ਜਿਸਦਾ ਕਿ ਬਸਪਾ ਵਰਕਰਾਂ ਨੇ ਸਾਰੇ ਪ੍ਰੋਗਰਾਮ ਦੌਰਾਨ ਪਾਲਣ ਕੀਤਾ।

ਇਸ ਦੌਰਾਨ ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ, ਕਿਸਾਨ ਮਜ਼ਦੂਰ ਵਿਰੋਧੀ ਭਾਜਪਾ ਸਰਕਾਰ ਮੁਰਦਾਬਾਦ, ਕਿਸਾਨ ਮਜ਼ਦੂਰ ਵਿਰੋਧੀ ਕਾਲੇ ਕਾਨੂੰਨ ਰੱਦ ਕਰੋ, ਬਾਬਾ ਸਾਹਿਬ ਅੰਬੇਡਕਰ ਅਮਰ ਰਹੇ, ਬਾਬਾ ਸਾਹਿਬ ਅੰਬੇਡਕਰ ਤੁਹਾਡੀ ਸੋਚ ਤੇ ਪਹਿਰਾ ਦਿਆਂਗੇ ਠੋਕਕੇ, ਨਿਕਲੋ ਬਾਹਰ ਮਕਾਨੋਂ ਸੇ ਜੰਗ ਲੜੋ ਬੇਈਮਾਨੋਂ ਸੇ, ਹੱਕਾਂ ਲਈ ਜੋ&; ਮਰਦੇ ਲੋਕ ਜੇਲ੍ਹਾਂ ਤੋਂ ਨਹੀਂ ਡਰਦੇ ਲੋਕ ਆਦਿ ਆਕਾਸ ਪਾੜਦੀਆਂ ਅਵਾਜ਼ਾ ਨੇ ਸਾਰੇ ਸਿੰਘੂ ਬਾਰਡਰ ਦਾ ਧਿਆਨ ਖਿੱਚ ਲਿਆ। ਨਾਹਰਿਆ ਦੇ ਪ੍ਰਤੀ ਉੱਤਰ ਵਿਚ ਕਿਸਾਨ ਮਰਦ ਔਰਤਾਂ ਬਜ਼ੁਰਗ ਬੱਚੇ ਬਾਹਾਂ ਖੜੀਆਂ ਕਰਕੇ ਨਾਹਰੇ ਲਗਾਉਣ ਲਗੇ। ਨਵੇਂ ਸਾਲ ਦੀ ਸਵੇਰ ਵਿਚ ਬਸਪਾ ਆਗੂਆਂ ਵਲੋਂ ਲਗਾਇਆ ਜਾ ਰਿਹਾ ਮੋਦੀ ਸਰਕਾਰ ਮੁਰਦਾਬਾਦ ਦਾ ਨਾਹਰਾ ਵੱਖਰਾ ਹੀ ਜੋਸ਼ ਭਰ ਰਿਹਾ ਸੀ। ਸੋਸ਼ਲ ਮੀਡੀਆ ਚਲਾ ਰਹੇ ਨੌਜਵਾਨ ਮੁੰਡੇ ਕੁੜੀਆਂ ਵੀਡਿਓ ਤੇ ਫੋਟੋ ਸੈਲਫੀਆਂ ਲੈਕੇ ਉਤਸਾਹਿਤ ਹੋ ਰਹੇ ਸਨ।

ਪੰਜਾਬ ਪ੍ਰਧਾਨ ਸ ਗੜ੍ਹੀ ਅਤੇ ਸੀਨੀਅਰ ਆਗੂਆਂ ਦੀ ਅਗਵਾਈ ਵਿੱਚ ਬਸਪਾ ਇਕ ਲਹਿਰ ਦੀ ਤਰ੍ਹਾ ਸੈਕੜੇ ਟਰਾਲੀਆਂ ਵਿੱਚੋ ਦੀ ਹੁੰਦੀ ਕਿਸਾਨ ਸੰਘਰਸ਼ ਦੇ ਮੁੱਖ ਮੰਚ ਵੱਲ ਤੁਰੀ ਅਤੇ ਸੁਨਾਮੀ ਬਣ ਗਈ। ਕਾਫ਼ਲੇ ਦਾ ਇਕ ਸਿਰਾ ਦੂਜੇ ਸਿਰੇ ਤੋਂ ਇੰਨਾ ਦੂਰ ਸੀ ਚਾਰੋਂ ਤਰਫ ਨੀਲੇ ਨੀਲੇ ਝੰਡੇ ਹੀ ਨਜ਼ਰ ਆ ਰਹੇ ਸਨ।

ਇਸ ਮੌਕੇ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕਿਸਾਨ ਮਜ਼ਦੂਰ ਏਕਤਾ ਦੀ ਭਾਵਨਾ ਦੀ ਮਜ਼ਬੂਤੀ ਹਿਤ ਉਹ ਖਾਸ ਤੌਰ ਤੇ ਪੰਜਾਬ ਤੋਂ ਦਲਿਤਾਂ ਪਿਛੜੇ ਤੇ ਗਰੀਬ ਮਜ਼ਦੂਰਾਂ ਨੂੰ ਨਾਲ ਲੈਕੇ ਤੁਰੇ। ਇਹ ਪ੍ਰੋਗਰਾਮ ਸਿਰਫ ਦੋ ਦਿਨ ਪਹਿਲਾਂ ਹੀ ਬਣਿਆ ਸੀ, ਜੇਕਰ ਹੋਰ ਸਮਾਂ ਮਿਲਦਾ ਤਾਂ ਅੱਧੇ ਪੰਜਾਬ ਤੋਂ ਹਜ਼ਾਰਾਂ ਵਿਹੀਕਲਾਂ ਨਾਲ ਸਿੰਘੂ ਬਾਰਡਰ ਆਉਂਦੇ। ਇਹ ਬਸਪਾ ਦਾ ਗੇੜਾ ਸੰਕੇਤਕ ਹੈ, ਜੋਕਿ ਅਸੀਂ ਨਵਾਂ ਸਾਲ ਕਿਸਾਨਾਂ ਨਾਲ ਨਾਹਰੇ ਨੂੰ ਪੂਰੀ ਕਰਨ ਦੀ ਸੰਜੀਦਗੀ ਲਈ ਆਏ ਹਾਂ। ਅਸੀ ਕਿਸਾਨਾਂ ਨਾਲ ਪੂਰੀ ਤਰ੍ਹਾਂ ਇਕਮੁੱਠਤਾ ਨਾਲ ਬਿਨਾਂ ਕਿਸੇ ਰਾਜਨੀਤੀ ਤੋਂ ਖੜ੍ਹੇ ਹਾਂ, ਜਦੋਂ ਵੀ ਕਿਸਾਨ ਭਾਈਚਾਰਾ ਸ਼ਕਤੀ ਪ੍ਰਦਰਸ਼ਨ ਲਈ ਭਾਜਪਾ ਨੂੰ ਟੱਕਰ ਦੇਣ ਲਈ ਬਸਪਾ ਨੂੰ ਯਾਦ ਕਰਨਗੇ, ਕਿਸਾਨ ਮਜ਼ਦੂਰ ਦੀ ਏਕਤਾ ਹਿਤ ਇਹ ਹਜ਼ਾਰਾਂ ਪੰਜਾਬ ਦੀਆਂ ਬਸਪਾ ਯੂਨਿਟਾਂ ਨੂੰ ਕਿਸਾਨਾਂ ਨਾਲ ਖੜ੍ਹਾ ਕਰ ਦੇਣਗੇ। ਸ ਗੜ੍ਹੀ ਨੇ ਕਿਹਾ ਕਿ ਕਿਸਾਨਾਂ ਦਾ ਨਵਾਂ ਸਾਲ ਦਿੱਲੀ ਦੇ ਬਾਰਡਰਾਂ ਤੇ ਭਾਜਪਾ ਮੋਦੀ ਸਰਕਾਰ ਦੇ ਮੱਥੇ ਤੇ ਕਾਲ਼ਾ ਕਲੰਕ ਹੈ। ਪੰਜਾਬ ਪ੍ਰਧਾਨ ਨੇ ਸਿੰਘੂ ਬਾਰਡਰ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਮੌਕੇ ਰੱਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਮੌਕੇ ਨਤਮਸਤਕ ਹੁੰਦੇ ਕਿਹਾ ਕਿ ਭਾਜਪਾ ਕਾਂਗਰਸ ਦਾ ਜਬਰ ਜੁਲਮ ਦਾ ਜਵਾਬ ਕਿਸਾਨ ਧਿਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਹੀ ਤਿਆਰ ਕਰਕੇ ਦਿੱਤਾ ਜਾਵੇਗਾ ਅੱਜ ਓਹ ਗੈਰ ਰਾਜਨੀਤਿਕ ਤੌਰ ਤੇ ਆਮ ਮਜ਼ਦੂਰ ਦੀ ਤਰ੍ਹਾਂ ਕਿਸਾਨ ਸੰਘਰਸ਼ ਵਿਚ ਸ਼ਾਮਿਲ ਹੋਏ ਹਨ।

ਇਸ ਮੌਕੇ ਵਰਕਰਾਂ ਦੀ ਵਿਸ਼ਾਲ ਗਿਣਤੀ ਦੇ ਨਾਲ ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਰਾਜਾ ਰਾਜਿੰਦਰ ਸਿੰਘ, ਅਜੀਤ ਸਿੰਘ ਭੈਣੀ, ਬਲਦੇਵ ਸਿੰਘ ਮਹਿਰਾ, ਰਾਮ ਸਿੰਘ ਗੋਗੀ, ਜੋਗਾ ਸਿੰਘ ਪਨੋਂਦੀਆਂ, ਡਾ ਜਸਪ੍ਰੀਤ ਸਿੰਘ, ਬਲਜੀਤ ਸਿੰਘ ਭਾਰਾਪੁਰ, ਅੰਮ੍ਰਿਤ ਪਾਲ ਭੌਂਸਲੇ, ਪਰਮਜੀਤ ਮੱਲ, ਲਾਲ ਸਿੰਘ ਸੁਲਹਾਣੀ, ਗੁਰਮੇਲ ਚੁੰਬਰ, ਚਮਕੌਰ ਸਿੰਘ ਵੀਰ, ਤਰਸੇਮ ਥਾਪਰ, ਸੁਖਦੇਵ ਸ਼ੀਰਾ, ਐਡਵੋਕੇਟ ਰਣਜੀਤ ਕੁਮਾਰ, ਪਰਵੀਨ ਬੰਗਾ, ਬਲਵਿੰਦਰ ਕੁਮਾਰ, ਡਾ ਸੁਖਬੀਰ ਸਲਾਰਪੁਰ, ਆਤਮਾ ਸਿੰਘ ਪਰਮਾਰ, ਦਲਜੀਤ ਰਾਏ, ਐਡਵੋਕੇਟ ਸ਼ਿਵ ਕਲਿਆਣ, ਹਰਬੰਸ ਲਾਲ ਚਣਕੋਆ, ਕਾਨੂੰਗੋ ਗੋਬਿੰਦ ਸਿੰਘ, ਮਨੋਹਰ ਕਮਾਮ, ਬਲਵਿੰਦਰ ਰੱਲ, ਸੁਖਵਿੰਦਰ ਬਿੱਟੂ, ਕੁਲਵੰਤ ਮਹਤੋ, ਹਰਦੇਵ ਸਿੰਘ ਤਖਾਣਵੱਧ, ਕੇਵਲ ਸਿੰਘ ਸੈਦੋਕੇ, ਮੈਡਮ ਸੁਨੀਤ ਰਾਣੀ, ਮਾਸਟਰ ਜਗਤਾਰ ਸਿੰਘ, ਕੁਲਦੀਪ ਘਨੌਲੀ, ਜੈ ਪਾਲ ਸੁੰਡਾ, ਜੀਤ ਰਾਮ ਬਸਰਾ, ਰਾਕੇਸ਼ ਕੁਮਾਰ ਕਪੂਰਥਲਾ, ਕੁਲਵੰਤ ਸਿੰਘ ਤਰਨਤਾਰਨ, ਕਰਮਜੀਤ ਸੰਧੂ, ਮਨੀ ਮਾਲਵਾ ਆਦਿ ਹਾਜ਼ਰਿ ਸਨ।

# ਬਲਜੀਤ ਕੌਰ ਨੇ ਮੈਲਬੌਰਨ 'ਚ ਪੰਦਰਾਂ ਹਜ਼ਾਰ ਫੁੱਟ ਤੋਂ ਚੱਲ ਮਾਰ ਕੇ ਬਿੱਲਾਂ ਵਿਰੁੱਧ ਰੋਸ ਜਿਤਾਇਆ

ਭਾਰਤ ਸਰਕਾਰ ਵੱਲੋਂ ਕਿਸਾਨੀ ਨੂੰ ਤਬਾਹ ਕਰਨ ਅਤੇ ਸਰਮਾਏਦਾਰਾਂ ਦੇ ਢਿੱਡ ਭਰਨ ਲਈ ਧੱਕੇ ਨਾਲ ਲਿਆਂਦੇ ਕਾਨੂੰਨਾਂ ਦੇ ਵਿਰੋਧ ਵਿਚ ਜਿੱਥੇ ਰਾਜਧਾਨੀ ਦੀਆਂ ਬਰੂਹਾਂ ਤੇ ਮੋਰਚੇ ਲੱਗੇ ਹੋਏ ਨੇ ਓਥੇ ਨਾਲ ਦੀ ਨਾਲ ਕਿਸਾਨ ਹਿਤੈਸ਼ੀਆਂ ਵੱਲੋਂ ਸਾਰੀ ਦੁਨੀਆਂ ਵਿੱਚ ਵੀ ਬਿੱਲਾਂ ਵਿਰੁੱਧ ਪ੍ਰਦਰਸ਼ਨ ਕੀਤੇ ਜਾ ਰਹੇ ਨੇ। ਨਿੱਜੀ ਅਤੇ ਸਮੂਹਿਕ ਉਪਰਾਲਿਆਂ ਰਾਹੀਂ ਵੱਖ ਵੱਖ ਢੰਗ ਅਪਣਾ ਕੇ ਰੋਸ ਜਿਤਾਇਆ ਜਾ ਰਿਹਾ ਹੈ। ਇਸੇ ਲੜੀ ਦੇ ਤਹਿਤ ਮੈਲਬੌਰਨ ਪੜ੍ਹਦੀ ਵਿਦਿਆਰਥਣ ਬਲਜੀਤ ਕੌਰ ਵੱਲੋਂ ਨਿਵੇਕਲਾ ਢੰਗ ਅਪਣਾਇਆ ਗਿਆ। ਲੁਧਿਆਣਾ ਜਿਲੇ ਦੇ ਪਿੰਡ ਰੁੜਕਾ ਕਲਾਂ ਦੀ ਜੰਮਪਲ ਬਲਜੀਤ ਕੌਰ ਨੇ ਕਿਸਾਨੀ ਦੇ ਹੱਕ ਚ ਨਾਅਰੇ ਲਿਖੇ ਹੋਏ ਵਸਤਰ ਪਹਿਨ ਕੇ ਅਸਮਾਨ ਚੋ ਪੰਦਰਾਂ ਹਜ਼ਾਰ ਫੁੱਟ ਤੋਂ ਛਾਲ ਮਾਰ ਕੇ ਕਾਲੇ ਕਾਨੂੰਨਾਂ ਵਿਰੁੱਧ ਆਪਣਾ ਰੋਸ ਜਤਾਇਆ ਗਿਆ।



ਫੋਨ ਤੇ ਜਾਣਕਾਰੀ ਦਿੰਦਿਆਂ ਉਹਨਾਂ ਨੇ ਕਿਹਾ ਕਿ ਜਦ ਸਾਰੇ ਸੁਹਿਰਦ ਲੋਕ ਆਪਣੇ ਆਪਣੇ ਤੌਰ ਤੇ ਇਸ ਲੋਕ ਲਹਿਰ ਦਾ ਹਿੱਸਾ ਬਣ ਰਹੇ ਨੇ ਤਾਂ ਮੇਰੇ ਮਨ ਵਿੱਚ ਵੀ ਇਹ ਵਿਚਾਰ ਆਇਆ ਕਿ ਕਿਓਂ ਨਾ ਇਹ ਨਿਵੇਕਲੀ ਪਹਿਲ ਕੀਤੀ ਜਾਵੇ ਤਾਂ ਜੋ ਹੋਰ ਭਾਈਚਾਰਿਆਂ ਅਤੇ ਨਾ ਜਾਣਕਾਰ ਲੋਕਾਂ ਤੱਕ ਇਸ ਸੰਦੇਸ਼ ਨੂੰ ਵੱਧ ਤੋਂ ਵੱਧ ਪਹੁੰਚਾਇਆ ਜਾਵੇ।

ਸੇਂਟ ਕਿਲਡਾ ਤੋਂ ਸਕਾਈਡਾਈਵ ਛਾਲਵਿਧੀ ਦੁਆਰਾ ਇਹ ਕਾਰਨਾਮਾ ਕਰਨ ਵਾਲੀ ਬਲਜੀਤ ਕੌਰ ਨੇ ਦੱਸਿਆ ਕਿ ਉੱਚੀਆਂ ਹਵਾਵਾਂ ਚ ਰਹਿਣ ਵਾਲੀਆਂ ਸਰਕਾਰਾਂ ਨੂੰ ਮੈਂ ਆਪਣਾ ਸੁਨੇਹਾ ਹਵਾ 'ਚ ਵਿਰੋਧ ਕਰ ਕੇ ਦੇਣ ਦਾ ਨਿਰਣਾ ਕੀਤਾ ਅਤੇ ਉਸਦੇ ਇਸ ਕਦਮ ਦੀ ਲੋਕਾਂ ਦੁਆਰਾ ਸਿਫਤ ਕੀਤੀ ਜਾ ਰਹੀ ਹੈ। ਅਗਸਤ 2017 ਤੋਂ ਆਸਟਰੇਲੀਆ ਰਹਿ ਰਹੀ ਬਲਜੀਤ ਕੌਰ ਨੇ ਕਦੇ ਕਿਸੇ ਵੀ ਸ਼ੌਂਕ ਜਾਂ ਮਨੋਰੰਜਨ ਤੇ ਇੰਨੀ ਰਾਸ਼ੀ ਨਹੀਂ ਖਰਚੀ, ਜਿੰਨੀ ਕਿ ਆਪਣੀ ਸੀਮਤ ਕਮਾਈ ਵਿਚੋਂ ਇਸ ਕਾਰਜ ਦੇ ਲੇਖੇ ਲਾਈ ਗਈ। ਇਸ ਮੌਕੇ ਤੇ ਉਹਨਾਂ ਦੀ ਸਹਾਇਤਾ ਲਈ ਇੱਕ ਸਹਾਇਕ ਮੌਜੂਦ ਸੀ। ਅਸਮਾਨ ਵਿੱਚ ਉਹਨਾਂ ਬੋਲੇ ਸੋ ਨਿਹਾਲ ਦੇ ਜੈਕਾਰੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਜੀ ਅਤੇ ਕਿਸਾਨ ਮਜਦੂਰ ਏਕਤਾ ਦੇ ਨਾਅਰੇ ਵੀ ਲਾਏ।

# ਕੇਂਦਰ ਦੇ ਤਿੰਨ ਕਾਨੂੰਨਾਂ 'ਤੇ ਭਾਰੂ ਪਈਆਂ ਜ਼ਿੰਦਗੀ ਦੀਆਂ ਤਿੰਨ ਵਰੇਸਾਂ

## ਦਿੱਲੀ ਦੀ ਘੇਰਾਬੰਦੀ ਲਈ ਬੁਢਾਪੇ ਤੇ ਜਵਾਨੀ ਨਾਲ ਬਚਪਨ ਵੀ ਪਿੱਛੇ ਨਾ ਰਿਹਾ

**ਬੰਗਾ, (ਸੁਰਜੀਤ ਮਜਾਰੀ)–** ਕਿਸਾਨ ਅੰਦੋਲਨ 'ਚ ਜਿੱਥੇ ਬਜ਼ੁਰਗਾਂ ਨੇ ਕਮਾਂਡ ਸੰਭਾਲੀ ਉੱਥੇ ਨੌਜਵਾਨ ਵੀ ਉਹਨਾਂ ਦੀ ਸੇਵਾ 'ਚ ਲੱਗੇ ਹੋਏ ਹਨ। ਇਸ ਦੇ ਨਾਲ ਛੋਟੀ ਉਮਰ ਦੇ ਬੱਚੇ ਵੀ ਪਿੱਛੇ ਨਹੀਂ ਰਹੇ। ਦਿੱਲੀ ਦੀ ਘੇਰਾਬੰਦੀ 'ਚ ਤਿੰਨ ਪੀੜ੍ਹੀਆਂ ਦੇ ਰੂਪ 'ਚ ਦਾਦਾ, ਪੁੱਤ ਤੇ ਪੋਤਾ ਸੰਘਰਸ਼ ਦਾ ਹਿੱਸਾ ਬਣੇ ਹੋਏ ਹਨ। ਸੜਕ ਕਿਨਾਰੇ ਲੱਗੇ ਤੰਬੂ ਤੋਂ ਟਿੱਕਰੀ ਹੱਦ ਨੂੰ ਜਾਣ ਦੀ ਤਿਆਰੀ 'ਚ ਜਦੋਂ ਰੋਜ਼ ਸਵੇਰੇ ਪੁੱਤਰ ਆਪਣੇ ਪਿਤਾ ਨਾਲ ਪੱਗ ਦੀ ਪੂਣੀ ਕਰਾਉਂਦਾ ਹੈ ਤਾਂ ਸਾਹਮਣੇ ਸ਼ੀਸ਼ਾ ਲੈ ਕੇ ਖੜ੍ਹੇ ਪੋਤੇ ਦਾ ਜੋਸ਼ ਵੀ ਦੇਖਣ ਵਾਲਾ ਹੁੰਦਾ ਹੈ। ਇਵੇਂ ਸ਼ਾਮ ਨੂੰ ਪੋਤਾ ਆਪਣੇ ਨਾਲ ਲਿਆਂਦੀਆਂ ਕਿਤਾਬਾਂ ਨੂੰ ਖੋਲ੍ਹ ਕੇ ਪੜ੍ਹਾਈ 'ਚ ਜੁਟ ਜਾਂਦਾ ਹੈ ਤੇ ਪੁੱਤਰ ਲੰਗਰਾਂ ਦੀ ਸੇਵਾ 'ਚ ਸ਼ਾਮਲ ਹੋ ਜਾਂਦਾ ਹੈ ਤੇ ਪਿਤਾ ਗੁਰਬਾਣੀ ਦਾ ਜਾਪ ਕਰਕੇ ਸ਼ੰਘਰਸ਼ ਦੀ ਸਫ਼ਲਤਾ ਲਈ ਅਰਦਾਸ ਕਰਦਾ ਹੈ।



ਇੱਥੋਂ ਦੇ ਪਿੰਡਾਂ ਤੋਂ ਦਿੱਲੀ ਗਏ ਕਾਫ਼ਲਿਆਂ 'ਚ ਸ਼ਾਮਲ ਪਿੰਡ ਤਲਵੰਡੀ ਦੇ ਬਜ਼ੁਰਗ ਵਰਿਆਮ ਸਿੰਘ ਨੇ ਦੱਸਿਆ ਕਿ ਦਿੱਲੀ ਦੇ ਮੋਰਚਿਆਂ 'ਚ ਨੌਜ਼ਵਾਨ ਪੀੜ੍ਹੀ ਦੇ ਜੋਸ਼ ਨੇ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਥਕਾਵਟ ਨਹੀਂ ਹੋਣ ਦਿੱਤੀ ਅਤੇ ਸਾਰੇ ਪ੍ਰਬੰਧਕਾਂ 'ਚ ਮੁੰਡੇ ਕੁੜੀਆਂ ਉਹਨਾਂ ਦਾ ਹੱਥ ਵਟਾ ਰਹੇ ਹਨ। ਇਵੇਂ ਪਿੰਡ ਸਰਹਾਲ ਤੋਂ ਗਏ ਕਾਫ਼ਲੇ 'ਚ ਬੱਚੇ ਵੀ ਵੱਡੀ ਗਿਣਤੀ 'ਚ ਸ਼ਾਮਲ ਸਨ। ਉਹਨਾਂ 'ਚੋ ਸੱਤਵੀਂ ਜਮਾਤ ਦੇ ਵਿਦਿਆਰਥੀ ਗੁਰਕੀਰਤ ਤੇ ਛੇਵੀਂ ਦੇ ਹਰਮਨ ਨੇ ਦੱਸਿਆ ਕਿ ਉਹ ਆਪਣੀਆਂ ਕਿਤਾਬਾਂ ਨਾਲ ਲੈ ਕੇ ਆਏ ਹੋਏ ਹਨ ਅਤੇ ਸਕੂਲ ਤੋਂ ਮੋਬਾਇਲ ਰਾਹੀਂ ਜਿਹੜਾ ਵੀ ਕੰਮ ਉਹਨਾਂ ਨੂੰ ਮਿਲਦਾ ਹੈ ਉਹ ਨਾਲ ਦੀ ਨਾਲ ਕਰ ਰਹੇ ਹਨ।

ਕਿਸਾਨ ਯੂਨੀਅਨ ਦੇ ਆਗੂ ਸੁਰਿੰਦਰ ਸਿੰਘ ਬੈਂਸ, ਨੰਬਰਦਾਰ ਗੁਰਵਿੰਦਰ ਸਿੰਘ ਦਾ ਕਹਿਣ ਸੀ ਕਿ ਕੇਂਦਰ ਦੇ ਤਿੰਨਾਂ ਕਾਨੂੰਨਾਂ ਖਿਲਾਫ਼ ਦੁਨੀਆਂ ਭਰ 'ਚ ਵੱਖਰੀ ਪਛਾਣ ਬਣੇ ਇਸ ਕਿਸਾਨ ਅੰਦੋਲਨ 'ਚ ਤਿੰਨੇ ਪੀੜ੍ਹੀਆਂ ਦਾ ਯੋਗਦਾਨ ਪਿਆ। ਉਹਨਾਂ ਦੱਸਿਆ ਕਿ ਜਿੱਥੇ ਇੱਕ ਪਾਸੇ ਬਜ਼ੁਰਗ ਇਸ ਅੰਦੋਲਨ 'ਚ ਪਹਿਲੇ ਦਿਨ ਤੋਂ ਡਟੇ ਹੋਏ ਹਨ ਉੱਥੇ ਨੌਜ਼ਵਾਨਾ ਨੇ ਵੀ ਵੱਡੀ ਹੱਲਾਸ਼ੇਰੀ ਦਿੱਤੀ ਅਤੇ ਬੱਚਿਆਂ ਦੀ ਹਾਜ਼ਰੀ ਨਾਲ ਇਸ ਅੰਦੋਲਨ ਨੂੰ ਹੋਰ ਬਲ ਮਿਲਿਆ ਹੈ।

# ਕੇਂਦਰ ਸਰਕਾਰ ਕਾਲੇ ਕਾਨੂੰਨਾਂ ਨੂੰ ਜਲਦੀ ਰੱਦ ਕਰੇ- ਨਾਰਵੇ

**ਲਸਾੜਾ/ਉੜਾਪੜ,,ਬੱਗਾ ਸੇਲਕੀਆਣਾ–** ਪਿਛਲੇ ਮਹੀਨਿਆਂ ਤੋਂ ਦੇਸ਼ ਦਾ ਅੰਨਦਾਤਾ ਕਾਲੇ ਕਾਨੂੰਨਾ ਖਿਲਾਫ ਕੇਂਦਰ ਸਰਕਾਰ ਨੂੰ ਸ਼ਾਂਤ ਮਈ ਢੰਗ ਨਾਲ ਆਪਣਾ ਰੋਸ ਜਾਹਰ ਕਰ ਰਹੇ ਹਨ ਇਥੇ ਗੱਲ ਇਹ ਵੀ ਜਿਕਰਯੋਗ ਹੈ ਕਿ ਇਨਾਂ ਤਿੰਨ ਬਿੱਲਾਂ ਦਾ ਕਿਸਾਨ ਹੀ ਨਹੀਂ ਸਗੋਂ ਸਾਰਾ ਸੰਸਾਰ ਵਿਰੋਧਤਾ ਕਰ ਰਿਹਾ ਹੈ।

ਅਗਰ ਇਹ ਕਾਨੂੰਨ ਬਣਾਉਣੇ ਸਨ ਤਾਂ ਇਨਾਂ ਦੇ ਨੁਕਸਾਨ ਬਾਰੇ ਵੀ ਦੇਸ਼ ਵਾਸੀਆਂ ਨੂੰ ਦੱਸ ਦੇਣਾ ਸੀ ਹੁਣ ਕੇਂਦਰ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਕਿ ਦੇਸ਼ ਵਾਸੀ ਪਹਿਲਾਂ ਨਾਲੋ ਜਿਆਦਾ ਜਾਗਰੁਕ ਹੋ ਗਏ ਹਨ ਪਤਾ ਨਹੀਂ ਸਰਕਾਰ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਚ ਅਜੇ ਵੀ ਦੇਰੀ ਕਰ ਰਹੀ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਉਘੇ ਸਮਾਜ ਸੇਵੀ ਸ੍ਰ ਗੁਰਚਰਨ ਸਿੰਘ ਨਾਰਵੇ ਚੱਕਦਾਨਾਂ ਨੇ ਕੀਤਾ ਨਾਰਵੇ ਨੇ ਆਖਿਆ ਕਿ ਕਾਲੇ ਕਾਨੂੰਨਾ ਨੂੰ ਰੱਦ ਕਰਵਾਉਣ ਲਈ ਬੇਸ਼ੱਕ ਕਿੰਨੇ ਲੋਕ ਸ਼ਹੀਦ ਹੋ ਗਏ ਪਰ ਉਨਾਂ ਨਿਕੰਮੀਆਂ ਸਰਕਾਰਾਂ ਦੇ ਕੰਨ ਤੇ ਜੂੰ ਨਹੀਂ ਸਰਕੀ ਇਸ ਤੋਂ ਇਹ ਪਤਾ ਲੱਗਦਾ ਹੈ ਕਿ ਮੌਜੂਦਾ ਕੇਂਦਰ ਸਰਕਾਰ ਦੇਸ਼ ਵਾਸੀਆਂ ਦੇ ਦੁੱਖ ਦਰਦ ਨੂੰ ਕਿੰਨਾ ਕੁ ਮਹਿਸੂਸ ਕਰਦੀ ਹੈ ਤੇ ਸੂਬੇ ਚ ਇਨਾਂ ਕਿਸਾਨਾਂ ਦਾ ਉਗਾਇਆ ਅੰਨ ਖਾਣ ਵਾਲੇ ਭਾਜਪਾ ਵਾਲਿਆਂ ਦਾ ਇਨਾਂ ਕਾਲੇ ਕਾਨੂੰਨ ਜਾਂ ਜੋ ਇਸ ਕਿਸਾਨੀ ਸ਼ੰਘਰਸ ਚ ਸ਼ਹੀਦ ਹੋਏ ਕਿਸਾਨਾਂ ਬਾਰੇ ਕੋਈ ਵੀ ਬਿਆਨ ਨਹੀਂ ਆਇਆ ਤੇ ਆਪਣੇ ਹੱਕਾਂ ਦੀ ਲੜਾਈ ਕਰ ਰਹੇ ਕਿਸਾਨਾਂ ,ਮਜਦੂਰਾਂ ਨੂੰ ਭੱਦੀ ਸ਼ਬਦਾਬਲੀ ਵਰਤ ਰਹੇ ਹਨ ਤੇ ਜਦੋਂ ਵੀ ਜਿੱਤ ਪ੍ਰਾਪਤ ਕੀਤੀ ਤਾਂ ਇਹਦੇ ਚ ਪੰਜਾਬੀ ਸ਼ਹੀਦੀਆਂ ਦੇਕੇ ਹੀ ਮੋਰਚਾ ਫਤਿਹ ਕੀਤਾ ਤੇ ਇਹ ਮੋਰਚਾ ਵੀ ਜਿੱਤ ਦੇ ਨਜਦੀਕ ਪੁੱਜਾ ਹੈ ਪਰ ਕੇਂਦਰ ਸਰਕਾਰ ਨੇ ਲੋਕਤੰਤਰ ਦਾ ਘਾਣ ਕਰਨ ਚ ਕੋਈ ਕਸਰ ਨਹੀਂ ਛੱਡੀ ਤੇ ਦੇਸ਼ ਵਾਸੀਆਂ ਦੇ ਸੰਵਿਧਾਨਕ ਹੱਕਾਂ ਦਾ ਨਾਸ਼ ਮਾਰ ਦਿਤਾ ਜਦੋਂ ਸ਼ਹਿਣਸ਼ੀਲਤਾ ਖਤਮ ਹੁੰਦੀ ਹੈ ਤਾਂ ਉਸ ਟਾਇਮ ਕ੍ਰਾਂਤੀ ਜਨਮ ਲੈਂਦੀ ਹੈ ਤੇ ਕਿਸਾਨਾਂ ਦੇ ਅੰਦੋਲਨ ਚ ਨਵੀਂ ਕ੍ਰਾਂਤੀ ਇਹ ਮਸਲਾ ਜਰੂਰ ਸੁਲਝਾ ਲਏਗੀ ਤੇ ਕਿਸਾਨਾਂ ਦੇ ਅੰਦੋਲਨ ਨੂੰ ਇਤਿਹਾਸ ਵਿੱਚ ਹਮੇਸ਼ਾਂ ਯਾਦ ਰੱਖਿਆ ਜਾਵੇਗਾ ਤੇ ਨਿਕੰਮੀਆਂ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਨੂੰ ਆਉਣ ਵਾਲੇ ਸਮੇਂ ਚ ਲੋਕ ਰੱਜ ਕੇ ਨਿਦਿਆ ਕਰਨਗੇ।



# ਲੰਡਨ ਦੇ ਹਸਪਤਾਲਾਂ 'ਚ ਰੱਦ ਹੋ ਸਕਦੇ ਹਨ ਕੈਂਸਰ ਦੇ ਆਪ੍ਰੇਸ਼ਨ

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਦੇਸ਼ ਦੀ ਰਾਜਧਾਨੀ ਲੰਡਨ ਵਿੱਚ ਕੋਰੋਨਾਂ ਵਾਇਰਸ ਦੇ ਕੇਸਾਂ ਵਿੱਚ ਵਾਧਾ ਹੋਣ ਨਾਲ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਕੋਰੋਨਾਂ ਵਾਇਰਸ ਮਰੀਜ਼ਾਂ ਦੀ ਗਿਣਤੀ ਵਿੱਚ ਵੀ ਭਾਰੀ ਵਾਧਾ ਹੋ ਰਿਹਾ ਹੈ। ਵੱਡੀ ਗਿਣਤੀ ਵਿੱਚ ਕੋਰੋਨਾਂ ਦੇ ਮਰੀਜ਼ਾਂ ਦਾ ਇਲਾਜ ਕਰਨ ਲਈ ਸੰਘਰਸ਼ ਕਰ ਰਹੇ ਲੰਡਨ ਦੇ ਹਸਪਤਾਲਾਂ ਵਿੱਚ ਰਿਪੋਰਟਾਂ ਅਨੁਸਾਰ ਕੈਂਸਰ ਦੇ ਮਰੀਜ਼ਾਂ ਨੂੰ ਜ਼ਰੂਰੀ ਸਰਜਰੀ ਕਰਵਾਉਣ ਲਈ ਮਹੀਨਿਆਂ ਤੱਕ ਇੰਤਜ਼ਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਐਨ ਐਚ ਐਸ ਅਧਿ-ਕਾਰੀ ਲੰਡਨ ਵਿੱਚ ਇਹਨਾਂ ਜ਼ਰੂਰੀ ਅਪ੍ਰੇਸ਼ਨਾਂ ਨੂੰ ਰੱਦ ਕਰਨ ਦੇ ਸਖਤ ਕਦਮ ਚੁੱਕਣ ਲਈ ਵਿਚਾਰ ਕਰ ਰਹੇ ਹਨ ਕਿਉਂਕਿ ਮਾਹਿਰਾਂ ਦੇ ਅਨੁਸਾਰ ਹਸਪਤਾਲਾਂ ਦੇ ਇੰਟੈਂਸਿਵ ਕੇਅਰ ਵਾਰਡ ਕੋਰੋਨਾਂ ਦੇ ਮਰੀਜ਼ਾਂ ਨਾਲ ਭਰ ਰਹੇ ਹਨ ਹਾਲਾਂਕਿ ਲੰਡਨ ਦੇ ਐਨ ਐਚ ਐਸ ਦੇ ਖੇਤਰੀ ਨਿਰਦੇਸ਼ਕ ਡੇਵਿਡ ਸਲੋਮਾਨ ਨੇ ਕੈਂਸਰ ਦੀ ਸਰਜਰੀ ਜਾਰੀ ਰੱਖਣ ਦੀ ਗੱਲ ਕਹੀ ਸੀ। ਯੂਕੇ 'ਚ ਸ਼ਨੀਵਾਰ ਨੂੰ 57,725 ਨਵੇਂ ਕੇਸ ਦਰਜ ਹੋਣ ਦੇ ਨਾਲ ਹੋਰ 445 ਕੋਰੋਨਾਂ ਵਾਇਰਸ ਨਾਲ ਸਬੰਧਤ ਮੌਤਾਂ ਹੋਈਆਂ ਹਨ। ਇਸਦੇ ਇਲਾਵਾ ਤੇਜ਼ੀ ਨਾਲ ਫੈਲਣ ਵਾਲੇ ਵਾਇਰਸ ਦੇ ਨਵੇਂ ਰੂਪ ਕਾਰਨ ਲਾਗ ਦੇ ਮਾਮਲਿਆਂ ਵਿੱਚ ਵਾਧਾ ਨੇ ਦੇਸ਼ ਭਰ ਦੇ ਹਸਪਤਾਲਾਂ 'ਚ ਸਿਹਤ ਸਹੂਲਤਾਂ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ।



# ਬੋਰਿਸ ਜਾਨਸਨ ਵੱਲੋਂ ਭਾਰਤ ਦੌਰਾ ਰੱਦ, ਭਾਰਤ ਦੇ ਗਣਤੰਤਰ ਦਿਵਸ ਸਮਾਗਮ ਤੇ ਸਨ ਮੁੱਖ ਮਹਿਮਾਨ

**ਨਿਊਯਾਰਕ, (ਰਾਜ ਗੋਗਨਾ)–** ਇੰਗਲੈਂਡ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਵੱਲੋਂ ਆਪਣਾ ਭਾਰਤ ਦੌਰਾ ਰੱਦ ਕਰ ਦੌਰਾ ਰੱਦ ਕਰ ਦਿੱਤਾ ਗਿਆ ਹੈ। ਇਸ ਸਮੇਂ ਇੰਗਲੈਂਡ ਵਿੱਚ ਕਰੋਨਾ ਵਾਇਰਸ ਦੇ ਨਵੇਂ ਵੈਰਿਅੰਟ ਦੇ ਵੱਡੀ ਗਿਣਤੀ ਵਿੱਚ



ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਦਿਵਸ ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨੀ ਸੀ । ਬੋਰਿਸ ਜਾਨਸਨ ਦੇ ਦਫਤਰ ਵਲੋਂ ਏ.ਐਨ.ਆਈ ਮਿਊਜ਼ਕਿ ਨੂੰ ਜਾਣਕਾਰੀ ਦਿੱਤੀ ਗਈ ਹੈ ।ਪ੍ਰਧਾਨ ਮੰਤਰੀ ਵੱਲੋਂ ਇੰਗਲੈਂਡ ਵਿੱਚ ਕਰੋਨਾ ਵਾਇਰਸ ਦੇ ਵੱਧ ਰਹੇ ਮਾਮਲਿਆਂ ਕਰਕੇ ਇਹ ਮਾਮਲੇ ਸਾਹਮਣੇ ਆ ਰਹੇ ਹਨ । ਇਸਤੋਂ ਇਲਾਵਾ ਇਹ ਵੀ ਧਿਆਨ ਦੇਣ ਯੋਗ ਹੈ ਕਿ ਉਨਾਂ ਉਪਰ ਭਾਰਤ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਦੇ ਚਲਦਿਆਂ ਕਾਫ਼ੀ ਦਬਾਅ ਬਣਾਇਆ ਜਾ ਰਿਹਾ ਸੀ ਕਿ ਉਹ ਭਾਰਤ ਦੇ ਦੌਰੇ ਤੇ ਜਾਣ ਲਈ ਮਨਾਂ ਕਰ ਰਹੇ ਹਨ।

# ਇਸ ਵਾਰ ਕਿਸਾਨ ਅੰਦੋਲਨ ਨੂੰ ਸਮਰਪਤ ਹੋਣਗੇ ਪਲਸ ਮੰਚ ਵੱਲੋਂ 25 ਜਨਵਰੀ ਦੇ ਸਮਾਗਮ

**ਜਲੰਧਰ–** 14 ਮਾਰਚ 1982 ਨੂੰ ਹੋਂਦ ’ਚ ਆਏ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਇਸਦੇ ਬਾਨੀ ਪ੍ਰਧਾਨ ਮਰਹੂਮ ਗੁਰਸ਼ਰਨ ਸਿੰਘ ਦੀ ਅਗਵਾਈ ’ਚ ਹਰ ਸਾਲ ਗਣਤੰਤਰ ਦਿਵਸ ਦੀ ਪੂਰਵ ਸੰਧਿਆ ’ਤੇ 25 ਜਨਵਰੀ ਨੂੰ ਮਨਾਇਆ ਜਾਂਦਾ ਸਾਹਿਤਕ/ਸਭਿਆਚਾਰਕ ਮੇਲਾ ਇਸ ਵਰ੍ਹੇ ਕਿਸਾਨ, ਮਜ਼ਦੂਰ ਅੰਦੋਲਨ ਨੂੰ ਸਮਰਪਤ ਕਰਦੇ ਹੋਏ ਦਿੱਲੀ ਦੀਆਂ ਸੜਕਾਂ, ਮੋਰਚਿਆਂ ਅਤੇ ਪੰਜਾਬ ਅੰਦਰ ਸੈਂਕੜੇ ਥਾਵਾਂ ’ਤੇ ਲੱਗੇ ਧਰਨਿਆਂ ਸਮੇਤ ਆਪਣੇ ਤੌਰ ’ਤੇ ਵੀ ਵੱਖ-ਵੱਖ ਥਾਈਂ ਮਨਾਇਆ ਜਾਏਗਾ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪ੍ਰੈਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕੇਂਦਰ ਦੀ ਭਾਜਪਾ ਹਕੂਮਤ ਨਵੇਂ ਖੇਤੀ ਕਾਨੂੰਨਾਂ ਨਾਲ ਕਿਸਾਨਾਂ, ਮਜ਼ਦੂਰਾਂ ਸਮੇਤ ਸਮੂਹ ਮਿਹਨਤਕਸ਼ ਲੋਕਾਂ ਉਪਰ ਮਾਰੂ ਹੱਲਾ ਬੋਲਣ ਲਈ ਦੇਸੀ-ਬਦੇਸੀ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ’ਤੇ ਚੱਲਕੇ ਮੁਲਕ ਨੂੰ ਭੁੱਖ, ਨੰਗ, ਮੰਦਹਾਲੀ ਦੇ ਆਲਮ ’ਚ ਡੋਬਣ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਦੇਸ਼-ਦੋਖੀ ਹੱਲੇ ਖਿਲਾਫ਼ ਦੇਸ਼ ਭਰ ਦੇ ਸਾਹਿਤਕਾਰ, ਲੇਖਕ, ਬੁੱਧੀਜੀਵੀ, ਗੀਤਕਾਰ, ਗਾਇਕ, ਰੰਗ ਕਰਮੀ, ਤਰਕਸ਼ੀਲ ਅਤੇ ਜਮਹੂਰੀ ਤਬਕੇ ਕਈ ਮਹੀਨਿਆਂ ਤੋਂ ਆਵਾਜ਼ ਬੁਲੰਦ ਕਰਦੇ ਆ ਰਹੇ ਹਨ। ਇਸ ਆਵਾਜ਼ ਵੱਲ ਕੰਨ ਕਰਨ ਦੀ ਬਜਾਏ ਟਾਲ-ਮਟੋਲ ਅਤੇ ਝੂਠ ਤੂਫ਼ਾਨ ਦੀਆਂ ਕੰਧਾਂ ਖੜ੍ਹੀਆਂ ਕਰਨ ਦਾ ਭਰਮ ਪਾਲ ਰਹੀ ਹਕੂਮਤ ਖਿਲਾਫ਼ 25 ਜਨਵਰੀ ਨੂੰ ਸਾਰਾ ਦਿਨ ਅਤੇ ਰਾਤ ਵੇਲੇ ਵੀ ਪਲਸ ਮੰਚ ਅਤੇ ਉਸਦੇ ਸੰਗੀ ਸਾਥੀਆਂ ਦੀਆਂ ਟੀਮਾਂ ਨਾਟਕਾਂ, ਗੀਤ-ਸੰਗੀਤ, ਵਿਚਾਰ-ਚਰਚਾਵਾਂ, ਪ੍ਰਦਰਸ਼ਨੀਆਂ, ਜਾਗੋਆਂ ਅਤੇ ਫ਼ਿਲਮ ਸ਼ੋਅ ਆਦਿ ਦੀ ਹਰ ਸੰਭਵ ਵੰਨਗੀ ਰਾਹੀਂ ਇਸ ਇਤਿਹਾਸਕ ਲੋਕ-ਘੋਲ ਨੂੰ ਹੋਰ ਬਲ ਪ੍ਰਦਾਨ ਕਰਨ ਲਈ ਆਪਣਾ ਯੋਗਦਾਨ ਪਾਉਣਗੀਆਂ। ਪਲਸ ਮੰਚ ਨੇ ਚਲੀ ਆ ਰਹੀ ਸ਼ਾਨਦਾਰ ਰਵਾਇਤ ਮੁਤਾਬਕ ਇਸ ਰੋਜ਼ ਸੰਘਰਸ਼ਸ਼ੀਲ ਜੱਥੇਬੰਦੀਆਂ ਨੂੰ ਇਸ ਸੱਦੇ ਨੂੰ ਨੇਪਰੇ ਚਾੜਨ ’ਚ ਮੋਢਾ ਲਗਾ ਕੇ ਪ੍ਰਸਪਰ ਸਾਂਝ ਅਤੇ ਸਹਿਯੋਗ ਨੂੰ ਹੋਰ ਨਿੱਗਰ ਕਰਨ ਦੀ ਅਪੀਲ ਕੀਤੀ ਹੈ।

91-98778-68710

# ਸੁਲਹਾਣੀ ਦੀ ਅਗਵਾਈ ਹੇਠ ਜੱਥਾ ਕਿਸਾਨ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਮੋਗਾ ਤੋਂ ਦਿੱਲੀ ਜਾਣ ਲਈ ਰਵਾਨਾ

**ਮੋਗਾ–** ਬਹੁਜਨ ਸਮਾਜ ਪਾਰਟੀ ਵੱਲੋਂ ਸੂਬਾ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਜੀ ਵੱਲੋਂ ਚੱਲ ਰਹੇ ਕਿਸਾਨ ਸੰਘਰਸ਼ ਨੂੰ ਹਿਮਾਇਤ ਦੇਣ ਸਬੰਧੀ " ਨਵਾਂ ਸਾਲ ਕਿਸਾਨਾਂ ਦੇ ਨਾਲ" ਪ੍ਰੋਗਰਾਮ ਤਹਿਤ ਪੰਜਾਬ ਭਰ ਵਿਚੋਂ ਸੂਬਾ ਪ੍ਰਧਾਨ ਦੀ ਅਗਵਾਈ ਵਿੱਚ 31 ਦਸੰਬਰ ਨੂੰ ਬਸਪਾ ਆਗੂਆਂ ਤੇ ਵਰਕਰਾਂ ਦਾ ਕਾਫ਼ਲਾ ਰਾਜਪੁਰਾ ਨੇੜੇ ਸੰਭੂ ਬਾਰਡਰ ਤੋਂ ਸਿੰਘੂ ਬਾਰਡਰ ਦਿੱਲੀ ਲਈ ਰਵਾਨਾ ਹੋ ਰਿਹਾ ਹੈ ਤਾਂ ਕਿ ਕਿਸਾਨਾਂ ਨਾਲ,1 ਜਨਵਰੀ ਨਵਾਂ ਸਾਲ ਸੰਘਰਸ਼ ਵਿੱਚ ਸ਼ਾਮਲ ਹੋ ਕੇ ਮਜ਼ਦੂਰ ਕਿਸਾਨ ਦੇ ਏਕੇ ਨੂੰ ਮਜ਼ਬੂਤ ਕੀਤਾ ਜਾ ਸਕੇ। ਇਸ ਕਾਫ਼ਲੇ ਵਿਚ



ਸ਼ਾਮਿਲ ਹੋਣ ਲਈ ਜਿਲ੍ਹਾ ਮੋਗਾ ਤੋਂ ਜੱਥਾ ਸੂਬਾ ਜਨਰਲ ਸਕੱਤਰ ਸ੍ਰ ਲਾਲ ਸਿੰਘ ਸੁਲਹਾਣੀ ਦੀ ਅਗਵਾਈ ਹੇਠ ਮੋਗਾ ਤੋਂ ਰਵਾਨਾ ਹੋਇਆ। ਇਸ ਜੱਥੇ ਵਿਚ ਹੋਰਨਾਂ ਤੋਂ ਇਲਾਵਾ ਲੋਕ ਸਭਾ ਜੋਨ ਇੰਚਾਰਜ ਕੇਵਲ ਸਿੰਘ ਸੈਦੋਕੇ, ਜਿਲ੍ਹਾ ਪ੍ਰਧਾਨ ਹਰਦੇਵ ਸਿੰਘ ਤਖਾਣਵੱਧ, ਜ਼ਲ੍ਹਿਾ ਪ੍ਰਧਾਨ ਮਹਿਲਾ ਸੰਗਠਨ ਬੀਬੀ ਸੁਨੀਤਾ ਰਾਣੀ, ਜਿਲ੍ਹਾ ਮੀਤ ਪ੍ਰਧਾਨ ਕੁਲਵੰਤ ਸਿੰਘ ਰਾਮਗੜ੍ਹੀਆ ਹਲਕਾ ਪ੍ਰਧਾਨ ਨਿਹਾਲ ਸਿੰਘ ਵਾਲਾ ਬਿੱਕਰ ਸਿੰਘ ਬੱਧਨੀ ਕਲਾਂ, ਜ਼ਲ੍ਹਿਾ ਕਿਸਾਨ ਵਿੰਗ ਦੇ ਆਗੂ ਗੁਰਮੇਲ ਸਿੰਘ ਖਹਿਰਾ, ਜਗਤਾਰ ਸਿੰਘ ਚੜਿੱਕ ਹਲਕਾ ਇੰਚਾਰਜ ਮੋਗਾ, ਲਖਵੀਰ ਸਿੰਘ, ਜਗਸੀਰ ਸਿੰਘ ਸੀਰਾ, ਸਰਵਣ ਸਿੰਘ ਆਦਿ ਆਗੂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600 Fax : (530) 870-1429
532, Houston St.
West Sacramento, CA 95691
Email: myfuturetruck@gmail.com

Dharminder Singh

# ਢੀਂਡਸਾ-ਭਾਜਪਾ ਗਠਜੋੜ ’ਤੇ ਲਗਾ ਸੁਆਲੀਆ ਨਿਸ਼ਾਨ



ਜਸਵੰਤ ਸਿੰਘ ‘ਅਜੀਤ’
91 9 827-19890

ਕੇਂਦਰੀ ਸਰਕਾਰ ਵਲੋਂ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਨੂੰ ਕਿਸਾਨ-ਵਿਰੋਧੀ ਕਰਾਰ ਦਿੰਦਿਆਂ, ਜਦੋਂ ਪੰਜਾਬ ਦੇ ਕਿਸਾਨ ਇਨ੍ਹਾਂ ਵਿਰੁਧ ਮੈਦਾਨ ਵਿੱਚ ਨਿਤਰੇ ਤਾਂ ਕੇਂਦਰੀ ਸਰਕਾਰ ਵਿੱਚ ਹਿੱਸੇਦਾਰ ਬਣੇ ਚਲੇ ਆ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਐਨਡੀਏ ਨਾਲੋਂ ਨਾਤਾ ਤੋੜਨ ਦਾ ਐਲਾਨ ਕਰਨ ਅਤੇ ਖੁਲ੍ਹ ਕੇ ਕਿਸਾਨਾਂ ਦੇ ਸਮਰਥਨ ਵਿੱਚ ਨਿਤਰਨ ’ਤੇ ਮਜਬੂਰ ਹੋਣਾ ਪਿਆ। ਫਲਸਰੂਪ ਹਰਸਿਮਰਤ ਕੌਰ ਨੂੰ ਵੀ ਕੇਂਦਰੀ ਸਰਕਾਰ ਵਿੱਚ ਮਿਲੀ ਹੋਈ ਆਪਣੀ ਵਜ਼ੀਰੀ ਦੀ ਕੁਰਸੀ ਤਿਆਗਣੀ ਪਈ। ਇਨ੍ਹਾਂ ਹਾਲਾਤ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਵਿੱਚ ਦਹਾਕਿਆਂ ਤੋਂ ਚਲੇ ਆ ਰਹੇ ਅਕਾਲੀ-ਭਾਜਪਾ ਗਠਜੋੜ ਨਾਲੋਂ ਵੀ ਅਲਗ ਹੋਣਾ ਪਿਆ। ਇਸਤਰ੍ਹਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਭਾਜਪਾ ਨਾਲੋਂ ਆਪਣਾ ਸੰਬੰਧ ਤੋੜ ਲਏ ਜਾਣ ਤੋਂ ਬਾਅਦ, ਪੰਜਾਬ ਭਾਰਤੀ ਜਨਤਾ ਪਾਰਟੀ ਦੇ ਮੁਖੀਆਂ ਲਈ ਜ਼ਰੂਰੀ ਹੋ ਗਿਆ ਕਿ ਉਹ ਪੰਜਾਬ ਵਿੱਚ ਆਪਣਾ ਆਧਾਰ ਬਣਾਈ ਰਖਣ ਲਈ, ਬਾਦਲ ਅਕਾਲੀ ਦਲ ਦੇ ਬਦਲ ਦੇ ਰੂਪ ਵਿੱਚ ਕਿਸੇ ਅਜਿਹੇ ਸਾਥੀ ਦੀ ਤਲਾਸ਼ ਕਰਨ, ਜੋ ਉਨ੍ਹਾਂ ਨੂੰ ਸਿੱਖਾਂ ਦਾ ਸਹਿਯੋਗ ਦੁਆਈ ਰਖਣ ਦੇ ਸਮਰਥ ਹੋਵੇ ਅਤੇ ਕਿਸਾਨਾਂ ਦੇ ਵਿਰੋਧ ਕਾਰਣ, ਉਨ੍ਹਾਂ ਦੇ ਖੁਰ ਰਹੇ ਆਧਾਰ ਨੂੰ ਠਲ੍ਹ ਪਾ ਸਕੇ। ਇਸ ਹਾਲਤ ਵਿੱਚ ਉਨ੍ਹਾਂ ਦੀਆਂ ਨਜ਼ਰਾਂ ਸ. ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਪੁਰ ਪਈਆਂ। ਉਨ੍ਹਾਂ ਨੂੰ ਜਾਪਿਆ ਕਿ ਇਹੀ ਪਾਰਟੀ ਪੰਜਾਬ ਵਿੱਚ ਉਨ੍ਹਾਂ ਦਾ ਸਹਾਰਾ ਹੋ ਸਕਦੀ ਹੈ, ਜੋ ਉਨ੍ਹਾਂ ਦਾ ਸਾਥੀ ਬਣ ਬਾਦਲ ਅਕਾਲੀ ਦਲ ਦੀ ਘਾਟ ਪੂਰੀ ਕਰ ਸਕਦੀ ਹੈ। ਫਲਸਰੂਪ ਉਨ੍ਹਾਂ ਨੇ ਉਸ ਨਾਲ ਗਠਜੋੜ ਹੋ ਪਾਣ ਦੀਆਂ ਉਨ੍ਹਾਂ ਸੰਭਾਵਨਾਵਾਂ ਦੀ ਤਲਾਸ਼ ਵਿੱਚ ਤੇਜ਼ੀ ਲੈ ਆਂਦੀ, ਜਿਨ੍ਹਾਂ ਦੇ ਸੰਬੰਧ ਵਿੱਚ ਉਹ ਬੀਤੇ ਕਾਫੀ ਸਮੇਂ ਤੋਂ ਸੋਚਦੇ-ਵਿਚਾਰਦੇ ਚਲੇ ਆ ਰਹੇ ਸਨ।

ਸ. ਢੀਂਡਸਾ ਦਾ ਪੱਖ: ਜਦੋਂ ਭਾਜਪਾ ਵਲੋਂ ਸ਼੍ਰੋਮਣੀ ਅਕਾਲੀ ਦਲ ਡੇਮੌਕ੍ਰੇਟਿਕ ਨਾਲ ਗਠਜੋੜ ਕਰਨ ਦੀਆਂ ਸੰਭਾਵਨਾਵਾਂ ਦੀ ਤਲਾਸ਼ ਵਿੱਚ ਤੇਜ਼ੀ ਲਿਆਉਣ ਦੀ ਚਰਚਾ ਮੀਡੀਆ ਵਿੱਚ ਹੋਈ ਤਾਂ ਭਾਵੇਂ ਭਾਜਪਾ ਦੇ ਹਲਕਿਆਂ ਨੇ ਇਸ ਸੰਬੰਧ ਵਿੱਚ ਚੁਪ ਧਾਰੀ ਰਖਣਾ ਹੀ ਠੀਕ ਸਮਝਿਆ, ਪ੍ਰੰਤੂ ਡਮੌਕ੍ਰੇਟਿਕ ਅਕਾਲੀ ਦਲ ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਜਿਥੋਂ ਤਕ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ, ਉਨ੍ਹਾਂ ਦੇ ਭਾਜਪਾ ਨਾਲ ਗਠਜੋੜ ਕਰਨ ਦਾ ਸੁਆਲ ਹੈ, ਉਸਦੇ ਸੰਬੰਧ ਵਿੱਚ ਉਨ੍ਹਾਂ ਨੇ ਲਗਭਗ ਛੇ ਮਹੀਨੇ ਪਹਿਲਾਂ ਜ਼ਰੂਰ ਸੋਚਿਆ ਸੀ, ਪ੍ਰੰਤੂ ਹੁਣ ਜਦਕਿ ਕਿਸਾਨ-ਵਿਰੋਧੀ ਕਾਨੂੰਨਾਂ ਨੂੰ ਲੈ ਕੇ ਪੰਜਾਬ ਦੇ ਰਾਜਸੀ ਸਮੀਕਰਣਾਂ ਵਿੱਚ ਜੋ ਤਬਦੀਲੀ ਆਈ ਹੈ, ਉਸਦੀ ਰੋਸ਼ਨੀ ਵਿੱਚ ਉਨ੍ਹਾਂ ਨੂੰ ਇਸ ਸਬੰਧ ਵਿੱਚ ਮੁੜ ਵਿਚਾਰ ਕਰਨ ਅਤੇ ਸੋਚਣ ਤੇ ਮਜਬੂਰ ਕਰ ਦਿੱਤਾ ਹੈ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਹ ਆਪ ਇੱਕ ਕਿਸਾਨ ਹਨ, ਇਸ ਕਰਕੇ ਉਹ ਕਿਸਾਨ-ਵਿਰੋਧੀ ਕਾਨੂੰਨਾਂ ਦਾ ਕਿਵੇਂ ਸਮਰਥਨ ਕਰ ਸਕਦੇ ਹਨ ਤੇ ਕਿਸਾਨ-ਵਿਰੋਧੀਆਂ ਨਾਲ ਕੋਈ ਗਠਜੋੜ ਕਰਨ ਬਾਰੇ ਸੋਚ ਸਕਦੇ ਹਨ? ਇਸ ਕਰਕੇ ਭਾਜਪਾ ਨਾਲ ਉਨ੍ਹਾਂ ਦੇ ਗਠਜੋੜ ਕਰਨ ਦੀ ਚਲ ਰਹੀ ਚਰਚਾ ਦਾ ਚੈਪਟਰ ਮੂਲੋਂ ਹੀ 'ਕਲੋਜ਼' (ਬੰਦ) ਹੋ ਜਾਣਾ ਚਹੀਦਾ ਹੈ।

ਗਲ ਪਿਛੋਕੜ ਦੀ: ਪੰਜਾਬ ਦੀ ਰਾਜਨੀਤੀ ਨਾਲ ਚਿਰਾਂ ਤੋਂ ਜੁੜੇ ਚਲੇ ਆ ਰਹੇ ਰਾਜਸੀ ਮਾਹਿਰਾਂ ਅਨੁਸਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਲੈ ਕੇ ਕਾਫੀ ਸਮੇਂ ਤੋਂ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਮੁੱਖੀ ਦਾਅਵਾ ਕਰਦੇ ਚਲੇ ਆ ਰਹੇ ਸਨ ਕਿ ਇਸ ਵਾਰ ਉਹ ਪੰਜਾਬ ਵਿਧਾਨਸਭਾ ਦੀਆਂ ਸਾਰੀਆਂ ੧੧੭ ਸੀਟਾਂ ਪੁਰ ਆਪਣੇ ਉਮੀਦਵਾਰ ਖੜੇ ਕਰਨਗੇ। ਇਸਦੇ ਨਾਲ ਹੀ ਉਹ ਇਹ ਦਾਅਵਾ ਵੀ ਕਰਦੇ ਸਨ ਕਿ ਇਸ ਵਾਰ ਪੰਜਾਬ ਦਾ ਮੁਖ ਮੰਤਰੀ ਭਾਜਪਾ ਦਾ ਹੀ ਹੋਵੇਗਾ। ਭਾਜਪਾ ਵਲੋਂ ਕੀਤੇ ਜਾ ਰਹੇ ਇਨ੍ਹਾਂ ਦਾਅਵਿਆਂ ਦੇ ਸੰਬੰਧ ਵਿੱਚ ਇਨ੍ਹਾਂ ਰਾਜਸੀ ਮਾਹਿਰਾਂ ਦੀ ਮਾਨਤਾ ਸੀ ਕਿ ਪੰਜਾਬ ਵਿਧਾਨ ਸਭਾ ਅਤੇ ਲੋਕਸਭਾ ਦੀਆਂ ਹੋਈਆਂ ਪਿਛਲੀਆਂ ਆਮ ਚੋਣਾਂ ਵਿੱਚ ਬਾਦਲ ਅਕਾਲੀ ਦਲ ਦੀ ਜੋ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਉਸਨੂੰ ਆਧਾਰ ਬਣਾ, ਪੰਜਾਬ ਪ੍ਰਦੇਸ਼ ਭਾਜਪਾ ਦੇ ਮੁਖੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੁਖੀਆਂ ਪੁਰ ਦਬਾਉ ਬਨਾਣਾ ਚਾਹੁੰਦੇ ਸਨ ਕਿ ਇਸ ਵਾਰ ਚੋਣਾਂ ਤੋਂ ਪਹਿਲਾਂ ਹੀ ਬਾਦਲ ਅਕਾਲੀ ਦਲ ਦੇ ਮੁਖੀ, ਭਾਜਪਾ ਨੂੰ ਗਠਜੋੜ ਵਿੱਚ ਵੱਡਾ ਭਰਾ ਸਵੀਕਾਰ ਕਰ ਲੈਣ ਤਾਂ ਜੋ ਚੋਣਾਂ ਵਿੱਚ ਜਿੱਤ ਪ੍ਰਾਪਤ ਹੋਣ ਤੇ ਗਠਜੋੜ ਦੀ ਬਣਨ ਵਾਲੀ ਸਰਕਾਰ ਵਿੱਚ ਉਨ੍ਹਾਂ (ਭਾਜਪਾ) ਦਾ ਹੀ ਮੁਖ ਮੰਤਰੀ ਬਣਨ ਦਾ ਰਸਤਾ ਸਾਫ ਹੋ ਸਕੇ। ਇਨ੍ਹਾਂ ਰਾਜਸੀ ਹਲਕਿਆਂ ਦਾ ਇਹ ਵੀ ਮੰਨਣਾ ਹੈ ਕਿ ਪੰਜਾਬ ਭਾਜਪਾ ਦੇ ਮੁਖੀ, ਇਹ ਵਿਕਲਪ ਵੀ ਖੁਲ੍ਹਾ ਰਖਣਾ ਚਾਹੁੰਦੇ ਸਨ ਕਿ ਜੇ ਬਾਦਲ ਅਕਾਲੀ ਦਲ ਦੇ ਮੁਖੀ ਉਨ੍ਹਾਂ ਦਾ ਦਾਅਵਾ ਸਵੀਕਾਰ ਨਾ ਕਰਨ ਤਾਂ ਉਹ ਉਸਦੇ ਬਦਲ ਵਜੋਂ ਕਿਸੇ ਹੋਰ ਨਾਲ ਗਠਜੋੜ ਕਰ ਸਕਣ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਹ ਸ. ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਡੇਮੋਕ੍ਰੇਟਿਕ ਪੁਰ ਨਜ਼ਰਾਂ ਲਾਈ, ਉਸ ਨਾਲ ਗਠਜੋੜ ਕਰ ਸਕਣ ਦੀਆਂ ਸੰਭਾਵਨਾਵਾਂ ਤਲਾਸ਼ਣ ਵਿੱਚ ਜੁਟ ਗਏ ਹੋਏ ਸਨ। ਇਸ ਸੰਬੰਧੀ ਚਲ ਰਹੀਆਂ ਚਰਚਾਵਾਂ ਦੇ ਦੌਰਾਨ ਜਦੋਂ ਸ. ਢੀਂਡਸਾ ਦਾ ਪ੍ਰਤੀਕਰਮ ਪੁਛਿਆ ਗਿਆ ਤਾਂ ਉਸ ਸਮੇਂ ਉਨ੍ਹਾਂ ਕਿਹਾ ਸੀ ਕਿ ਉਹ ਇਨ੍ਹਾਂ ਹਾਲਾਤ ਵਿੱਚ ਭਾਜਪਾ ਨਾਲ ਗਠਜੋੜ ਕਰਨ ਦੇ ਸੰਬੰਧ ਵਿੱਚ ਸੋਚ ਸਕਦੇ ਹਨ।

ਹੁਣ ਜਦ ਕਿ, ਕਿਸਾਨ ਅੰਦੋਲਣ ਕਾਰਣ ਪੰਜਾਬ ਦੇ ਰਾਜਸੀ ਹਾਲਾਤ ਬਿਲਕੁਲ ਹੀ ਬਦਲ ਗਏ ਹਨ, ਉਨ੍ਹਾਂ ਦੇ ਚਲਦਿਆਂ ਸ. ਢੀਂਡਸਾ ਨੂੰ ਭਾਜਪਾ ਨਾਲ ਕੋਈ ਵੀ ਗਠਜੋੜ ਕਰਨ ਤੋਂ ਪਹਿਲਾਂ ਸੌ ਵਾਰ ਸੋਚਣ ਤੇ ਮਜਬੂਰ ਹੋਣਾ ਪੈ ਸਕਦਾ ਹੈ। ਇਹੀ ਕਾਰਣ ਹੈ ਕਿ ਬਦਲੇ ਹਾਲਾਤ ਦੀ ਰੋਸ਼ਨੀ ਵਿੱਚ ਉਨ੍ਹਾਂ (ਸ. ਢੀਂਡਸਾ) ਨੇ ਕਿਸੇ ਵੀ ਪਧੱਰ ਤੇ ਭਾਜਪਾ ਨਾਲ ਗਠਜੋੜ ਹੋ ਪਾਣ ਦੀਆਂ ਸੰਭਾਵਨਾਵਾਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਹੈ।

**ਮੰਨੂ ਸਮ੍ਰਿਤੀ ਬਨਾਮ ਸਿੱਖ ਪੰਥ?:** ਬੀਤੇ ਦਿਨ ਜਦੋਂ ਮੇਜ਼ ਦੇ ਇੱਕ ਦਰਾਜ਼ ਵਿਚੋਂ ਕੁਝ ਪੁਰਾਣੇ ਕਾਗਜ਼ ਵੇਖ, ਉਨ੍ਹਾਂ ਦੀ ਘੋਖ ਕਰ ਰਿਹਾ ਸਾਂ ਕਿ ਅਚਾਨਕ ਹੀ ਇਕ ਬਹੁਤ ਹੀ ਪੁਰਾਣੇ ਅੰਗ੍ਰੇਜ਼ੀ ਦੈਨਿਕ 'ਮੇਲ ਟੂਡੇ’ ਦਾ ਅੰਕ ਹਥਾਂ ਵਿੱਚ ਆ ਗਿਆ, ਉਸਨੂੰ ਖੋਲ੍ਹ ਕੇ ਵੇਖਿਆ, ਉਸ ਵਿਚ ਸਿੱਖਾਂ ਕਥਨੀ ਤੇ ਕਰਨੀ ਪੁਰ ਵਿਅੰਗ ਕਰਦਾ ਇਕ ਕਾਰਟੂਨ ਛਪਿਆ ਹੋਇਆ ਸੀ, ਜਿਸ ਵਿਚ ਇਕ ਸਿੱਖ ਨੌਜਵਾਨ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ, ਵੇਖਣ ਨੂੰ ਤਾਂ ਇਉਂ ਜਾਪਦਾ ਸੀ ਜਿਵੇਂ ਉਹ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਬਾਣੀ ਦਾ ਪਾਠ ਕਰ ਰਿਹਾ ਹੋਵੇ, ਪਰ ਅਸਲ ਵਿਚ ਉਹ ਬਾਣੀ ਪੜ੍ਹਨ ਦੇ ਪਰਦੇ ਹੇਠ 'ਮੰਨੂ ਸਮ੍ਰਿਤੀ’ ਪੜ੍ਹ ਰਿਹਾ ਸੀ। ਇਹ ਵੇਖ ਇਉਂ ਜਾਪਿਆ, ਜਿਵੇਂ ਕਾਰਟੂਨਿਸਟ ਨੇ ਇਸ ਵਿਅੰਗ ਰਾਹੀਂ ਇਕ ਬਹੁਤ ਹੀ ਕੌੜੀ ਸਚਾਈ ਸਿੱਖਾਂ ਦੇ ਸਾਹਮਣੇ ਪੇਸ਼ ਕਰਨ ਦੀ ਹਿੰਮਤ ਵਿਖਾਈ ਹੈ।

ਇਸ ਕਾਰਟੂਨ ਦੇ ਬਾਰੇ ਜਦੋਂ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰ. ਐਸ. ਸੋਢੀ ਨਾਲ ਗਲ ਹੋਈ ਤਾਂ ਉਨ੍ਹਾਂ ਕਿਹਾ ਕਿ ਇਹ ਕਾਰਟੂਨ, ਸਿੱਖ ਜਗਤ ਦੀ ਉਸ ਸਥਿਤੀ ਪੁਰ ਸਿੱਧਾ ਵਿਅੰਗ ਹੈ, ਜਿਸ ਵਿਚੋਂ ਅੱਜ ਉਹ ਨਿਕਲ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਂ ਨੇ ਇੱਕ ਲੰਬੀ ਘਾਲਣਾ ਕਰ ਅਤੇ ਕੁਰਬਾਨੀਆਂ ਦੇ, ਜਿਸ ਬ੍ਰਾਹਮਣੀ, ਮੰਨੂ ਸਮ੍ਰਿਤੀ ਦੇ ਜਾਲ ਵਿਚੋਂ ਸਿੱਖਾਂ ਨੂੰ ਉਭਾਰਿਆ ਸੀ, ਅੱਜ ਉਹ ਮੁੜ ਉਸੇ ਬ੍ਰਾਹਮਣੀ, ਮੰਨੂ ਸਮ੍ਰਿਤੀ ਦੇ ਜਾਲ ਵਿੱਚ ਫਸਦੇ ਚਲੇ ਜਾ ਰਹੇ ਹਨ। ਉਨ੍ਹਾਂ ਕਿਹਾ ਇਸ ਸਥਿਤੀ ਲਈ ਮੁਖ ਰੂਪ ਵਿਚ ਸਿੱਖਾਂ ਦੀਆਂ ਸਰਵੁੱਚ ਸਵੀਕਾਰੀਆਂ ਜਾਂਦੀਆਂ ਧਾਰਮਕ ਜਥੇਬੰਦੀਆਂ ਅਤੇ ਉਨ੍ਹਾਂ ਪੁਰ ਕਾਬਜ਼, ਰਾਜਸੀ ਆਗੂ ਜ਼ਿਮੇਂਦਾਰ ਹਨ, ਜਿਨ੍ਹਾਂ ਨੇ ਵਿਸ਼ਵ-ਧਰਮ ਬਣਨ ਦੀ ਸਮਰਥਾ ਰਖਣ ਵਾਲੇ ਸਿੱਖ ਧਰਮ ਨੂੰ ਸਿੱਖ ਸਿਧਾਂਤਾਂ ਵਿਰੁਧ ਜਾਤਾਂ-ਬਿਰਾਦਰੀਆਂ ਵਿਚ ਵੰਡ, ਸੁੰਘੇੜ ਕੇ ਰਖ ਦਿਤਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਸਾਂਝੀਵਾਲਤਾ, ਪਿਆਰ, ਸਦਭਾਵਨਾ ਅਤੇ ਬਰਾਬਰਤਾ ਦੇ ਆਦਰਸ਼ ਨੂੰ ਮਜ਼ਬੂਤ ਕਰਨ ਲਈ ਲੰਗਰ ਦੀ ਪਰੰਪਰਾ ਦੀ ਅਰੰਭਤਾ ਕਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਦੇ ਨਾਲ ਹੀ ਖਾਲਸਾ ਪੰਥ ਦੀ ਸਿਰਜਨਾ ਨੂੰ ਸੰਪੂਰਨ ਕਰ, ਇਨ੍ਹਾਂ ਸਿਧਾਂਤਾਂ ਦੀ ਨੀਂਹ ਪੁਰ ਸਿੱਖੀ ਦੇ ਇਕ ਮਜ਼ਬੂਤ ਮਹਿਲ ਦੀ ਉਸਾਰੀ ਕੀਤੀ। ਪ੍ਰੰਤੂ ਸਿੱਖੀ ਦੇ ਵਰਤਮਾਨ ਠੇਕੇਦਾਰਾਂ ਨੇ ਰਾਜਸੀ ਸੱਤਾ ਦੀ ਲਾਲਸਾ ਦੀ ਦਲਦਲ ਵਿਚ ਫਸ, ਗੁਰੂ ਸਾਹਿਬਾਂ ਦੀਆਂ ਘਾਲਣਾਵਾਂ ਤੇ ਕੁਰਬਾਨੀਆਂ ਨੂੰ ਅਣਗੌਲਿਆਂ ਕਰ ’ਤੇ ਮਨੂੰ ਸਮ੍ਰਿਤੀ ਦੀਆਂ ਮਾਨਤਾਵਾਂ ਨੂੰ ਮੁੜ ਅਪਨਾ ਸਿੱਖੀ ਦੇ ਮਹੱਲ ਦੀਆਂ ਨੀਹਾਂ ਨੂੰ ਖੋਖਲਿਆਂ ਕਰਨਾ ਸ਼ੁਰੂ ਕਰ ਦਿਤਾ ਹੈ।

# ਬਲਾਕ ਕਾਂਗਰਸ ਫਗਵਾੜਾ ਨੇ ਸਾਬਕਾ ਹੋਮ ਮਨਿਸਟਰ ਸ.ਬੂਟਾ ਸਿੰਘ ਨੂੰ ਦਿੱਤੀ ਸ਼ਰਧਾਂਜਲੀ, ਦੱਸਿਆ ਰਾਜਨੀਤੀ ਦਾ ਭੀਸ਼ਮ ਪਿਤਾਮਾ

**ਫਗਵਾੜਾ (ਬੀ.ਕੇ.ਰੱਤੂ)–** ਦੇਸ਼ ਦੇ ਸਾਬਕਾ ਹੋਮ ਮਨਿਸਟਰ ਅਤੇ ਕਾਂਗਰਸ ਦੇ ਸੀਨੀਅਰ ਆਗੂ ਸ.ਬੂਟਾ ਸਿੰਘ ਦੇ ਨਿਧਨ ਨਾਲ ਕਾਂਗਰਸ ਨੂੰ ਗਹਿਰਾ ਧੱਕਾ ਲੱਗਿਆ ਹੈ। ਫਗਵਾੜਾ ਬਲਾਕ ਕਾਂਗਰਸ ਨੇ ਆਪਣੇ ਸਵਰਗਵਾਸੀ ਨੇਤਾ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਇੱਕ ਸੋਗ ਸਭਾ ਦਾ ਆਯੋਜਨ ਸਿਟੀ ਕਲੱਬ ਫਗਵਾੜਾ ਵਿਚ ਕੀਤਾ।

ਜਿਸ ਵਿਚ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ (ਰਿਟਾਇਰਡ ਆਈਏਐਸ) ਨੇ ਵਿਸ਼ੇਸ਼ ਰੂਪ ਵਿਚ ਸ਼ਿਰਕਤ ਕੀਤੀ ਅਤੇ ਆਪਣੇ ਮਹਿਬੂਬ ਨੇਤਾ ਨੂੰ ਸ਼ਰਧ-ਾਂਜਲੀ ਭੇਂਟ ਕੀਤੀ। ਉਨਾਂ ਕਿਹਾ ਕਿ ਸ.ਬੂਟਾ ਸਿੰਘ ਇੱਕ ਕਰ-ਮਯੋਗੀ ਇਨਸਾਨ,ਨਿਧੜਕ ਬੁਲਾਰੇ ਅਤੇ ਰਾਜਨੀਤੀ ਤੇ ਮਜ਼ਬੂਤ ਪਕੜ ਰੱਖਣ ਵਾਲੇ ਇਨਸਾਨ ਸਨ। ਜਿੰਨਾ ਨੇ ਜਲੰਧਰ ਦੇ ਇੱਕ ਛੋਟੇ ਜਿਹੇ ਪਿੰਡ 'ਚ ਜਨਮ ਲੈ ਕੇ ਦੇਸ਼ ਦੀ ਉਚੇਰੇ ਅਹੁਦੇ ਹੋਮ ਮਨਿਸਟਰ ਦਾ ਕਾਰਜ ਭਾਰ ਸੰਭਾਲਿਆ। ਉਹ ਹਮੇਸ਼ਾ ਹੀ ਪੰਜਾਬ ਨਾਲ ਜੁੜੇ ਰਹੇ। ਰਾਜਸਥਾਨ ਵਿਚ ਚੋਣ ਲੜਨ ਤੋ ਬਾਅਦ ਬੇਸ਼ੱਕ ਉਨਾਂ ਦੀ ਕਰਮ ਭੂਮੀ ਰਾਜਸਥਾਨ ਬਣੀ,ਪਰ ਪੰਜਾਬ ਨਾਲ,ਆਪਣੀ ਜਨਮ ਭੂਮੀ ਨਾਲ ਉਨਾਂ ਦਾ ਮੋਹ ਘੱਟ ਨਹੀਂ ਹੋਇਆ। ਧਾਲੀਵਾਲ ਨੇ ਕਿਹਾ ਕਿ ਦੇਸ਼ ਦੀ ਰਾਜਨੀਤੀ ਤੇ ਉਨਾਂ ਦਾ ਖ਼ਾਸਾ ਪ੍ਰਭਾਅ ਰਿਹਾ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਉਨਾਂ ਵੱਲ ਬਹੁਤ ਝੁਕਾਅ ਸੀ। ਕਾਂਗਰਸ ਪਾਰਟੀ ਨੂੰ ਮਜ਼ਬੂਤੀ ਦੇਣ ਅਤੇ ਦੇਸ਼ ਦੇ ਤਤਕਾਲੀਨ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਹਿਣ ਤੇ ਕਾਂਗਰਸ ਨੂੰ ਚੋਣ ਨਿਸ਼ਾਨ ਪੰਜਾ ਦੇਣ ਵਿਚ ਉਨਾਂ ਦਾ ਅਹਿਮ ਕਿਰਦਾਰ ਸੀ। ਮਾਰਕੀਟ ਕਮੇਟੀ ਦੇ ਚੇਅਰਮੈਨ ਨਰੇਸ਼ ਭਾਰਦਵਾਜ,ਪੀਪੀਸੀਸੀ ਦੇ ਸਾਬਕਾ ਸਕੱਤਰ ਮਨੀਸ਼ ਭਾਰਦ-ਵਾਜ,ਬਲਾਕ ਕਾਂਗਰਸ ਦੇ ਪ੍ਰਧਾਨ ਸੰਜੀਵ ਬੁੱਗਾ ਨੇ ਕਿਹਾ ਸ.ਬੂਟਾ ਸਿੰਘ ਦਾ ਫਗਵਾੜਾ ਨਾਲ ਵਿਸ਼ੇਸ਼ ਪਿਆਰ ਸੀ। ਸ.ਬੂਟਾ ਸਿੰਘ ਜੀ ਦੇ ਜੀਵਨ ਦੇ ਨਜ਼ਰਸਾਨੀ ਕੀਤੀ ਜਾਵੇ ਤਾਂ ਉਨਾਂ ਨੂੰ ਰਾਜਨੀਤੀ ਦੇ ਭੀਸ਼ਮ ਪਿਤਾਮਾ ਕਹਿਣਾ ਕੋਈ ਅੱਤਕਥਨੀ ਨਹੀਂ ਹੋਵੇਗੀ। ਕਾਂਗਰਸ ਪਾਰਟੀ ਉਨਾਂ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖੇਗੀ ਅਤੇ ਉਨਾਂ ਦੇ ਦਿਖਾਏ ਰਸਤੇ ਤੇ ਚੱਲਣ ਦਾ .ਯਤਨ ਕਰੇਗੀ। ਇਸ ਮੌਕੇ ਵਿਨੋਦ ਵਰਮਾਨੀ,ਸਾਬਕਾ ਬਲਾਕ ਕਾਂਗਰਸ ਪ੍ਰਧਾਨ ਅਸ਼ੋਕ ਪਰਾਸ਼ਰ,ਮੀਡੀਆ ਐਡਵਾਈਜ਼ਰ ਗੁਰਜੀਤ ਪਾਲ ਵਾਲੀਆ,ਜ਼ਿਲਾ ਮਹਿਲਾ ਕਾਂਗਰਸ ਪ੍ਰਧਾਨ ਸਰ-ਜੀਵਨ ਲਤਾ ਸ਼ਰਮਾ, ਫਗਵਾੜਾ ਪ੍ਰਧਾਨ ਸੁਮਨ ਸ਼ਰਮਾ,ਜ਼ਿਲਾ ਪਰਿਸ਼ਦ ਮੈਂਬਰ ਮੀਨਾ ਰਾਣੀ, ਮਾਰਕੀਟ ਕਮੇਟੀ ਦੇ ਵਾਇਸ ਚੇਅਰਮੈਨ ਜਗਜੀਵਨ ਖਲਵਾੜਾ, ਸਾਬਕਾ ਕੌਂਸਲਰ ਸੁਸ਼ੀਲ ਮੈਣੀ,ਮਨੀਸ਼ ਪ੍ਰਭਾਕਰ, ਵਿਕੀ ਸੂਦ, ਜਤਿੰਦਰ ਵਰਮਾਨੀ, ਦਰਸ਼ਨ ਧਰਮਸੋਤ, ਰਵਿੰਦਰ ਸੰਧੂ, ਬੰਟੀ ਵਾਲੀਆ, ਗੁਰਦੀਪ ਦੀਪਾ, ਅਵਿਨਾਸ਼ ਗੁਪਤਾ, ਸੀਤਾ ਦੇਵੀ, ਕਰਿਸ਼ਨ ਕੁਮਾਰ ਸਲਹੋਤਰਾ, ਧਰਮਵੀਰ ਸੇਠੀ, ਮੀਨਾਕਸ਼ੀ ਵਰਮਾ,ਸ਼ਵਿੰਦਰ ਨਿਸ਼ਚਲ,ਪ੍ਰੇਮ ਕੋਰ ਚਾਨਾ, ਅਸ਼ਵਨੀ ਸ਼ਰਮਾ, ਰਾਮ ਕੁਮਾਰ ਚੱਢਾ,ਰਮੇਸ਼ ਜੋਰਡਨ,ਪ੍ਰਮੋਦ ਜੋਸ਼ੀ,ਬੌਬੀ ਬੇਦੀ,ਯੂਥ ਕਾਂਗਰਸ ਪ੍ਰਧਾਨ ਕਰਮਬੀਰ ਸਿੰਘ ਕੰਮਾਂ,ਸੋਢੀ ਪਟਵਾਰੀ,ਸੌਰਭ ਜੋਸ਼ੀ,ਜਵਾਏ ਉੱਪਲ, ਗੁਰਦਿਆਲ ਸਿੰਘ, ਸੋਨੂੰ ਪਹਿਲਵਾਨ,ਬੌਬੀ ਵੋਹਰਾ,ਅਰਜਨ ਸੁਧੀਰ, ਅਗਮ ਪਰਾਸ਼ਰ,ਰਵਿੰਦਰ ਚਾਵਲਾ, ਬਲਵਿੰਦਰ ਭਿੰਦਾ ਆਦਿ ਮੌਜੂਦ ਸਨ। ਸਾਰਿਆਂ ਨੂੰ ਸਵਰਗਵਾਸੀ ਨੇਤਾ ਦੀ ਤਸਵੀਰ ਤੇ ਫੁੱਲਾ ਨੇ ਸ਼ਰਧਾਂਜਲੀ ਦਿੱਤੀ ਅਤੇ ਉਨਾਂ ਨੂੰ ਯਾਦ ਕੀਤਾ।



# “ਨਵੀਂ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਓ, ਦੇਸ਼ ਨੂੰ ਖੁਸ਼ਹਾਲ ਬਣਾਉ”



ਪ੍ਰਮੋਦ ਧੀਰ,
91-98550-31081

ਭਾਰਤ ਗੁਰੂਆਂ, ਪੀਰਾਂ, ਯੋਧਿਆਂ,ਸ਼ਹੀਦਾਂ, ਸੂਰਵੀਰਾਂ ਦੀ ਧਰਤੀ ਹੈ ਦੇਸ਼ ਦੇ ਨੌਜਵਾਨਾਂ ਨੇ ਦੁਨੀਆਂ ਭਰ ਵਿੱਚ ਤਰੱਕੀ ਦੇ ਝੰਡੇ ਗੱਡੇ ਹਨ, ਸੰਸਾਰ ਭਰ ਵਿੱਚ ਐਸਾ ਕੋਈ ਦੇਸ਼ ਨਹੀਂ ਹੋਣਾ ਜਿੱਥਾ ਭਾਰਤੀ ਨਾਂ ਵਸਦੇ ਹੋਣ। ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁਦੇ ਹਨ। ਅੱਜ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਚਿੱਟੇ ’ਤੇ ਹੋਰ ਸਾਰੇ ਤਰਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸ਼ਰਾਬ,ਬੀਅਰ ਤੋਂ ਇਲਾਵਾ ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਚਿੱਟੇ ਦੀ ਲਪੇਟ ਵਿੱਚ ਆ ਰਹੀ ਹੈ। ਇਸ ਚਿੱਟੇ ਨੇ ਪਿਛਲੇ ਕਈ ਵਰਿਆ ਤੋਂ ਪੰਜਾਬ ਵਿੱਚ ਵੀ ਆਪਣੇ ਪੈਰ ਪਸਾਰ ਲਏ ਹਨ। ਇਸ ਚਿੱਟੇ ਨੇ ਕਈ ਮਾਵਾਂ ਤੇ ਪੁੱਤ ਖੋ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜ ਕੱਲ ਕਈ ਕੁੜੀਆਂ ਵੀ ਨਸ਼ੇ ਦੀਆਂ ਆਦਿ ਬਣ ਚੁੱਕੀਆਂ ਹਨ। ਪਰਾਣਿਆਂ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ ਅੱਜ ਕੱਲ ਦੀ ਨੌਜਵਾਨ ਪੀੜੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਆਦਿ ਬਣਦੀ ਜਾ ਰਹੀ ਹੈ। ਕਈ ਤਾਂ ਚਿੱਟਾ, ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ, ਚਰਸ, ਹੀਰੋਇਨ, ਸਿਗਰਟਾਂ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ।

ਮੇਰੀ ਦੇਸ਼ ਦੇ ਨੋਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਉ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾ ਦਾ ਕੋਈ ਨੁਕਸਾਨ ਨਹੀਂ । ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ । ਤੁਹਾਡੀ ਜਿੰਦਗੀ ਖਰਾਬ ਕਰਦਾ ਹੈ ਤੇ ਨਾਲ ਨਾਲ ਤੁਹਾਡੀ ਬਣੀ ਬਣਾਈ ਇੱਜਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ ’ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਦਾ ਹੈ।

ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿੱਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ ’ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ ’ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ ’ਚ ਪ੍ਰਹੁਣਿਆਂ ਦਾ ਆਦਰ ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ ਹੌਲੀ ਬੱਚੇ ਦੇ ਦਿਮਾਗ ’ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜਾਕ ’ਚ ਹੀ ਬੱਚਿਆਂ ਨੂੰ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ ਹੌਲੀ ਬੱਚੇ ਦਾ ਸ਼ੌਂਕ ਤੇ ਆਦਤ ਬਣ ਜਾਂਦਾ ਹੈ । ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐਨ.ਜੀ.ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼’ ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰੀਪੋਰਟ ਅਨੁਸਾਰ ਦੁਨੀਆਂ ਵਿੱਚ ਟੀ.ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ, ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮੁੰਡਿਆਂ-ਕੁੜੀਆਂ ਵਿੱਚ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ ,ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ,ਬਹੁਤੀਆਂ ਲੜਾਈਆਂ,ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉਤੇ ਡਾਕਟਰਾਂ ਵਲੋਂ ਕੀਤੇ ਅਧਿਐਨ ਵਿੱਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।

ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਨਸ਼ਿਆਂ ਦੇ ਖਿਲਾਫ ਨਸ਼ਾ ਛੜਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌ-ਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਉਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ। ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ ’ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕ-ਾਰਾਂ ਤੇ ਡਾਕਟਰੀ ਇਲਾਜ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਆਉ ਅੱਜ ਤੋ ਹੀ ਇਸ ਕੰਮ ਦੀ ਸੁਰੂਆਤ ਕਰੀਏ ਨੇਕ ਕੰਮ ਵਿੱਚ ਦੇਰੀ ਕਿਉਂ। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਨਸ਼ਿਆਂ ਨੇ ਪੁੱਤ ਖੋ ਲਏ ਮਾਂਵਾਂ ਦੇ। ਗਾਣਿਆਂ ਅਤੇ ਫਿਲਮਾਂ ਵਿੱਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ। ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ,ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ। ਆਓ ਅਸੀਂ ਵਾਅਦਾ ਕਰੀਏ ਕਿ ਅਸੀਂ ਖੁਦ ਤਾਂ ਚਿੱਟੇ, ਸ਼ਰਾਬ ਆਦਿ ਨਸ਼ਿਆਂ ਤੋਂ ਬਚਾਂਗੇ ਹੀ ਨਾਲ ਹੀ ਆਉਣ ਵਾਲੀ ਪੀੜ੍ਹੀ ਤੇ ਹੋਰਾਂ ਨੂੰ ਵੀ ਇਸ ਤੋਂ ਬਚਾਉਣ ਤੇ ਯਤਨ ਕਰਾਂਗੇ ਅਤੇ ਦੇਸ਼ ਨੂੰ ਖੁਸ਼ਹਾਲ ਬਣਾਉਣ ਵਿੱਚ ਯੋਗਦਾਨ ਪਾਵਾਂਗੇ।

# ਗੁਰਦੁਆਰਾ ਸਿੱਖ ਟੈਂਪਲ ਟਾਇਰਾ ਬੁਆਇਨਾ ਯੂਬਾ ਸਿਟੀ ਦੇ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਥੋੜ੍ਹੇ ਸਮੇਂ ਵਾਸਤੇ ਬੰਦ ਕਰਨ ਪਿੱਛੇ ਅਸਲੀਅਤ

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਦੁਆਰਾ ਸਿੱਖ ਟੈਂਪਲ ਟਾਇਰਾ ਬੁਆਇਨਾ ਯੂਬਾ ਸਿਟੀ ਗੁਰੂ ਮਾਨਿਓ ਗ੍ਰੰਥ ਨਗਰ ਕੀਰਤਨ ਕਰਕੇ ਸਮੁੱਚੇ ਸੰਸਾਰ ਭਰ ਵਿਚ ਪ੍ਰਸਿੱਧ ਹੈ। ਹਰ ਸਾਲ ਲੱਖਾਂ ਸੰਗਤਾਂ ਨਗਰ ਕੀਰਤਨ ਵਿਚ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰਕੇ ਵਾਪਸ ਘਰ ਜਾਂਦੀਆਂ ਹਨ।

ਸਾਲ 2020 ਇਹ ਪਹਿਲਾ ਸਾਲ ਸੀ ਕੇ. ਕੋਵਿਡ 19 ਦੀ ਭਿਆਨਕ ਬਿਮਾਰੀ ਕਰਕੇ ਨਗਰ ਕੀਰਤਨ ਨਹੀਂ ਹੋ ਸਕਿਆ ਪਰ ਨਗਰ ਕੀਰਤਨ ਵਾਲੇ ਦਿਨ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਗੁਰਦੁਆਰਾ ਸਾਹਿਬ ਖੁੱਲ੍ਹਾ ਹੋਣ ਕਰਕੇ ਸੰਗਤਾਂ ਦਾ ਵਿਸ਼ਾਲ ਇਕੱਠ ਹੋਇਆ, ਇਸ ਦੇ ਨਾਲ ਕੁਝ ਸ਼ਰਾਰਤੀ ਅਨਸਰ ਜੋ ਕਿ ਲਾਇਵਔਕ ਅਤੇ ਸੈਕਰਾਮੈਂਟੋ ਤੋਂ ਆਪਣੇ ਟੋਲੇ ਨਾਲ ਆਉਂਦੇ ਹਨ, ਜਿਹਨਾਂ ਨੇ ਜਾਣ-ਬੁੱਝ ਕੇ ਨਾ ਹੀ ਮਾਸਕ ਪਾਇਆ ਅਤੇ ਨਾ ਹੀ 6 ਫੁੱਟ ਦਾ ਫਾਸਲਾ ਰੱਖਿਆ ਗਿਆ, ਸੰਗਤਾਂ ਵਿਚ ਇਹ ਸ਼ਰਾਰਤੀ ਲੋਕ ਬਿਨਾਂ ਮਾਸਕ ਦੇ ਘੁੰਮਦੇ ਰਹੇ ਜਿਸ ਦਾ ਨਤੀਜਾ ਇਹ ਹੋਇਆ ਕਿ ਕਾਫੀ ਸੰਗਤਾਂ ਇਸ ਭਿਆਨਕ ਬਿਮਾਰੀ ਕੋਵਿਡ 19 ਦਾ ਸ਼ਿਕਾਰ ਹੋਈਆਂ।

ਜਦੋਂ ਇਹ ਸਾਰੇ ਕੇਸ ਸ਼ਟਰ ਕਾਉਂਟੀ ਹਸਪਤਾਲ ਪਹੁੰਚੇ ਤਾਂ ਸ਼ਟਰ ਕਾਉਂਟੀ ਦੀ ਹੈਲਥ ਡਾਇਰੈਕਟਰ ਡਾਕਟਰ ਲੂ ਨੇ ਕਿਹਾ ਕਿ ਪੰਜਾਬੀ ਭਾਈਚਾਰੇ ਨੇ ਕੋਵਿਡ 19 ਤੋਂ ਬਚਣ ਲਈ ਜੋ ਨਿਯਮ ਦੱਸੇ ਗਏ ਸਨ, ਉਹਨਾਂ ਨਿਯਮਾਂ ਦੀ ਪਾਲਣਾ ਨਹੀਂ ਕੀਤੀ, ਵਿਆਹ ਸ਼ਾਦੀਆਂ ਪਾਰਟੀਆਂ ਵਿਚ ਸ਼ਾਮਲ ਹੋਣਾ ਅਤੇ ਨਗਰ ਕੀਰਤਨ ਵਾਲੇ ਦਿਨ ਗੁਰਦਆਰਾ ਸਾਹਿਬ ਵਿਚ ਭਾਰੀ ਇਕੱਠ ਇਹ ਸਭ ਕੋਵਿਡ 19 ਦੀ ਬਿਮਾਰੀ ਫੈਲਣ ਦਾ ਕਾਰਨ ਬਣਿਆ।

ਡਾਕਟਰ ਲੂ ਵੱਲੋਂ ਇਸ ਦੀ ਇਕ ਵੀਡੀਓ ਵੀ ਜਾਰੀ ਕੀਤੀ ਗਈ ਸੀ, ਜਿਸ ਦੀ ਡਾਕਟਰ ਕੰਗ ਵੱਲੋਂ ਟਰਾਂਸਲੇਸ਼ਨ ਕਰਕੇ ਪੰਜਾਬੀ ਭਾਈਚਾਰੇ ਨੂੰ ਦਿਖਾਈ ਗਈ।



ਇਸੇ ਹਾਲਤ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਸਾਹਿਬ ਨੂੰ ਕੁਝ ਸਮੇਂ ਲਈ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਸੀ ਪਰ ਨਾਲ ਹੀ ਗੁਰਦੁਆਰਾ ਸਾਹਿਬ ਦੀ ਮਰਿਆਦਾ ਦਾ ਖਾਸ ਖਿਆਲ ਰੱਖਿਆ ਗਿਆ ਅਤੇ ਦਰਬਾਰ ਸਾਹਿਬ ਦੀਆਂ ਸੇਵਾਵਾਂ ਨਿਰੰਤਰ ਹੁੰਦੀਆਂ ਰਹੀਆਂ ਅਤੇ ਹੁਣ ਵੀ ਹੋ ਰਹੀਆਂ ਹਨ।

ਦਸੰਬਰ 31 ਨੂੰ ਵੀ ਇਹੀ ਸ਼ਰਾਰਤੀ ਲੋਕਾਂ ਦਾ ਟੋਲਾ ਗੁਰਦੁਆਰਾ ਸਾਹਿਬ ਦਾ ਗੇਟ ਟੱਪ ਕੇ ਅੰਦਰ ਆਏ ਸਨ ਅਤੇ ਨਵੇਂ ਸਾਲ ਵਾਲੇ ਦਿਨ ਫਿਰ ਉਹਨਾਂ ਸ਼ਰਾਰਤੀ ਅਨਸਰਾਂ ਵੱਲੋਂ ਜਬਰਦਸਤੀ ਗ੍ਰੰਥੀ ਸਿੰਘ ਕੋਲੋਂ ਚਾਬੀ ਲੈ ਕੇ ਗੁਰਦੁਆਰਾ ਸਾਹਿਬ ਖੁਲ੍ਹਵਾਇਆ ਅਤੇ ਲੰਗਰ ਲਗਾ ਦਿੱਤਾ ਗਿਆ ਜੋ ਕਿ ਕਾਉਂਟੀ ਵੱਲੋਂ ਸਖਤੀ ਨਾਲ ਬੰਦ ਕੀਤਾ ਗਿਆ, ਗ੍ਰੰਥੀ ਸਿੰਘ ਨੂੰ ਵੀ ਮੰਦਾ ਚੰਗਾ ਬੋਲਿਆ ਅਤੇ ਗ੍ਰੰਥੀ ਸਿੰਘ ਕੋਲੋਂ ਪ੍ਰੋਗਰਾਮ ਬੁੱਕ ਕਰਨ ਵਾਲੀ ਡਾਇਰੀ ਲੈ ਕੇ ਉਸ ਤੇ ਜ਼ਬਰਦਸਤੀ ਜਨਵਰੀ 2 ਤੋਂ ਜਨਵਰੀ 10 ਐਤਵਾਰ ਤੱਕ ਅਖੰਡ ਪਾਠ ਸਾਹਿਬ ਬੁੱਕ ਕਰਕੇ ਲੜੀ ਚਲਾਉਣ ਦਾ ਦਬਾਅ ਪਾਇਆ ਗਿਆ।

ਨਵਾਂ ਸਾਲ ਹੋਣ ਕਰਕੇ ਫਿਰ ਸੰਗਤਾਂ ਦਾ ਭਾਰੀ ਇਕੱਠ ਗੁਰਦੁਆਰਾ ਸਾਹਿਬ ਵਿਚ ਹੋਣ ਲੱਗ ਪਿਆ, ਜਿਸ ਕਾਰਨ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਦੇ ਵਕੀਲ ਨਾਲ ਸੰਪਰਕ ਕੀਤਾ, ਵਕੀਲ ਨੇ ਗੁਰਦੁਆਰਾ ਸਾਹਿਬ ਆ ਕੇ ਸਭ ਦੇਖਿਆ, ਇਹਨਾਂ ਸ਼ਰਾਰਤੀ ਲੋਕਾਂ ਨੇ ਵਕੀਲ ਨਾਲ ਵੀ ਬਦਸਲੂਕੀ ਕੀਤੀ। ਵਕੀਲ ਨੇ ਕਿਹਾ ਕਿ ਸੰਗਤਾਂ ਦਾ ਇਕੱਠ ਕੋਵਿਡ 19 ਦੇ ਚਲਦਿਆਂ ਸੰਗਤਾਂ ਵਾਸਤੇ ਸੁਰੱਖਿਅਤ ਨਹੀਂ ਹੈ। ਇਸ ਨਾਲ ਇਹ ਨਾਮੁਰਾਦ ਬਿਮਾਰੀ ਹੋਰ ਫੈਲ ਸਕਦੀ ਹੈ।

ਉਸੇ ਸ਼ਾਮ ਜਦੋਂ ਇਹ ਗੱਲ ਜੱਜ ਸਾਹਿਬਾਨ ਦੇ ਸਾਹਮਣੇ ਰੱਖੀ ਗਈ ਤਾਂ ਕੈਲੇਫੋਰਨੀਆ ਦੇ ਗਵਰਨਰ ਨੇ ਜੋ ਹਦਾਇਤ ਕੋਵਿਡ 19 ਦੇ ਚਲਦਿਆਂ ਦਿੱਤੀਆਂ ਹਨ, ਉਹਨਾਂ ਨਿਯਮਾਂ ਕਰਕੇ ਇਸ ਕਰਕੇ ਉਹਨਾਂ ਨੇ ਵੀ ਗੁਰਦੁਆਰਾ ਸਾਹਿਬ ਨੂੰ ਕੁਝ ਸਮੇਂ ਲਈ ਬੰਦ ਕਰਨ ਦੀ ਹਦਾਇਤ ਦਿੱਤੀ। ਗੁਰਦੁਆਰਾ ਸਭ ਦਾ ਸਾਂਝਾ ਪਵਿੱਤਰ ਅਸਥਾਨ ਹੈ ਗੁਰਦੁਆਰਾ ਸਾਹਿਬ ਦੇ ਦਰਵਾਜ਼ੇ ਸਭ ਲਈ ਹਰ ਵਕਤ ਖੁੱਲ੍ਹੇ ਹਨ ਪਰ ਕੋਵਿਡ 19 ਦੀ ਬਿਮਾਰੀ ਕਾਰਨ ਇਹ ਦਰਵਾਜੇ ਕੁਝ ਸਮੇਂ ਲਈ ਬੰਦ ਕੀਤੇ ਗਏ ਹਨ। ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਅਤੇ ਸਮੂਹ ਨਾਨਕ ਨਾਮ ਲੇਵਾ ਸਾਧ ਸੰਗਤ ਵੱਲੋਂ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਇਹ ਅਰਦਾਸ ਹੈ ਕੋਵਿਡ 19 ਦੀ ਇਹ ਭਿਆਨਕ ਬਿਮਾਰੀ ਜਲਦੀ ਤੋਂ ਜਲਦੀ ਖਤਮ ਹੋਵੇ ਅਤੇ ਆਉਣ ਵਾਲੇ ਸਮੇਂ ਵਿਚ ਪਹਿਲਾਂ ਦੀ ਤਰ੍ਹਾਂ ਧਾਰਮਿਕ ਪ੍ਰੋਗਰਾਮ ਹੋਣ ਅਤੇ ਸੰਗਤਾਂ ਦਾ ਭਾਰੀ ਇਕੱਠ ਹੋਵੇ ਜੀ। ਇਸ ਫੈਸਲੇ ਨਾਲ ਜੇ ਕਿਸੇ ਨੂੰ ਕੋਈ ਠੇਸ ਲੱਗੀ ਹੋਵੇ ਤਾਂ ਸਮੂਹ ਪ੍ਰਬੰਧਕ ਕਮੇਟੀ ਆਪ ਸਭ ਤੋਂ ਖਿਮਾ ਮੰਗਦੀ ਹੈ। ਹੋਰ ਜਾਣਕਾਰੀ ਲਈ 530-673-9918 ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਗਤਾਂ ਦੇ ਦਾਸ ਸਮੂਹ ਪ੍ਰਬੰਧਕ ਕਮੇਟੀ**
**ਮੁੱਖ ਸੇਵਾਦਾਰ ਸ. ਜਸਵੰਤ ਸਿੰਘ ਬੈਂਸ**

# 100 ਤੋਂ ਜਿਆਦਾ ਗੱਡੀਆਂ ਦੇ ਕਾਫਲੇ ਨਾਲ ਸਿੰਘੂ ਬਾਰਡਰ ਲਈ ਰਵਾਨਾ ਹੋਈ ਬਸਪਾ ਲੀਡਰਸ਼ਿਪ

## ਨਵਾਂ ਸਾਲ ਕਿਸਾਨਾਂ ਨਾਲ ਨਾਹਰੇ ਨਾਲ ਬਸਪਾ ਕਿਸਾਨ ਸੰਘਰਸ਼ ਵਿਚ ਅੱਜ ਹਾਜ਼ਰੀ ਭਰੇਗੀ - ਜਸਵੀਰ ਸਿੰਘ ਗੜ੍ਹੀ

**ਨਵੀਂ ਦਿੱਲੀ (ਬਿਊਰੋ)–** ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਬਹੁਜਨ ਸਮਾਜ ਪਾਰਟੀ 100 ਤੋਂ ਜਿਆਦਾ ਗੱਡੀਆਂ ਦੇ ਕਾਫਲੇ ਨਾਲ ਅੱਜ ਸ਼ੰਭੂ ਬੈਰੀਅਰ ਤੋਂ ਕਿਸਾਨ ਅੰਦੋਲਨ ਨੂੰ ਸਮਰਥਨ ਦੇਣ ਲਈ ਸਿੰਘੂ ਬਾਰਡਰ ਦਿੱਲੀ ਲਈ ਰਵਾਨਾ ਹੋਈ। ਗੱਡੀਆਂ ਉਪਰ ਕਿਸਾਨ ਅੰਦੋਲਨ ਅਤੇ ਬਾਬਾ ਸਾਹਿਬ ਅੰਬੇਡਕਰ ਦੀ ਫੋਟੋ ਵਾਲੇ ਨੀਲੇ ਝੰਡੇ ਲੱਗੇ ਹੋਏ ਸਨ। ਪਾਰਟੀ ਵਰਕਰਾਂ ਕੋਲ ਵੱਡੀ ਮਾਤਰਾ ਵਿਚ ਸਲੋਗਨ ਲਿਖੀਆਂ ਫਲੈਕਸਾਂ ਸਨ ਜਿਹਨਾਂ ਉਪਰ ਲਿਖਿਆ ਸੀ ਕਿਸਾਨ ਵਿਰੋਧੀ ਕਾਨੂੰਨ ਰੱਦ ਕਰੋ, ਕਿਸਾਨ ਮਜਦੂਰ ਏਕਤਾ ਜਿੰਦਾਬਾਦ, ਬਾਬਾ ਸਾਹਿਬ ਅੰਬੇਡਕਰ ਅਮਰ ਰਹੇ, ਕਿਸਾਨੋ ਕੇ ਸਨਮਾਨ ਮੇ ਬਹੁਜਨ ਸਮਾਜ ਮੈਦਾਨ ਮੇ, ਨਵਾਂ ਸਾਲ ਕਿਸਾਨਾਂ ਨਾਲ ਆਦਿ। ਪਾਰਟੀ ਵਰਕਰਾਂ ਵਲੋਂ ਸ਼ੰਭੂ ਬੈਰੀਅਰ ਤੇ ਚਾਹ ਪਕੌੜੇ ਤੇ ਲੰਗਰ ਲਗਾਇਆ ਹੋਇਆ ਸੀ।

ਇਸ ਮੌਕੇ ਪ੍ਰੈਸ ਨੂੰ ਮੁਖ਼ਾਤਿਬ ਹੁੰਦਿਆ ਪੰਜਾਬ ਪ੍ਰਧਾਨ ਸਰਦਾਰ ਗੜ੍ਹੀ ਨੇ ਕਿਹਾ ਕਿ ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਨੇ ਆਜ਼ਾਦੀ ਦੇ 73ਸਾਲਾਂ ਵਿਚ ਦੇਸ਼ ਵਿਚ ਦਲਿਤ ਪਿਛੜੇ, ਮਜ਼ਦੂਰ ਕਿਸਾਨ ਮੁਲਾਜ਼ਮਿ, ਛੋਟੇ ਵਪਾਰੀ ਵਿਦਿਆਰਥੀ ਆਦਿ ਵਰਗਾਂ ਨੂੰ ਸਰਮਾਏਦਾਰੀ ਪੱਖੀ ਨੀਤੀਆਂ ਬਣਾਕੇ ਬਿਨਾ ਤਰਸ ਤੋਂ ਖੂਬ ਲੁੱਟਿਆ ਤੇ ਕੁਚਲਿਆ ਹੈ। ਇਹ ਜਬਰ ਦਾ ਕੁਹਾੜਾ ਹੁਣ ਕਿਸਾਨਾਂ ਉਪਰ ਖੁੱਲ੍ਹੇ ਰੂਪ ਵਿਚ ਚਲਿਆ ਹੈ। ਮਨੂਵਾਦੀ ਭਗਵਾਂਧਾਰੀ ਅਤੇ ਸਰਮਾਏਦਾਰੀ ਸ਼ਕਤੀਆਂ ਨੇ ਇਕੱਠੇ ਹੋਏ ਕਿਸਾਨ ਮਜ਼ਦੂਰ ਕੁਚਲਣ ਦੇ ਜੋ ਕਾਨੂੰਨ ਬਣਾਏ ਹਨ, ਓਹਨਾ ਖਿਲਾਫ ਪਿਛਲੇ ਚਾਰ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਸੰਘਰਸ਼ ਨੂੰ ਪੂਰੀ ਤਰ੍ਹਾਂ ਅਣਗੌਲਿਆ ਹੈ ਜਿਸ ਦੇ ਨਤੀਜੇ ਵਜੋਂ ਮੋਦੀ ਸਰਕਾਰ ਦੇ ਛੇਵੇਂ ਦੌਰ ਦੀ ਗੱਲ



ਬਾਤ ਪੂਰੀ ਤਰ੍ਹਾ ਅਸਫਲ ਹੋ ਚੁੱਕੀ ਹੈ। ਕਿਸਾਨਾਂ ਦੇ ਮੁੱਖ ਮੁੱਦਿਆਂ ਉਪਰ ਜਾਣ ਬੁੱਝਕੇ ਭਾਜਪਾ ਮੋਦੀ ਸਰਕਾਰ ਕੋਲ ਚਾਰ ਮਹੀਨੇ ਬੀਤਣ ਤੋਂ ਬਾਅਦ ਵੀ ਕੋਈ ਠੋਸ ਹੱਲ ਨਹੀਂ ਮਿਲ ਪਾਇਆ ਹੈ, ਜਿਸ ਲਈ 4 ਜਨਵਰੀ ਨੂੰ ਸੱਤਵੇਂ ਦੌਰ ਦੀ ਵਾਰਤਾ ਰੱਖੀ ਹੈ।

ਸ ਗੜ੍ਹੀ ਨੇ ਕਿਹਾ ਕਿ ਅੱਜ ਅਸੀ ਸੰਕੇਤਕ ਤੌਰ ਤੇ ਕਿਸਾਨਾਂ ਦੇ ਨਾਲ ਨਵੇਂ ਸਾਲ ਦੀ ਸ਼ੁਰੂਆਤ ਕਰਨ ਜਾ ਰਹੇ ਹੈ। ਜਿਸ ਵਿਚ ਪਾਰਟੀ ਵਰਕਰ ਅੰਦੋਲਨ ਦੇ ਨੀਲੇ ਝੰਡੇ ਨਾਲ ਜਿਸ ਉਪਰ ਬਾਬਾ ਸਾਹਿਬ ਅੰਬੇਡਕਰ ਦੀ ਫੋਟੋ ਹੈ, ਓਹਨਾ ਝੰਡਿਆਂ ਨਾਲ ਸ਼ਾਮਿਲ ਹੋਣ ਜਾ ਰਹੇ ਹਾਂ, ਜੋਕਿ ਨਿਰੋਲ ਗੈਰ ਰਾਜਨੀਤਿਕ ਝੰਡਾ ਹੈ। ਅਸੀ ਆਮ ਪੰਜਾਬੀ ਬਣਕੇ ਕਿਸਾਨ ਸੰਘਰਸ਼ ਵਿਚ ਸ਼ਾਮਿਲ ਹੋਵਾਂਗੇ।

ਇਸ ਮੌਕੇ ਵਰਕਰਾਂ ਦੀ ਵਿਸ਼ਾਲ ਗਿਣਤੀ ਦੇ ਨਾਲ ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਰਾਜਾ ਰਾਜਿੰਦਰ ਸਿੰਘ, ਅਜੀਤ ਸਿੰਘ ਭੈਣੀ, ਬਲਦੇਵ ਸਿੰਘ ਮਹਿਰਾ, ਰਾਮ ਸਿੰਘ ਗੋਗੀ, ਜੋਗਾ ਸਿੰਘ ਪਨੋਂਦੀਆਂ, ਡਾ ਜਸਪ੍ਰੀਤ ਸਿੰਘ, ਬਲਜੀਤ ਸਿੰਘ ਭਾਰਾਪੁਰ, ਅੰਮ੍ਰਿਤ ਪਾਲ ਭੋਂਸਲੇ, ਲਾਲ ਸਿੰਘ ਸੁਲਹਾਣੀ, ਗੁਰਮੇਲ ਚੁੰਬਰ, ਚਮਕੌਰ ਸਿੰਘ ਵੀਰ, ਤਰਸੇਮ ਥਾਪਰ, ਸੁਖਦੇਵ ਸ਼ੀਰਾ, ਐਡਵੋਕੇਟ ਰਣਜੀਤ ਕੁਮਾਰ, ਪਰਵੀਨ ਬੰਗਾ, ਦਲਜੀਤ ਰਾਏ, ਐਡਵੋਕੇਟ ਸ਼ਿਵ ਕਲਿਆਣ, ਹਰਬੰਸ ਲਾਲ ਚਣਕੋਆ, ਮਨੋਹਰ ਕਮਾਮ, ਬਲਵਿੰਦਰ ਰੱਲ, ਸੁਖਵਿੰਦਰ ਬਿੱਟੂ, ਕੁਲਵੰਤ ਮਹਤੋ, ਹਰਦੇਵ ਸਿੰਘ ਤਰਖੰਬਧ ਕੁਲਦੀਪ ਘਨੌਲੀ, ਜੈ ਪਾਲ ਸੁੰਡਾ, ਜੀਤ ਰਾਮ ਬਸਰਾ, ਰਾਕੇਸ਼ ਕੁਮਾਰ ਕਪੂਰਥਲਾ, ਕੁਲਵੰਤ ਸਿੰਘ ਤਰਨਤਾਰਨ, ਕਰਮਜੀਤ ਸੰਧੂ, ਮਨੀ ਮਾਲਵਾ ਆਦਿ ਹਾਜ਼ਰਿ ਸਨ।



ਕਿਸਾਨ ਮੋਰਚੇ ਤੇ ਸਿੰਘੂ ਬਾਰਡਰ ਤੇ ਬਹੁਜਨ ਸਮਾਜ ਪਾਰਟੀ ਦੇ ਵਰਕਰ ਸਮਰਥਕ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਸ਼ਾਮਿਲ ਹੋਏ। ਸਪਾ ਵਰਕਰਾਂ ਦੇ ਵਿਸ਼ਾਲ ਇਕੱਠ ਨੇ ਸਿੰਘੂ ਬਾਰਡਰ ਨੂੰ ਨੀਲਾ ਨੀਲਾ ਕਰ ਦਿੱਤਾ। ਇਸ ਮੌਕੇ ਬਸਪਾ ਵਰਕਰਾਂ ਨੇ ਵਿਸ਼ਾਲ ਮਾਰਚ ਕੀਤਾ ਜਿਸ ਵਿਚ ਭਾਜਪਾ ਤੇ ਮੋਦੀ ਵਿਰੋਧੀ ਆਸਮਾਨ ਗੂੰਜਦੇ ਨਾਹਰੇ ਲਗੇ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 2020 'ਚ ਦੁਨੀਆਂ ਨੂੰ ਧਨ ਕੁਬੇਰਾਂ ਦੀ ਦੇਣ ਕਰੋਨਾ ਵਾਇਰਸ ਅਤੇ ਕਿਸਾਨ ਸੰਘਰਸ਼



ਗੁਰਮੀਤ ਪਲਾਹੀ
91-98158-02070

ਧਨ ਕੁਬੇਰਾਂ ਦੀ ਪੈਸੇ ਦੀ ਹਵਸ਼ ਦੁਨੀਆ ਨੂੰ ਤਬਾਹੀ ਦੇ ਕੰਢੇ ਉਤੇ ਪਹੁੰਚਾ ਰਹੀ ਹੈ। ਪਿਛਲੀ ਇੱਕ ਸਦੀ ਵਿੱਚ ਕਹਿਣ ਨੂੰ ਤਾਂ ਤਕਨੀਕੀ ਤੌਰ ਤੇ ਦੁਨੀਆ 'ਚ ਵੱਡਾ ਵਿਕਾਸ ਵੇਖਣ ਨੂੰ ਮਿਲਿਆ ਹੈ, ਪਰ ਇਸ ਵਿਕਾਸ ਨੇ ਦੁਨੀਆ ਦੇ ਵਿਨਾਸ਼ ਦੀ ਨੀਂਹ ਰੱਖੀ ਹੀ ਨਹੀਂ; ਪੱਕੀ ਕੀਤੀ ਹੈ।

ਸਾਲ 2020 'ਚ ਦੁਨੀਆਂ ਭਰ 'ਚ ਛੋਟੀਆਂ-ਵੱਡੀਆਂ ਘਟਨਾਵਾਂ ਵਾਪਰੀਆਂ ਹਨ। ਧਨ ਕੁਬੇਰਾਂ ਦੀ ਲੋਕਾਂ ਨੂੰ ਕਰੋਨਾ ਵਾਇਰਸ ਪਹਿਲੀ ਦੇਣ ਦਿੱਤੀ ਹੈ। ਦੂਜੀ ਦੇਣ ਕਿਸਾਨਾਂ ਨੂੰ ਕਾਲੇ ਖੇਤੀ ਕਾਨੂੰਨ ਲਾਗੂ ਕਰਕੇ ਘਸਿਆਰੇ ਬਨਾਉਣਾ ਹੈ। ਕਿਸਾਨਾਂ ਦੀ ਜ਼ਮੀਨ ਖੋਹਣ ਦਾ ਜੋ ਤਾਣਾ ਬਾਣਾ ਧਨ ਕੁਬੇਰਾਂ ਕਈ ਵਰ੍ਹੇ ਪਹਿਲਾਂ ਬੁਣਿਆ ਸੀ, ਉਹ ਕਥਿਤ ਤੌਰ ਤੇ "ਤਰੱਕੀ ਕਰ ਰਹੇ ਹਿੰਦੋਸਤਾਨ" ਦੀ ਧਰਤੀ ਉਤੇ ਲਾਗੂ ਕਰਨ ਲਈ ਇਥੋਂ ਦੇ ਹਾਕਮਾਂ ਨੂੰ ਉਹਨਾ 2020 'ਚ ਵਰਤਿਆ। ਅਚਾਨਕ ਮੜ੍ਹਿਆ ਖੇਤੀ ਆਰਡੀਨੈਂਸ। ਫਿਰ ਕਾਨੂੰਨ ਘੜਨੀ ਸਭਾ (ਲੋਕ ਸਭਾ) 'ਚ ਬਿੱਲ। ਫਿਰ ਧੱਕੇ ਜੋਰੀ "ਸਿਆਣਿਆਂ ਕੋਲੋਂ"(ਰਾਜ ਸਭਾ 'ਚ) ਬਣਾਏ ਕਾਨੂੰਨ। ਫਿਰ ਪੱਕੀ ਮੋਹਰ ਕਿਸਾਨਾਂ ਦੀ ਬਰਬਾਦੀ ਲਈ, ਰਾਸ਼ਟਰਪਤੀ ਕੋਲੋਂ ਲਗਵਾਈ।

ਕਰੋਨਾ-19 ਦੁਨੀਆ 'ਚ ਆਇਆ। ਭਾਰਤੀ ਧਰਤੀ ਨੇ ਆਪਣੇ ਆਕਾ "ਰਾਸ਼ਟਰਪਤੀ ਟਰੰਪ" ਦੀਆਂ ਖਾਹਿਸ਼ਾਂ ਦੀ ਪੂਰਤੀ ਲਈ ਫਰਵਰੀ 2020 ਤੱਕ ਕਰੋਨਾ ਵਾਇਰਸ ਨੂੰ ਵਧਣ ਫੁੱਲਣ ਦਾ ਮੌਕਾ ਦਿੱਤਾ। ਫਿਰ ਸੁੱਤ ਉਨੀਂਦਿਆਂ ਮੋਦੀ ਜੀ ਨੇ ਦੇਸ਼ 'ਚ ਲੌਕ ਡਾਊਨ ਲਗਾ ਦਿੱਤਾ। ਸੱਭੋ ਕੁਝ ਬੰਦ। ਅਖੇ ਕਰੋਨਾ ਬਹੁਤ ਘਾਤਕ ਹੈ। ਸਿਆਣਿਆਂ ਪੁੱਛਿਆ ਕਿ ਜੇਕਰ ਇਹ ਘਾਤਕ ਹੈ ਤਾਂ ਵੱਧਣ-ਫੁੱਲਣ ਕਿਉਂ ਦਿੱਤਾ?

ਕਿਉਂ ਅਮਰੀਕੀ ਰਾਜਿਆਂ ਨੂੰ ਇਥੇ ਆਉਣ ਦਿੱਤਾ? ਕਰੋਨਾ ਦੇਸ਼ 'ਚ ਪਲਪਿਆ। ਥਾਲੀਆਂ, ਤਾਲੀਆਂ ਨਾਲ ਭਜਾਉਣ ਲਈ ਸਰਕਾਰ ਨੇ ਪ੍ਰਪੰਚ ਰਚੇ ਗਏ। ਮਜ਼ਦੂਰ ਕੰਮ ਛੱਡ, ਪੈਂਰੀ ਤੁਰ ਪਏ ਆਪਣੇ ਸੁਰੱਖਿਆ ਘਰਾਂ ਵੱਲ, ਨਾ ਹੱਥ ਰੋਟੀ, ਨਾ ਕੋਲ ਪਾਣੀ, ਨਾ ਪੱਲੇ ਨੌਕਰੀ ਜਾਂ ਰੁਜ਼ਗਾਰ ਬੱਸ ਭੁਖਣ-ਭਾਣੇਂ। ਕਹਿੰਦੇ ਨੇ 20 ਕਰੋੜ ਲੋਕਾਂ ਰੁਜ਼ਗਾਰ ਗੁਆ ਲਿਆ ਭਾਰਤ ਦੇਸ਼ ਵਿੱਚ। ਲੱਖਾਂ ਲੋਕ ਹੋਰ ਬਿਮਾਰੀਆਂ ਦੇ ਸ਼ਿਕਾਰ ਇਲਾਜ਼ ਖੁਣੋਂ ਸੰਸਾਰ ਛੱਡ ਗਏ। ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ। ਹਾਕਮਾਂ ਨੇ ਲੋਕਾਂ ਨੂੰ ਮੰਗਤੇ ਬਣਾ ਛੱਡਿਆ। ਸੱਦ-ਪੁੱਛ ਕਰਨ ਵਾਲਾ ਕੋਈ ਨਹੀਂ। ਦੇਸ਼ ਦਾ ਅਰਥ ਚਾਰਾ ਟੁੱਟਾ। ਪਰ ਇਸ ਕਰੋਨਾ ਕਾਲ 'ਚ ਧਨ ਕੁਬੇਰਾਂ ਹੱਥ ਰੰਗੇ। ਗੁਜਰਾਤ ਦਾ ਵਾਸੀ ਅਡਾਨੀ ਦਾ ਧਨ ਸਾਲ 'ਚ 10 ਗੁਣਾ ਵਧਿਆ। ਦੁਨੀਆ ਨਾਲ ਸੰਬੰਧਿਤ ਕੰਪਨੀਆਂ ਨੇ ਹੱਥ ਰੰਗੇ। ਬਾਕੀ ਕਾਰੋਬਾਰ ਤਬਾਹ ਹੋ ਗਏ। ਵੈਕਸੀਨਾਂ ਬਨਣ ਲੱਗੀਆਂ। ਹੁਣ ਲੋਕਾਂ ਨੂੰ ਭਰਮਾਇਆ ਜਾਏਗਾ, ਲੁਟਿਆ ਜਾਏਗਾ। ਇਹੋ ਦੇਣ ਹੈ ਧਨ ਕੁਬੇਰਾਂ ਦੀ- 2020 ਦੀ। ਨਿਰਾ ਭਾਰਤ ਨੂੰ ਨਹੀਂ, ਸਮੁੱਚੀ ਦੁਨੀਆ ਹੀ ਅਤੇ ਇਥੋਂ ਦੇ ਕਿਰਤੀ, ਕਿਸਾਨ, ਇਸ ਸਾਜ਼ਿਸ਼ ਦੀ ਲਪੇਟ ਵਿਚ ਆ ਗਏ। ਕਰੋਨਾ ਗਿਆ ਨਹੀਂ ਇਹ ਨਵੇਂ ਰੂਪ, ਨਵੇਂ ਸਟ੍ਰੇਨ 'ਚ ਮੁੜ ਪਲਪ ਪਿਆ ਹੈ। ਮਾਹਿਰਾਂ ਮੁਤਾਬਕ ਬਰਤਾਨੀਆ ਵਾਲੇ ਕਰੋਨਾ ਦੇ ਨਵੇਂ ਸਟ੍ਰੇਨ ਦੇ ਜੈਨੇਟਿਕ ਕੋਡ 'ਚ 23 ਨਵੇਂ ਬਦਲਾਅ ਹੋਏ ਹਨ, ਜੋ ਵਧੇਰੇ ਇਨਫੈਕਸ਼ਨ (ਲਾਗ) ਦੇ ਸਕਦੇ ਹਨ।

ਕਰੋਨਾ ਵਰਗੀ ਅਲਾਮਤ, ਅਤੇ ਖੇਤੀ ਕਾਲੇ ਕਾਨੂੰਨ ਧਨ ਕੁਬੇਰਾਂ ਧਨ ਦੀ ਹਵਸ਼ ਨੇ ਦੇਸ਼ 'ਚ ਪਾਸ ਕਰਵਾਏ ਹਨ। ਇਹ ਖੇਤੀ ਕਾਲੇ ਕਾਨੂੰਨ ਧਨ ਕੁਬੇਰਾਂ ਵਲੋਂ ਅੰਨਦਾਤਿਆਂ ਦੀ ਮੰਡੀ ਖੋਹਣ ਦਾ ਯਤਨ ਹੈ। ਇਹ ਖੇਤੀ ਕਾਲੇ ਕਾਨੂੰਨ ਕਿਸਾਨਾਂ ਦੀ ਜ਼ਮੀਨ ਖੋਹਣ ਦਾ ਵੱਖਰੀ ਕਿਸਮ ਦਾ ਢੰਗ ਤਰੀਕਾ ਹੈ। ਜਿਹੜਾ ਮੌਜੂਦਾ ਸਰਕਾਰ ਨੇ ਅਡਾਨੀਆਂ-ਅੰਬਾਨੀਆਂ ਦੀ ਝੋਲੀ ਭਰਨ ਲਈ ਲੱਭਿਆ ਹੈ। ਕਿਸਾਨ ਜਿਹੜਾ ਮੰਗ ਕਰ ਰਿਹਾ ਸੀ ਕਿ ਡਾ: ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰੋ। ਉਸ ਰਿਪਪੋਰਟ ਵਿੱਚ ਲਾਗਤ ਮੁੱਲ ਤੋਂ ਕੁਝ ਵੱਧ ਰਕਮ ਉਸਦੀ ਫਸਲ ਉਤੇ ਦੇਣ ਦਾ ਪ੍ਰਾਵਾਧਾਨ ਸੀ। ਉਸ ਰਿਪੋਰਟ ਨੂੰ ਨਾ ਪਹਿਲੀਆਂ ਸਰਕਾਰਾਂ ਨੇ ਮੰਨਿਆ, ਨਾ ਹੁਣ ਵਾਲੀ ਸਰਕਾਰ ਨੇ। ਹੁਣ ਵਾਲੇ ਹਾਕਮਾਂ ਤਾਂ 2022 ਤੱਕ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਛਲਾਵਾ ਦੇ ਕੇ, 500 ਰੁਪਏ ਮਹੀਨਾ ਦੀ ਖੈਰਾਤ ਕਿਸਾਨ ਨੂੰ ਪਾ ਕੇ ਉਹਨਾਂ ਦੇ ਸਾਰੇ ਹੱਕ ਹਥਿਆਉਣ ਤੇ ਉਹਨਾਂ ਹੱਥੋਂ ਜ਼ਮੀਨ ਖੋਹਣ ਦਾ ਰਸਤਾ ਖੇਤੀ ਕਾਨੂੰਨਾਂ ਨਾਲ ਮੋਕਲਾ ਕਰ ਲਿਆ।

ਕਿਸਾਨਾਂ ਸੰਘਰਸ਼ ਆਰੰਭਿਆ ਹੈ। ਇਸ ਸੰਘਰਸ਼ ਦਾ ਆਰੰਭ ਪੰਜਾਬ ਦੀ ਧਰਤੀ ਤੋਂ 2020 'ਚ ਹੋਇਆ ਹੈ। ਉਸ ਪੰਜਾਬ ਦੀ ਧਰਤੀ ਤੋਂ ਜਿਥੋਂ ਦੇ ਵਸਨੀਕਾਂ ਦੇ ਮੱਥੇ ਵਿਹਲੜ, ਗੁੱਸੇਖੋਰ ਨਸ਼ਈ ਸਮੇਤ ਬਹੁਤ ਸਾਰੀਆਂ ਭੈੜੀਆਂ ਊਂਝਾਂ ਮੜੀਆਂ ਗਈਆਂ ਸਨ। ਉਹਨਾਂ ਇਸ ਅੰਦੋਲਨ ਨੂੰ ਆਲਮੀ ਪੱਧਰ ਉਤੇ ਪਹੁੰਚਾਇਆ ਹੈ। ਦੇਸ਼ ਵਿਦੇਸ਼ ਤੋਂ ਕਿਸਾਨ, ਮਜ਼ਦੂਰ, ਨੇਤਾ ਉਹਨਾਂ ਦੇ ਹੱਕ 'ਚ ਖੜੇ ਹਨ। ਪਰ ਜਿੱਦੀ ਮੋਦੀ ਸਰਕਾਰ ਜਿਸ ਵਲੋਂ ਸਾਲ 2020 'ਚ ਕਿਸਾਨਾਂ ਨੂੰ ਧਨ ਕੁਬੇਰਾਂ ਮੂਹਰੇ ਸੁੱਟਿਆ ਹੈ, ਉਹਨਾਂ ਨੂੰ ਸੜਕਾਂ ਉਤੇ ਠੰਡੀਆਂ, ਕੱਕਰ ਰਾਤਾਂ 'ਚ ਸੰਘਰਸ਼ ਕਰਨ ਲਈ ਮਜ਼ਬੂਰ ਕੀਤਾ ਹੈ, ਉਹਨਾਂ ਦੀ ਗੱਲ, "ਅਸਲੀ ਗੱਲ", ਸੁਨਣ ਲਈ ਤਿਆਰ ਨਹੀਂ।



SUKHCHARAN PREET/BBC

ਦੇਸ਼ 'ਚ ਕਿਸਾਨ ਅੰਦੋਲਨ ਵਰਗੇ ਕਈ ਅੰਦੋਲਨ ਚੱਲੇ ਹਨ। ਭਾਰਤ 'ਚ ਸਭ ਤੋਂ ਪਹਿਲਾਂ ਕਿਸਾਨ ਅੰਦੋਲਨ ਸੁਲਤਾਨ ਮਹੁੰਮਦ ਬਿਨ ਤੁਗਲਕ ਦੇ ਰਾਜ ਭਾਗ ਸਮੇਂ 1343 ਈਸਵੀਂ ਵਿੱਚ ਮਾਲਵਾ (ਪੱਛਮੀ ਮੱਧ ਪ੍ਰਦੇਸ਼ ਅਤੇ ਉੱਤਰੀ ਰਾਜਸਥਾਨ ਦਾ ਇਲਾਕਾ) ਵਿੱਚ ਚੱਲਿਆ ਸੀ। ਕਿਸਾਨਾਂ ਉਤੇ ਭਾਰੀ ਟੈਕਸ ਲਗਾਏ ਗਏ ਸਨ। ਇਹ ਅੰਦੋਲਨ ਸੁਲਤਾਨ ਵਲੋਂ ਕੁਚਲ ਦਿੱਤਾ ਗਿਆ ਸੀ। ਲੱਖਾਂ ਕਿਸਾਨ ਮਾਰ ਦਿੱਤੇ ਸਨ। ਵੀਹਵੀਂ ਸਦੀ 'ਚ ਪੱਗੜੀ ਸੰਭਾਲ ਅੰਦੋਲਨ 1907 ਵਿੱਚ ਸ਼ਹੀਦ ਭਗਤ ਸਿੰਘ ਦੇ ਚਾਚੇ ਅਜੀਤ ਸਿੰਘ ਵਲੋਂ ਆਰੰਭਿਆ ਗਿਆ ਸੀ। ਪੱਗੜੀ ਸੰਭਾਲ ਜੱਟਾ ਇਸ ਲਹਿਰ ਦਾ ਨਾਂਅ ਸੀ। ਇਹ ਅੰਦੋਲਨ ਦੇਸ਼ ਭਰ 'ਚ ਫੈਲਿਆ। ਅੰਗਰੇਜ਼ ਹਕੂਮਤ ਕਿਸਾਨ ਅੰਦੋਲਨ ਤੋਂ ਡਰ ਗਈ। 9 ਮਹੀਨੇ ਦੇ ਕਿਸਾਨ ਸੰਘਰਸ਼ ਤੋਂ ਬਾਅਦ ਟੈਕਸ ਮੁਆਫ਼ ਕਰ ਦਿੱਤਾ।

ਦੇਸ਼ 'ਚ ਹੋਰ ਵੀ ਅੰਦੋਲਨ ਹੋਏ। ਪਰ ਸਾਲ 2020 ਵਾਲਾ ਕਿਸਾਨ ਅੰਦੋਲਨ ਜਨ ਮਾਨਸ ਦਾ ਅੰਦੋਲਨ ਬਣ ਚੁੱਕਿਆ ਹੈ। ਲੋਕ ਲੋਹੇ-ਲਾਖੇ ਹਨ। ਪਰ ਸ਼ਾਂਤ ਹਨ। ਲੋਕ ਪ੍ਰੇਸ਼ਾਨ ਹਨ, ਪਰ ਸ਼ਾਂਤ ਹਨ। ਲੋਕ ਲੜ ਰਹੇ ਹਨ, ਘਬਰਾਏ ਹੋਏ ਨਹੀਂ। ਕਿਸਾਨ ਇੱਕ ਜੁੱਟ ਹਨ, ਲੋਕ ਇੱਕ ਜੁੱਟ ਹਨ। ਇਹ 2020 ਸਾਲ ਦੀ ਵੱਡੀ ਪ੍ਰਾਪਤੀ ਹੈ, ਕਿਸਾਨਾਂ ਦੀ, ਲੋਕਾਂ ਦੀ, ਹਾਕਮਾਂ ਨੂੰ ਸੁਚੇਤ ਹੋਕੇ ਸਬਕ ਸਿਖਾਉਣ ਦੀ ਕਿ ਜ਼ੁਲਮ ਜ਼ਬਰ ਵਿਰੁੱਧ ਉਠੀ ਆਵਾਜ਼ ਦਬਾਈ ਨਹੀਂ ਜਾ ਸਕਦੀ। ਕਰੋਨਾ ਦਾ ਪ੍ਰਭਾਵ ਅੰਤਰਰਾਸ਼ਟਰੀ ਪੱਧਰ ਤੇ ਵੇਖਣ ਨੂੰ ਮਿਲਿਆ ਤੇ ਲੋਕ ਜਿਵੇਂ, ਧਨ ਕੁਬੇਰਾਂ ਦੀਆਂ ਸਾਜ਼ਿਸ਼ਾਂ ਨੂੰ ਸਮਝਣ ਲੱਗੇ ਤੇ ਉਹਨਾ ਵਲੋਂ ਵਰੋਸਾਏ ਵੱਖਰੇ ਅਲੋਕਾਰੇ ਜਹਾਨ ਨੂੰ ਠੁੱਡੇ ਮਾਰਕੇ ਕੁਦਰਤ ਨਾਲ ਸਾਂਝ ਪਾਉਣ ਲੱਗੇ ਹਨ। ਇਵੇਂ ਹੀ ਧਨ ਕੁਬੇਰਾਂ ਤੇ ਹਾਕਮਾਂ ਦੀਆਂ ਸਾਜ਼ਿਸ਼ਾਂ ਤੋਂ ਸੁਚੇਤ ਕਿਸਾਨ ਜਨ ਅੰਦੋਲਨ ਕਾਰਨ ਵਿਸ਼ਵ ਵਿਆਪੀ ਇੱਕ ਵੱਖਰੀ ਦਿੱਖ ਬਨਾਉਣ 'ਚ, ਆਪਣੀ ਇਹ ਤਾਕਤ ਵਿਖਾਉਣ 'ਚ ਸਫ਼ਲ ਹੋ ਰਹੇ ਹਨ ਅਤੇ ਦਰਸਾ ਰਹੇ ਹਨ ਕਿ ਸ਼ਾਂਤਮਈ ਅੰਦੋਲਨ, ਇਕੱਠ ਨਾਲ ਜ਼ਾਬਰਾਂ ਨੂੰ ਝੁਕਾਇਆ ਜਾ ਸਕਦਾ ਹੈ, ਉਹਨਾ ਨੂੰ ਨੱਥ ਪਾਈ ਜਾ ਸਕਦੀ ਹੈ। ਸਾਲ 2020 ਵਿੱਚ ਹੋਰ ਵੀ ਵੱਡੀਆਂ ਘਟਨਾਵਾਂ ਵਾਪਰੀਆਂ ਹਨ। ਸਾਲ 2020 'ਚ ਰਾਸ਼ਟਰਪਤੀ ਟਰੰਪ, ਜੋ ਨਰੇਂਦਰ ਮੋਦੀ ਵਾਂਗਰ ਨਸਲੀ ਤੇ ਰਾਸ਼ਟਰਵਾਦੀ ਸੋਚ ਦਾ ਹਿਮਾਇਤੀ ਹੈ, ਉਸਨੂੰ ਦੇਸ਼ ਦੇ ਲੋਕਾਂ ਨੇ ਉਖਾੜ ਸੁੱਟਿਆ। ਉਂਜ ਇਹ ਸਾਲ ਆਫ਼ਤਾਂ ਦਾ ਸਾਲ ਗਿਣਿਆ ਜਾਵੇਗਾ। ਦੁਨੀਆਂ ਭਰ ਵਿੱਚ ਕਾਰਪੋਰੇਟਾਂ ਤੇ ਹਾਕਮਾਂ ਦੇ ਗੱਠਜੋੜ ਕਾਰਨ ਕਰੋੜਾਂ ਲੋਕ ਬੇਰੁਜ਼ਗਾਰੀ ਦੀ ਭੱਠੀ 'ਚ ਝੋਕੇ ਗਏ ਹਨ। ਕਰੋੜਾਂ ਲੋਕ ਰੋਟੀ ਤੋਂ ਆਤੁਰ ਹੋ ਗਏ ਹਨ। ਭਾਰਤ ਵਿੱਚ ਮਜ਼ਦੂਰੀ ਵਿਰੋਧੀ ਕਾਨੂੰਨ ਬਨਾਉਣ ਵਜੋਂ 2020 ਨੂੰ ਜਾਣਿਆ ਜਾਏਗਾ, ਜਿਥੇ ਕੰਮ ਦੇ ਘੰਟੇ 8 ਘੰਟੇ ਤੋਂ 12 ਘੰਟੇ ਕਰ ਦਿੱਤੇ ਗਏ ਹਨ। ਸਾਲ 2020 ਭਾਰਤ ਲਈ ਬੁਰੀਆਂ ਖ਼ਬਰਾਂ ਵਜੋਂ ਜਾਣਿਆ ਜਾਏਗਾ, ਜਿਥੇ ਰੋਟੀ, ਰੋਜ਼ੀ, ਚੰਗੀਆਂ ਸਿਹਤ ਸਹੂਲਤਾਂ, ਚੰਗੇ ਵਾਤਾਵਰਨ ਸਬੰਧੀ ਉਮੀਦ ਦੀ ਕਿਰਣਾਂ ਕਿਧਰੇ ਵੀ ਦਿਖਾਈ ਨਹੀਂ ਦਿੱਤੀ।

ਇਸ ਵਰ੍ਹੇ ਦੌਰਾਨ ਹਾਕਮ ਪਾਰਟੀ ਵਲੋਂ ਬਿਹਾਰ ਚੋਣਾਂ ਧਨ ਦੇ, ਬਲ ਦੇ ਜ਼ੋਰ ਨਾਲ ਜਿੱਤੀਆਂ। ਮੱਧ ਪ੍ਰਦੇਸ਼ ਵਿੱਚ ਹਾਕਮਾਂ ਆਇਆ ਰਾਮ ਗਿਆ ਰਾਮ ਨੂੰ ਸ਼ਹਿ ਦਿੱਤੀ। ਹੋਰ ਕਈ ਸੂਬਿਆਂ ਦੀ ਸਰਕਾਰਾਂ ਅਸਥਿਰ ਕੀਤੀਆਂ। ਇੱਕ ਦੇਸ਼-ਇੱਕ ਟੈਕਸ, ਇੱਕ ਦੇਸ਼-ਇੱਕ ਚੋਣ, ਇੱਕ ਦੇਸ਼-ਇੱਕ ਭਾਸ਼ਾ, ਇੱਕ ਦੇਸ਼-ਇੱਕ ਰਾਸ਼ਨ ਕਾਰਡ, ਇੱਕ ਦੇਸ਼ ਇੱਕ ਧਰਮ, ਇੱਕ ਦੇਸ਼-ਇੱਕ ਕਾਨੂੰਨ, ਇੱਕ ਦੇਸ਼-ਇੱਕ ਸਭਿਆਚਾਰ ਦਾ ਅਜੰਡਾ ਦੇਸ਼ ਦੀ ਵੰਨ-ਸੁਵੰਨਤਾ ਦੀ ਹਕੀਕਤ ਤੋਂ ਮੂੰਹ ਮੋੜਨ ਵਾਲਾ ਅਜੰਡਾ 2020 ਵਿੱਚ ਮੁੱਖ ਤੋਰ ਤੇ ਦੇਸ਼ ਦੇ ਹਾਕਮਾਂ ਨੇ ਸਾਹਮਣੇ ਲਿਆਂਦਾ। ਯੂ.ਪੀ. ਵਿੱਚ ਲਵ-ਜਿਹਾਦ ਦਾ ਕਾਨੂੰਨ ਪਾਸ ਕਰਕੇ ਹਾਕਮਾਂ ਨੇ ਦਰਸਾ ਦਿੱਤਾ ਕਿ ਦੇਸ਼ ਵਿੱਚ ਪਹਿਰਾਵੇ, ਵਿਚਾਰਾਂ ਉਤੇ ਪਾਬੰਦੀ ਤਾਂ ਹੈ ਹੀ, ਸਗੋਂ ਧਰਮ ਦਾ ਮਸਲਾ ਵੀ ਉਂਜ ਹੀ ਸੁਲਝਾਇਆ ਜਾਏਗਾ ਜਿਵੇਂ ਕਿ "ਭਗਵਾਂ ਹਾਕਮ" ਚਾਹੇਗਾ। ਪੱਛਮੀ ਬੰਗਾਲ ਵਿੱਚ ਵਿਰੋਧੀ ਸਰਕਾਰ ਨੂੰ ਡੇਗਣ ਲਈ, ਮਮਤਾ ਬੈਨਰਜੀ ਮੁੱਖ ਮੰਤਰੀ ਨੂੰ ਹਰ ਤਰ੍ਹਾਂ ਦੇ ਦਬਾਅ ਵਿੱਚ ਲਿਆਂਦਾ ਜਾ ਰਿਹਾ ਹੈ ਤਾਂ ਕਿ ਹਰ ਹਰਬੇ ਵਰਤਕੇ ਪੱਛਮੀ ਬੰਗਾਲ ਦੀ ਚੋਣ ਜਿੱਤੀ ਜਾ ਸਕੇ।

ਬਹੁਤ ਕੁਝ ਵੇਖਿਆ ਦੇਸ਼ ਦੀ ਰਾਜਧਾਨੀ ਦਿੱਲੀ ਨੇ 2020 ਦੇ ਵਰ੍ਹੇ। 370 ਧਾਰਾ ਵਿਰੁੱਧ ਸ਼ਾਹੀਨ ਬਾਗ ਦਾ ਅੰਦੋਲਨ ਵੇਖਿਆ, ਜੋ ਹਾਕਮਾਂ ਕਰੋਨਾ ਵਾਇਰਸ ਦੀ ਭੇਂਟ ਚੜ੍ਹਾਕੇ ਨਿਗਲ ਲਿਆ। 1984 ਵਰ੍ਹੇ ਦਿੱਲੀ ਕਤਲੇਆਮ ਵਰਗੀ ਘਟਨਾ ਦਿੱਲੀ 'ਚ 2020 'ਚ ਵਪਾਰੀ ਜਿਥੇ 50 ਲੋਕ "ਕੱਟੜ ਹਿੰਦੂਤਵੀਆਂ ਦਾ ਸ਼ਿਕਾਰ ਹੋਏ, ਸੈਂਕੜੇ ਜ਼ਖ਼ਮੀ ਹੋਏ। 2020 'ਚ ਹਰਿਆਣੇ ਦੀ ਸਰਕਾਰ ਨੇ ਸੰਘਰਸ਼ੀ ਕਿਸਾਨਾਂ ਉਤੇ ਪਾਣੀ ਦੀਆਂ ਤੋਪਾਂ ਦੇ ਗੋਲੇ ਚਲਾਏ ਅਤੇ ਕਿਸਾਨਾਂ ਹਰਿਆਣਾ ਸਰਕਾਰ ਦੀ ਅੜੀ ਵੀ ਇਸੇ ਵਰ੍ਹੇ ਭੰਨੀ। ਦਿੱਲੀ ਅਤੇ ਦੇਸ਼ ਵਾਲਿਆਂ ਸੁਪਰੀਮ ਕੋਰਟ ਦੇ ਲਈ ਫ਼ੈਸਲਾ ਪੜ੍ਹੇ-ਸੁਣੇ, ਜਿਹਨਾ ਵਿਚੋਂ ਕਈਆਂ ਨੇ ਆਮ ਲੋਕਾਂ ਨੂੰ ਪ੍ਰੇਸ਼ਾਨ ਕੀਤਾ। ਬਾਵਜੂਦ ਸੁਪਰੀਮ ਕੋਰਟ ਵਲੋਂ ਦਿੱਤੇ ਆਦੇਸ਼ਾਂ ਦੇ ਹਾਕਮ ਧਿਰ ਵਲੋਂ, ਲੋਕ ਸਭਾ, ਵਿਧਾਨ ਸਭਾ ਦੇ ਉਹਨਾ ਮੈਂਬਰਾਂ ਵਿਰੁੱਧ ਕੋਈ ਬਿੱਲ ਨਹੀਂ ਲਿਆਂਦਾ, ਜਿਹਨਾ ਵਿਰੁੱਧ ਅਪਰਾਧਿਕ ਮਾਮਲੇ ਦਰਜ਼ ਹਨ। ਸੁਪਰੀਮ ਕੋਰਟ ਇਸ ਮਾਮਲੇ 'ਚ ਚਰਚਿਤ ਰਹੀ ਕਿ ਇੱਕ ਚੈਨਲ ਦੇ ਮੁੱਖੀ ਨੂੰ ਤਾਂ ਕੁਝ ਘੰਟਿਆਂ 'ਚ ਜਮਾਨਤ ਦੇ ਦਿੱਤੀ ਗਈ, ਪਰ ਦੋ ਦਰਜਨ ਤੋਂ ਵੱਧ ਬੁੱਧੀਜੀਵੀਆਂ, ਲੇਖਕਾਂ ਦੇ ਜਮਾਨਤੀ ਕੇਸਾਂ ਦਾ ਨਿਪਟਾਰਾ ਮਹੀਨਿਆਂ ਬੱਧੀ ਲਟਕਿਆ ਪਿਆ ਹੈ।

ਗੱਲ ਕੀ ਧਨ ਕੁਬੇਰਾਂ ਫਨੀਅਰ ਸੱਪ ਵਾਂਗਰ 2020 'ਚ ਹਿੰਦੋਸਤਾਨ ਉਤ ਇਥੋਂ ਦੇ ਹਾਕਮਾਂ ਨਾਲ ਧਿਰ ਬਣਕੇ ਲੋਕਾਂ ਨੂੰ ਲੁੱਟਿਆ, ਕੁੱਟਿਆ ਹੈ ਅਤੇ ਉਹਨਾ ਕੋਲੋਂ ਉਹ ਸਾਰੇ ਸਾਧਨ ਖੋਹਣ ਲਈ ਯਤਨ ਕੀਤੇ ਹਨ ਜਿਹੜੇ ਉਹਨਾ ਨੂੰ ਆਜ਼ਾਦੀ ਨਾਲ ਸੁਖਾਵੀਂ ਜ਼ਿੰਦਗੀ ਜੀਊਣ ਲਈ ਜ਼ਰੂਰੀ ਹਨ। ਇਸ ਵਰ੍ਹੇ ਹਾਕਮ ਧਿਰ ਦਾ ਅਜੰਡਾ ਸਿਰਫ਼ ਤੇ ਸਿਰਫ਼ ਸਾਮ, ਦਾਮ, ਦੰਡ ਨਾਲ ਕੁਰਸੀ ਹਾਸਲ ਕਰਨ ਅਤੇ ਸਖ਼ਤੀ ਨਾਲ ਬਹੁਮਤ ਦੀ ਆਕੜ 'ਤੇ ਰਾਜ ਕਰਨ ਦਾ ਰਿਹਾ।

# ਆਪਣੇ ਬੱਚੇ ਦੀ ਦੂਜਿਆਂ ਦੇ ਬੱਚਿਆਂ ਨਾਲ ਤੁਲਨਾ ਕਰਨੀ ਮਾਂ-ਬਾਪ ਦੀ ਸਭ ਤੋਂ ਵੱਡੀ ਭੁੱਲ



ਹਰਕੀਰਤ ਕੌਰ
91-97791-18066

ਮਾਤਾ ਪਿਤਾ ਦੀ ਸਭ ਤੋਂ ਕੀਮਤੀ ਜਗੀਰ ਉਹਨਾਂ ਦੇ ਬੱਚੇ ਹੁੰਦੇ ਹਨ। ਬੱਚੇ ਮਾਤਾ ਪਿਤਾ ਦੇ ਬੁਢਾਪੇ ਦਾ ਸਭ ਤੋਂ ਵੱਡਾ ਸਹਾਰਾ ਹੁੰਦੇ ਹਨ, ਜਿਵੇਂ ਮਾਪੇ ਬੱਚਿਆਂ ਨੂੰ ਉਹਨਾਂ ਦੇ ਬਚਪਨ ਵਿੱਚ ਬਹੁਤ ਲਾਡਾਂ ਚਾਵਾਂ ਤੇ ਮਲਾਰਾ ਨਾਲ ਪਾਲਦੇ ਹਨ, ਬਿਲਕੁਲ ਉਵੇਂ ਹੀ ਮਾਪੇ ਆਪਣੇ ਬੁਢਾਪੇ ਵਿੱਚ ਆਪਣੇ ਬੱਚਿਆਂ ਤੋਂ ਇਹੋ ਉਮੀਦ ਰੱਖਦੇ ਹਨ। ਸਾਡੇ ਬੱਚੇ ਸਾਡੇ ਆਗਿਆਕਾਰੀ ਹੋਣ, ਜ਼ਿੰਮੇਵਾਰ ਹੋਣ ਇਸ ਲਈ ਜਰੂਰੀ ਹੈ ਕਿ ਉਹਨਾਂ ਨੂੰ ਬਚਪਨ ਤੋਂ ਹੀ ਅਜਿਹੇ ਸੰਸਕਾਰ ਅਤੇ ਸਿੱਖਿਆਵਾਂ ਦਿੱਤੇ ਜਾਣ, ਜਿੰਨਾ ਨਾਲ ਉਹ ਜ਼ਿੰਮੇਵਾਰੀ ਅਤੇ ਅਨੁਸਾਸ਼ਣਮਈ ਜੀਵਨ ਜੀਅ ਸਕਣ। ਇਸਦੇ ਨਾਲ ਹੀ ਮਾਪਿਆਂ ਦੀ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੈ ਕਿ ਮਾਪੇ ਆਪਣੇ ਬੱਚਿਆਂ ਦੀ ਕਾਬਲੀਅਤ ਨੂੰ ਪਹਿਚਾਨਣ। ਹਰ ਬੱਚਾ ਆਪਣੇ ਆਪ ਵਿੱਚ ਇੱਕ ਵਿਲੱਖਣ ਗੁਣ ਲੈਕੇ ਇਸ ਧਰਤੀ ਉੱਤੇ ਪੈਦਾ ਹੋਇਆ ਹੈ। ਪਰ ਆਮ ਹੀ ਦੇਖਿਆ ਜਾਦਾਂ ਹੈ ਕਿ ਮਾਪੇ ਆਪਣੇ ਬੱਚਿਆਂ ਵਿੱਚ ਛੁਪੀ ਕਾਬਲੀਅਤ ਨੂੰ ਪਹਿਚਾਨਣ ਅਤੇ ਸਹਾਰਨ ਦੀ ਬਜਾਇ ਹੋਰਾਂ ਦੇ ਬੱਚਿਆਂ ਨਾਲ ਆਪਣੇ ਬੱਚਿਆਂ ਦੀ ਤੁਲਨਾ ਕਰਨ ਲੱਗਦੇ ਹਨ। ਜਿਸ ਨਾਲ ਬੱਚਿਆਂ ਦਾ ਆਤਮ ਵਿਸ਼ਵਾਸ ਘੱਟਦਾ ਹੈ ਅਤੇ ਬੱਚੇ ਚਿੜਚਿੜੇ ਵੀ ਹੁੰਦੇ ਹਨ । ਜੇਕਰ ਬੱਚਿਆਂ ਦੀ ਤੁਲਨਾ ਕਰਨੀ ਵੀ ਹੋਵੇ ਤਾਂ ਇੱਕ ਬਹੁਤ ਹੀ ਸੁਲਝੇ ਹੋਏ ਤਰੀਕੇ ਨਾਲ ਕਰਨੀ ਚਾਹੀਦੀ ਹੈ। ਅਜਿਹੇ ਸ਼ਬਦਾਂ ਦੀ ਵਰਤੋਂ ਹੋਣੀ ਚਾਹੀਦੀ ਹੈ ਜਿੰਨਾ ਵਿੱਚੋਂ ਮਾਪਿਆਂ ਦੇ ਸੁਪਨਿਆਂ ਅਤੇ ਉਮੀਦਾਂ ਦਾ ਪ੍ਰਗਟਾਵਾ ਹੁੰਦਾ ਹੋਵੇ ਨਾ ਕਿ ਬੱਚਿਆਂ ਨੂੰ ਹੀਣਾ ਦਿਖਾਇਆ ਜਾਵੇ। ਬੱਚਿਆਂ ਦਾ ਉਤਸਾਹ ਵਧਾਉਣ ਵਿੱਚ ਮਾਪੇ ਸਭ ਤੋਂ ਵੱਧ ਅਤੇ ਵੱਡੀ ਭੂਮਿਕਾ ਨਿਭਾਉਂਦੇ ਹਨ। ਬੱਚੇ ਸਫਲਤਾ ਵੱਲ ਵੱਧਦੇ ਰਹਿਣ ਇਸ ਲਈ ਜਰੂਰੀ ਹੈ ਕਿ ਬੱਚੇ ਵਿੱਚ ਛੁਪੇ ਹੁਨਰ ਨੂੰ ਪਹਿਚਾਣ ਕੇ ਹੁਨਰ ਨੂੰ ਹੋਰ ਨਿਖਾਰਨ ਲਈ ਬੱਚੇ ਦੀ ਮਦਦ ਕਰਨੀ ਚਾਹੀਦੀ ਹੈ। ਜਦੋਂ ਮਾਪੇ ਬੱਚੇ ਦੀ ਕਾਬਲੀਅਤ ਨੂੰ ਪਹਿਚਾਣ ਕੇ ਉਸਦੇ ਮੋਢੇ ਤੇ ਹੱਥ ਰੱਖ ਦਿੰਦੇ ਹਨ ਤਾਂ ਬੱਚੇ ਦੀ ਇੱਕ ਵੱਖਰੀ ਪਹਿਚਾਣ ਬਣਦੀ ਹੈ ਜੋ ਲਾਜਵਾਬ ਹੁੰਦੀ ਹੈ, ਜਿਸ ਨਾਲ ਨਾ ਕੇਵਲ ਬੱਚੇ ਅਤੇ ਮਾਪਿਆਂ ਦਾ ਨਾਮ ਉੱਚਾ ਹੁੰਦਾ ਹੈ ਬਲਕਿ ਜਿਸ ਸਮਾਜ ਜਾਂ ਦੇਸ਼ ਦੇ ਉਹ ਵਾਸੀ ਹੁੰਦੇ ਹਨ, ਉਸਦਾ ਵੀ ਸਿਰ ਫਖਰ ਨਾਲ ਉੱਚਾ ਕਰਦੇ ਹਨ। ਸੋ ਬੱਚਿਆਂ ਦੀ ਦੂਸਰਿਆਂ ਦੇ ਬੱਚਿਆਂ ਨਾਲ ਤੁਲਨਾ ਕਰਨ ਦੀ ਬਜਾਇ ਉਹਨਾਂ ਦੀ ਆਪਣੀ ਸ਼ਖਸੀਅਤ ਅਤੇ ਹੁਨਰ ਨੂੰ ਹੋਰ ਨਿਖਾਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।




ਰਹਿਬਰਾ ਦੇ ਮਿਸ਼ਨ ਓਰ ਕਿਸਾਨੀ ਸੰਘਰਸ਼ ਨੂੰ ਦਰਸਾਉਦਾ ਵਰਲਡ ਫੇਮਸ ਕਲਮ ਰਾਕੇਸ਼ ਮਹਿਤੋ ਜੀ ਦੀ ਕਲਮ ਤੋ ਲਿਖਿਆ ਗੀਤ ਦਿੱਲੀ ਬਹੁੱਤੀ ਵੀ ਨਾ ਦੂਰ ਏ ਦਾ ਪੋਸਟਰ ਰਿਲੀਜ ਹੋ ਚੁੱਕਾ ਹੈ

# ਕਿਸਾਨ ਅੰਦੋਲਨ ਜਿੱਤ ਦੇ ਅੰਤਲੇ ਪੜਾਅ ਤੇ, ਜਥੇਬੰਦੀਆਂ ਨੂੰ ਸਰਕਾਰ ਤੋਂ ਚੌਕਸ ਰਹਿਣ ਦੀ ਜ਼ਰੂਰਤ!!

ਸਤੰਬਰ 2020 ਤੋਂ ਜਿਹੜਾ ਕਿਸਾਨ ਅੰਦੋਲਨ ਪੰਜਾਬ ਵਿੱਚੋਂ ਸ਼ੁਰੂ ਹੋਇਆ ਸੀ ਇਹ ਸਿਰਫ ਭਾਰਤ ਵਿੱਚਲਾ ਅੰਦੋਲਨ ਨਾ ਰਹਿ ਕੇ ਅੱਜ ਸੰਸਾਰ ਪੱਧਰ ਦਾ ਬਣ ਕੇ ਸਿਖਰਾਂ ਨੂੰ ਛੂਹ ਗਿਆ ਹੈ। ਉਹ ਹੀ ਭਾਜਪਾ ਸਰਕਾਰ ਜਿਹੜੀ ਪਿਛਲੀਆਂ ਪੰਜ ਛੇ ਮੀਟਿੰਗਾਂ ਵਿੱਚ ਕਿਸਾਨਾਂ ਨਾਲ ਲੁਕੱਣਮੀਟੀ ਵਾਲੀਆਂ ਗੱਲਾਂ ਕਰਕੇ ਮੰਗਾਂ ਪ੍ਰਤੀ ਕੋਈ ਡਾਹ ਨਹੀਂ ਸੀ ਫੜਾ ਰਹੀ। ਹੁਣ ਲੱਖਾਂ ਦੀ ਗਿਣਤੀ ਵਿੱਚ ਕਿਸਾਨਾਂ ਵਲੋਂ ਦਿੱਲੀ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਹੋਣ ਕਾਰਨ ਅੱਜ ਬੇਵੱਸੀ ਹੋਈ ਨੂੰ ਕਿਸਾਨਾਂ ਦੀਆਂ ਦੋ ਮੰਗਾਂ ਬਿੱਜਲੀ ਸੋਧ ਬਿੱਲ 2020 ਅਤੇ ਪਰਾਲੀ ਸਾੜਣ ਦੇ ਇਵਜ ਵਿੱਚ ਇਕ ਕਰੋੜ ਜੁਰਮਾਨੇ ਤੇ ਪੰਜ ਸਾਲ ਦੀ ਕੈਦ ਕਰਨ ਵਾਲੇ ਬਿੱਲ ਨੂੰ ਵਾਪਿਸ ਲੈਣਾ ਮੰਨ ਗਈ ਹੈ।ਇੰਝ ਲਗ ਰਿਹਾ ਹੈ ਜਿਵੇਂ ਉਸ ਦੀ ਰੱਸੀ ਤਾਂ ਸੜ ਗਈ ਹੈ ਪਰ ਉਸ ਵਿੱਚਲੇ ਵੱਟ ਹਾਲੇ ਕਾਇਮ ਹਨ। ਕਿਉਂਕਿ ਉਸ ਨੇ ਤਿੰਨ ਕਿਸਾਨ ਵਿਰੋਧੀ ਬਿੱਲਾਂ ਨੂੰ ਵਾਪਿਸ ਲੈਣ ਅਤੇ ਐਮ. ਐਸ. ਪੀ .ਦੀਆਂ ਦੋ ਮੁੱਖ ਕਿਸਾਨੀ ਮੰਗਾਂ ਉੱਤੇ ਭਾਵੇਂ ਉਸ ਨੇ ਹਾਲੇ ਤਕ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ ਪਰ ਕਿਸਾਨਾਂ ਵਲੋਂ ਠੋਕਵੇਂ ਦਿੱਤੇ ਜੁਆਬ ਜੇ ਕਰ ਸਰਕਾਰ ਉਹਨਾਂ ਦੀਆਂ ਇਨਾਂ ਮੁੱਖ ਦੋ ਮੰਗਾਂ ਨੂੰ ਵੀ ਪ੍ਰਵਾਨ ਨਹੀਂ ਕਰਦੀ ਤਾਂ ਉਹ ਆਪਣਾ ਸੰਘਰਸ਼ ਬਕਾਇਦਾ ਤੌਰ ਤੇ ਜਾਰੀ ਰੱਖਣਗੇ।ਸਰਕਾਰ ਨੇ ਕਿਸਾਨ ਜਥੇਬੰਦੀਆਂ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਉਹ ਬਜੁਰਗਾਂ, ਬੱਚਿਆਂ ਤੇ ਔਰਤਾਂ ਨੂੰ ਕਹਿਰਾਂ ਦੀ ਸਰਦੀ ਹੋਣ ਕਰਕੇ ਵਾਪਿਸ ਘਰ ਭੇਜ ਦੇਣ ਪਰ ਕਿਸਾਨ ਜਥੇਬੰਦੀਆਂ ਨੇ ਉਨਾਂ ਨੂੰ ਵਾਪਿਸ ਭੇਜਣਾ ਤਾਂ ਦੂਰ ਦੀ ਗੱਲ ਦੱਸ ਕੇ ਸਰਕਾਰ ਨੂੰ ਇਹ ਵੀ ਠੋਕਵਾਂ ਜੁਆਬ ਦੇ ਕੇ ਸਪਸ਼ਟ ਕਰ ਦਿੱਤਾ ਹੈ ਕਿ ਬਜੁਰਗਾਂ, ਔਰਤਾਂ, ਬੱਚਿਆਂ ਤੇ ਹੋਰ ਕਿਸਾਨਾਂ ਦੀ ਦਿਨ ਪ੍ਰਤੀ ਦਿਨ ਆਮਦ ਹੋਰ ਵਧੇਰੇ ਵੱਧੇਗੀ। ਜੋ ਸਰਕਾਰ ਨੂੰ ਇਸ ਗੱਲ ਦਾ ਪ੍ਰਗਟਾਵਾ ਕਰ ਰਹੀ ਹੈ ਕਿ ਕਿਸਾਨ ਆਪਣੀਆਂ ਸਾਰੀਆਂ ਮੰਗਾਂ ਮਨਵਾਏ ਜਾਣ ਤੋਂ ਬਿਨਾਂ ਵਾਪਿਸ ਘਰਾਂ ਵਿੱਚ ਪਰਤਣ ਵਾਲੇ ਨਹੀਂ।ਕਿਸਾਨ ਆਗੂਆਂ ਅਨੁਸਾਰ ਇਸ ਤਾਜਾ ਹੋਈ ਮੀਟਿੰਗ ਦੇ ਸ਼ੁਰੂ ਵਿੱਚ ਪਹਿਲਾਂ ਸਾਡਾ ਤੇ ਸਰਕਾਰ ਵਿਚਕਾਰ ਰਵਈਆ ਪਹਿਲੇ ਅੱਧ ਦੀ ਮੀਟਿੰਗ ਦੌਰਾਨ ਕੋਈ ਸੁਖਾਵਾਂ ਨਹੀਂ ਸੀ ਉਹ ਘੁੱਟਵਾਂ ਜਿਹਾ ਹੀ ਸੀ ਪਰ ਕਿਸਾਨਾਂ ਵਲੋਂ ਲਿਆਂਦਾ ਲੰਗਰ ਜਿਹੜਾ ਮੰਤਰੀਆਂ ਵਲੋਂ ਕਿਸਾਨਾਂ ਨਾਲ ਰੱਲ ਕੇ ਇੱਕਠਿਆਂ ਖਾਣ ਤੋਂ ਬਾਅਦ ਫਿਰ ਚਲੀ ਮੀਟਿੰਗ ਵਿੱਚ ਸਰਕਾਰ ਨੇ ਜਦੋਂ ਆਪਣੀ ਸਹਿਮਤੀ ਪਰਗਟ ਕਰ ਦਿੱਤੀ ਕਿ ਉਹ ਕਿਸਾਨਾਂ ਦੀਆਂ ਦੋ ਹੇਠਲੀਆਂ ਮੰਗਾਂ ਨੂੰ ਪ੍ਰਵਾਨ ਕਰਕੇ ਇਨਾਂ ਬਿੱਲਾਂ ਨੂੰ ਸਰਕਾਰ ਵਾਪਿਸ ਲੈਂਦੀ ਹੈ।

ਸਰਕਾਰ ਨੇ ਅਗੋਂ ਗੱਲ ਬਾਤ ਤੋੜਣ ਦੀ ਬਜਾਏ ਤਿੰਨ ਕਿਸਾਨ ਵਿਰੋਧੀ ਬਿੱਲਾਂ ਅਤੇ ਐਮ. ਐਸ. ਪੀ. ਦੇ ਗੰਭੀਰ ਮੱਸਲੇ ਤੇ ਵਿਚਾਰ ਕਰਨ ਲਈ ਉਹ 4 ਜਨਵਰੀ ਨੂੰ ਮੁੜ ਮੀਟਿੰਗ ਕਰਨਗੇ। ਮੀਟਿੰਗ ਖਤਮ ਹੋਣ ਤੋਂ ਪਹਿਲਾਂ ਸਰਕਾਰ ਦੇ ਮੰਤਰੀਆਂ ਵਲੋਂ ਕਿਸਾਨਾਂ ਨੂੰ ਰੱਲ ਕੇ ਇਕੱਠਿਆਂ ਚਾਹ ਪੀਣੀ ਦੀ ਬੇਨਤੀ ਤੇ ਇਕਠਿਆਂ ਚਾਹ ਪੀਣੀ ਇਸ ਗੱਲ ਦਾ ਸੰਕੇਤ ਦੇ ਰਹੀ ਹੈ ਕਿ ਸਰਕਾਰ ਇਸ ਸਮੇਂ ਬੁਰੀ ਤਰਾਂ ਘਿਰ ਚੁੱਕੀ ਹੈ ਤੇ ਉਹ ਕਿਸਾਨਾਂ ਦੇ ਮੱਸਲੇ ਨੂੰ ਹੱਲ ਕਰਨਾ ਚਾਹੁੰਦੀ ਹੈ। ਸਰਕਾਰ ਦੀ ਸੰਸਾਰ ਵਿੱਚ ਜਿਥੇ ਸਿਖਰਾਂ ਦੀ ਹੇਠੀ ਹੋ ਰਹੀ ਹੈ, ਉਥੇ ਦੇਸ਼ ਵਿੱਚ ਵੀ ਭਾਰਤੀ ਜੰਨਤਾ ਪਾਰਟੀ ਦੀ ਹਾਲਤ ਦਿਨ ਬ ਦਿਨ ਪੱਤਲੀ ਪੈਂਦੀ ਜਾ ਰਹੀ ਹੈ। ਹਰਿਆਣਾ ਦੀ 'ਖੱਟਰ ਸਰਕਾਰ' ਜਿਸ ਨੇ ਹਾਲੇ ਕੁਝ ਸਮਾਂ ਕਿਸਾਨਾਂ ਤੇ ਦਿੱਲੀ ਜਾਂਦਿਆਂ ਜੁਲਮ ਢਾਹਿਆ ਸੀ ਉਸ ਦਾ ਮੁਆਵਜਾ ਲੋਕਾਂ ਨੇ ਇਕ ਹੱਥ ਦੇ ਤੇ ਦੂਜੇ ਹੱਥ ਲੈ ਦੇ ਮੁਤਾਬਿਕ ਦੇ ਵੀ ਦਿੱਤਾ ਹੈ। ਹਰਿਆਣੇ ਵਿੱਚ ਹਾਲ ਹੀ ਨਗਰ ਕੌਂਸਲ ਦੀਆਂ ਹੋਈਆ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੂੰ ਨਮੋਸ਼ੀ ਜਨਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਲੋਕਾਂ ਨੇ ਮੋਦੀ ਸਰਕਾਰ ਨੂੰ ਇਹ ਵੀ ਦੱਸ ਦਿੱਤਾ ਹੈ ਕਿ ਭਾਜਪਾ ਸਰਕਾਰ ਦੀਆਂ ਮਨਮਾਨੀਆਂ ਨੂੰ ਹੁਣ ਦੇਸ਼ ਦੇ ਲੋਕ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ। ਜਿਸ ਤਰਾਂ ਦੇ ਆਸਾਰ ਬਣੇ ਹੋਏ ਹਨ ਕਿਸਾਨੀ ਮੱਸਲੇ ਤੇ ਦਾਹਵੇ ਨਾਲ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਕਹਿਰਾਂ ਦੀ ਸਰਦੀ ਵਿੱਚ ਕਿਸਾਨਾਂ ਨੂੰ ਵੱਡੀ ਕੀਮਤ ਚੁਕਾਣੀ ਪੈ ਰਹੀ ਹੈ ਹੁਣ ਤਕ 50 ਤੋਂ ਵਧੇਰੇ ਬਜੁਰਗ ਕਿਸਾਨਾਂ ਸਮੇਤ ਕਈ ਨੌਜੁਆਨ ਇਸ ਅੰਦੋਲਨ ਦੀ ਭੇਟ ਚੜ੍ਹ ਚੁੱਕੇ ਹਨ। ਇਕ ਪਾਸੇ ਜਦੋਂ ਕਿਸਾਨਾਂ ਨਾਲ ਮੱਸਲਾ ਹੱਲ ਕਰਨ ਲਈ ਮੀਟਿੰਗਾਂ ਕਰ ਰਹੀ ਹੈ ਦੂਸਰੀ ਤਰਫ ਉਸ ਦੇ ਹੋਰ ਆਗੂ ਲਗਾਤਾਰ ਬਿਆਨ ਦੇਂਦੇ ਆ ਰਹੇ ਹਨ ਕਿ ਇਹ ਬਿੱਲ ਤਾਂ ਬੜੇ ਕਿਸਾਨ ਹਿਤੈਸ਼ੀ ਹਨ। ਸੰਸਾਰ ਦੇ ਲੋਕ ਤਾਂ ਭਾਜਪਾ ਵਲੋਂ ਲਗਾਤਾਰ ਦਿੱਤੇ ਜਾ ਰਹੇ ਇਹੋ ਜਿਹੇ ਬਿਆਨਾਂ ਦੀ ਖਿੱਲੀ ਉੱਡਾਉਂਦੇ ਆ ਰਹੇ ਹਨ ਜਦੋਂ ਕਿ ਸਾਰੇ ਸੰਸਾਰ ਦੇ ਪੜ੍ਹੇ ਲਿਖੇ ਲੋਕ, ਉੱਚ ਅਦਾਲਤਾਂ ਦੇ ਵਕੀਲ, ਅਰਥ ਸ਼ਾਸ਼ਤਰੀ, ਡਾਕਟਰ,ਦੁਨੀਆ ਦੇ ਸਾਰੇ ਵਰਗਾਂ ਦੇ ਲੋਕ ਕਹਿੰਦੇ ਆ ਰਹੇ ਹਨ ਕਿ ਇਹ ਬਿੱਲ ਸਿਖਰਾਂ ਦੇ ਕਿਸਾਨ ਵਿਰੋਧੀ ਹੈ, ਉਨਾਂ ਦੀਆਂ ਜਮੀਨਾਂ ਨੂੰ ਅੰਬਾਨੀਆਂ ਅੰਡਾਨੀਆਂ ਨੂੰ ਦਿਵਾਉਣ ਵਾਲੇ ਹਨ, ਪਰ ਸਮਝ ਨਹੀਂ ਆ ਰਹੀ ਕਿ ਭਾਜਪਾ ਦੀ ਸਰਕਾਰ ਦੇ ਮੁੱਖ ਆਗੂ ਸ੍ਰੀ ਨਰਿੰਦਰ ਮੋਦੀ ਸਮੇਤ ਪਤਾ ਨਹੀਂ ਕਿਥੋਂ ਪੜਾਈ ਕਰਕੇ ਆਏ ਹੋਏ ਹਨ ਜਿਵੇਂ ਸਾਰੀ ਅਕੱਲ ਤੇ ਸਿਆਣਪ ਇਨਾਂ ਕੋਲ ਹੀ ਰਹਿ ਗਈ ਹੈ ਬਾਕੀ ਸਾਰੇ ਮੂਰਖ ਹੀ ਹੋਣ। ਕਈ ਵਾਰੀ ਤਾਂ ਲੋਕ ਹੈਰਾਨ ਹੁੰਦੇ ਹਨ ਕਿ ਅੰਦੋਲਨ ਕਰ ਰਹੇ, ਕੀ ਬਜੁਰਗ ਮਰਦ ਤੇ ਕੀ ਔਰਤਾਂ ਇਥੋਂ ਤਕ ਛੋਟੇ ਮਾਸੂਮ ਬੱਚੇ ਤਕ ਜਦੋਂ ਗੱਲਾਂ ਕਰਦੇ ਹਨ ਤਾਂ ਉਨਾਂ ਵਿੱਚ ਰਤਾ ਭਰ ਵੀ ਫਿਕਰ ਨਹੀਂ ਬਲਕਿ ਸਿਖਰਾਂ ਦਾ ਸਿਰੜ੍ਹ ਨਜਰ ਆਉਂਦਾ ਹੈ। ਉਨਾਂ ਨੂੰ ਨਾ ਤਾਂ ਕਹਿਰਾਂ ਦੀ ਸਰਦੀ ਦੀ ਕੋਈ ਪ੍ਰਵਾਹ ਹੈ ਤੇ ਨਾ ਹੀ ਕਿਸੇ ਕਿਸਮ ਦੀ ਔਖ ਦੀ, ਜਦੋਂ ਉਹ ਇਹ ਕਹਿੰਦੇ ਹਨ ਕਿ ਉਜੋ ਕੁਝ ਮਰਜੀ ਹੋ ਜਾਵੇ ਜਿਨਾ ਚਿਰ ਮੋਦੀ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਨਹੀਂ ਕਰ ਲੈਂਦੀ, ਜਮਾ ਨੀਂ ਹਿਲਦੇ ਇਸ ਬਾਰਡਰ ਤੋਂ ਆਪਣੀਆਂ ਮੰਗਾਂ ਮੰਨਵਾ ਕੇ ਜਾਵਾਂਗੇ''। ਭਾਜਪਾ ਸਰਕਾਰ ਐਵੈਂ ਨਹੀਂ ਗੱਲ ਬਾਤ ਲਈ ਮੇਜ ਤੇ ਆਈ ਉਸ ਨੇ ਸਾਰੇ ਹਰਬੇ ਖਰਬੇ ਵਰਤ ਕੇ ਦੇਖ ਲਏ ਹਨ। ਉਸ ਨੇ ਕਿਸਾਨ ਅੰਦੋਲਨ ਨੂੰ ਕਦੇ ਵਿਰੋਧੀਆਂ ਪਾਰਟੀਆਂ ਵਲੋਂ ਚੁੱਕਿਆ ਹੋਇਆ, ਕਦੇ ਪਾਕਿਸਤਾਨੀ, ਚੀਨੀ, ਖਾਲਿਸਤਾਨੀ, ਅਤਿਵਾਦੀ ਪਤਾ ਨਹੀਂ ਕਿਹੜੇ ਨੇ ਉਸ ਨੇ ਨਹੀਂ ਦਿੱਤੇ। ਇਸ ਸਰਕਾਰ ਨੇ ਤਾਂ ਇਸ ਨਾਜੁਕ ਮੌਕੇ ਤੇ ਵੀ ਹਰਿਆਣਾ ਦੇ ਲੋਕਾਂ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਦਾ ਘਚੋਲਾ ਖੜਾ ਕਰਕੇ ਪੰਜਾਬੀਆਂ ਨਾਲ ਲੜਾਉਣ ਦੀ ਚਾਲ ਚਲੀ ਸੀ। ਉਹ ਵੀ ਹਰਿਆਣੇ ਦੇ ਨਾਲ ਹੋਰ ਪ੍ਰਾਂਤਾਂ ਦੇ ਹਿੰਦੂਆਂ ਨੇ ਇਹ ਕਹਿ ਕੇ ਸਰਕਾਰ ਦੀ ਚਾਲ ਫੇਲ ਕਰਕੇ ਰੱਖ ਦਿੱਤੀ । ਉਨਾ ਦਾ ਸਪਸ਼ਟ ਕਹਿਣਾ ਸੀ ਕਿ ਉਜੇ ਮੰਗਾਂ ਮੰਨਣ ਵਾਲੇ ਖਾਲਿਸਤਾਨੀ ,ਪਾਕਿਸਾਤਾਨੀ, ਅਤਿਵਾਦੀ ਹਨ ਤਾਂ ਫਿਰ ਅਸੀ ਭਾਵੇਂ ਹਿੰਦੂ ਹਾਂ, ਮੁਸਲਮਾਨ ਹਾਂ ਜਾਂ ਫਿਰ ਸਿੱਖ ਹਾਂ ਅਸੀਂ ਸਭ ਕੁਝ ਉਹੋ ਕੁਝ ਹਾਂ'' ਜੋ ਕੁਝ ਫਿਰ ਭਾਜਪਾਈਓ ਤੁਸੀ ਸਾਨੂੰ ਕਹਿੰਦੇ ਆ ਰਹੇ ਹੋ, ਕਹੀ ਜਾਉ, ਸਾਨੂੰ ਤੁਹਾਡੀ ਕਿਸੇ ਵੀ ਗੱਲ ਦੀ ਰਤਾ ਪ੍ਰਵਾਹ ਨਹੀਂ। ਅੱਜ ਦੇਸ਼ ਦੇ ਹਰ ਸੱਚੇ ਸਪੁੱਤਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਦੇ ਸ਼ੁਕਰ ਗੁਜਾਰ ਹੋਣਾ ਚਾਹੀਦਾ ਹੈ ਜਿਸ ਨੇ ਕਿਸਾਨਾਂ ਨਾਲ ਲੜਾਈ ਛੇੜ੍ਹ ਕੇ ਦੇਸ਼ ਦੇ ਸਾਰੇ ਧਰਮਾਂ ਦੇ ਲੋਕਾਂ ਵਿੱਚਲੇ ਪਏ ਸਾਰੇ ਭਰਮ-ਭੁਲੇਖੇ ਦੂਰ ਕਰ ਦਿੱਤੇ ਹਨ। ਸਰਕਾਰ ਆਪਣੀ ਮਨ ਮਰਜੀ ਕਰਨ ਲਈ ਲੋਕਾਂ ਨੂੰ ਲੜ੍ਹਾ ਕੇ ਜਿਹੜਾ ਆਪਣਾ ਬੁਤਾ ਸਾਰਦੀ ਆ ਰਹੀ ਸੀ। ਇਹ ਹੁਣ ਨਹੀਂ ਚੱਲ ਸਕਦਾ, ਕਿਉਂਕਿ ਲੋਕ ਸਰਕਾਰ ਦੀ ਕੋਹਝੀ ਚਾਲ ਨੂੰ ਸਮਝ ਗਏ ਹਨ। ਦੇਸ਼ ਵਾਸੀਆਂ ਵਿੱਚ ਆਪਸੀ ਮੇਲ ਮਿਲਾਪ ਦੀਆਂ ਏਡੀਆਂ ਪੀਡੀਆਂ ਗੰਢਾਂ ਪੈ ਗਈਆਂ ਹਨ, ਜਿਸ ਨੂੰ ਭਵਿੱਖ ਵਿੱਚ ਤੋੜਨਾ ਸਰਕਾਰ ਲਈ ਇਤਨਾ ਸੌਖਾ ਨਹੀਂ ਹੋਵੇਗਾ। ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂ ਬੜੇ ਸੁੱਲਝੇ ਹੋਏ ਹਨ ਜਿਨਾਂ ਨੂੰ ਦਾਦ ਦੇਣੀ ਵੀ ਬਣਦੀ ਹੈ। ਜਿਨਾਂ ਨੇ ਹੁਣ ਤਕ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇਕ ਹਾਰ ਵਿੱਚ ਪਰੋਇਆ ਹੋਇਆ ਹੈ ਤੇ ਆਪਣੇ ਅੰਦੋਲਨ ਨੂੰ ਸ਼ਾਤਮਈ ਤਰੀਕੇ ਨਾਲ ਚਲਾਉਂਦੇ ਆ ਰਹੇ ਹਨ। ਉਨਾਂ ਵਲੋਂ ਜਿਹੜੇ ਫੈਸਲੇ ਲਏ ਜਾਂਦੇ ਹਨ ਬੜੇ ਸੁੱਚਜੇ ਤੇ ਸੁੱਲਝੇ ਹੁੰਦੇ ਹਨ। ਕਿਸਾਨਾਂ ਨੇ ਜੇ ਸਰਕਾਰ ਇਕ ਕਦਮ ਅੱਗੇ ਆਈ ਹੈ ਤਾਂ ਉਨਾਂ ਨੇ ਵੀ ਦਿਆਨਤਦਾਰੀ ਦਾ ਸਬੂਤ ਦੇਂਦਿਆ 31 ਦਸੰਬਰ ਨੂੰ ਕੀਤਾ ਜਾਣਾ ਟਰੈਕਟਰ ਮਾਰਚ ਮੁਲੱਤਵੀ ਕਰ ਦਿੱਤਾ ਸੀ। ਪਰ ਕਿਸਾਨਾਂ ਵਲੋਂ ਕੀਤਾ ਐਲਾਨ ਕਿ ਜੇ ਸਰਕਾਰ ਨੇ ਉਨਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਨਾ ਕੀਤੀਆ ਤਾਂ ਉਹ ਇਕ ਲੱਖ ਟਰੈਕਟਰਾਂ ਨਾਲ ਆਪਣੇ ਹਰੇਕ ਟਰੈਕਟਰ ਤੇ ਕੌਮੀ ਝੰਡਾ ਲਗਾ ਕੇ 26 ਜਨਵਰੀ ਨੂੰ ਦਿੱਲੀ ਵਿਖੇ ਹੋਣ ਵਾਲੇ ਗਣਤੰਤਰ ਦਿਵਸ ਦੇ ਸਮਾਗਮ ਵਿੱਚ ਸ਼ਾਮਲ ਹੋਣਗੇ।ਜਥੇਬੰਦੀਆਂ ਨੇ ਇਸ ਪ੍ਰੋਗਰਾਮ ਤੋਂ ਪਹਿਲਾ ਕੀਤੇ ਜਾਣ ਵਾਲੇ ਪ੍ਰੋਗਰਾਮ ਬਾਰੇ ਜਾਣਕਾਰੀ ਦੇਂਦਿਆ ਦਸਿਆ ਕਿ ਜੇ ਕਰ ਉਨਾਂ ਦੀ 4 ਜਨਵਰੀ ਨੂੰ ਹੋਣ ਵਾਲੀ ਮੀਟਿੰਗ ਸਫਲ ਨਹੀਂ ਹੁੰਦੀ ਤਾਂ ਉਹ 6 ਜਨਵਰੀ ਨੂੰ ਕੇ. ਐਮ. ਪੀ ਤੋਂ ਸ਼ਾਹਜਹਾਂ ਬਾਰਡਰ ਤਕ ਟਰੈਕਟਰ ਮਾਰਚ ਕੱਢਣਗੇ, 6 ਜਨਵਰੀ ਤੋਂ 20 ਜਨਵਰੀ ਤਕ ਸਾਰੇ ਦੇਸ਼ ਵਿੱਚ ਜਾਗ੍ਰਿਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਜਿਸ ਦੌਰਾਨ ਧਰਨੇ, ਪ੍ਰਦਰਸ਼ਨ, ਪ੍ਰੈਸ ਕਾਨਫਰੰਸਾਂ ਕੀਤੀਆ ਜਾਣਗੀਆ ਜਿਸ ਵਿੱਚ ਸਰਕਾਰ ਦੇ ਹੱਠੀ ਰਵਈਏ ਦੀ ਦੇਸ਼ ਦੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ, 18 ਜਨਵਰੀ ਨੂੰ ਮਹਿਲਾ ਦਿਵਸ ਮਨਾਇਆ ਜਾਵੇਗਾ ਜਿਸ ਵਿੱਚ ਦੇਸ਼ ਦੀਆ ਮਹਿਲਾਵਾਂ ਨੂੰ ਕਿਸਾਨੀ ਅੰਦੋਲਨ ਪ੍ਰਤੀ ਜਾਗਰੂਕ ਕੀਤਾ ਜਾਵੇਗਾ, 23 ਜਨਵਰੀ ਨੂੰ ਸ੍ਰੀ ਸੁਭਾਸ਼ ਚੰਦਰ ਬੋਸ ਦਿਵਸ ਮਨਾਇਆ ਜਾਵੇਗਾ, ਅੰਬਾਨੀਆ ਤੇ ਅਡਾਨੀਆਂ ਦੀਆ ਵਸਤਾਂ ਦਾ ਲਗਾਤਾਰ ਵਿਰੋਧ ਕੀਤਾ ਜਾਦਾ ਰਹੇਗਾ ।ਕਿਸਾਨਾਂ ਨੇ ਇਹ ਸਾਰੇ ਪ੍ਰੋਗਰਾਮ ਦੇ ਕੇ ਸਰਕਾਰ ਦੇ ਸਿਰ ਤੇ ਮਜਬੂਤ ਡੰਡਾ ਵੀ ਖੜਾ ਕਰ ਦਿੱਤਾ ਹੈ ।ਭਾਜਪਾ ਦੇ ਉਹੀ ਆਗੂ ਜਿਹੜੇ ਇਹ ਕਹਿੰਦੇ ਨਹੀਂ ਸੀ ਥੱਕਦੇ ਕਿ ਕਿਸਾਨਾਂ ਦੇ ਬਿੱਲ ਬੜੇ ਚੰਗੇ ਹਨ। ਅੱਜ ਉਸੇ ਭਾਜਪਾ ਦੇ ਇਕ ਕਰਨਾਟਕਾ ਦੇ ਅਸੈਬੰਲੀ ਮੈਂਬਰ ਨੂੰ ਇਸ ਬਿੱਲ ਦਾ ਵਿਰੋਧ ਨਾ ਕਰਨ ਲਈ ਮਜਬੂਰ ਹੋਣਾ ਪਿਆ ਤੇ ਕਹਿਣਾ ਪਿਆ ਜੇ ਇਸ ਬਿੱਲ ਬਾਰੇ ਸਾਰੀ ਵਿਧਾਨ ਸਭਾ ਦਾ ਇਕ ਮੱਤ ਹੈ ਤਾਂ ਫਿਰ ਉਹ ਵੀ ਇਸ ਬਿੱਲ ਦਾ ਵਿਰੋਧ ਕਿਉਂ ਕਰਨ? ਲਗਦਾ ਹੈ ਭਾਜਪਾ ਵਾਲਿਆਂ ਨੂੰ ਵੀ ਕਿਸਾਨ ਬਿੱਲਾਂ ਬਾਰੇ ਸਮਝ ਆਉਣੀ ਸ਼ੁਰੂ ਹੋ ਗਈ ਹੈ । ਪੰਜਾਬ ਦਾ ਪ੍ਰਾਂਤ ਪੱਧਰ ਦਾ ਆਗੂ ਹਰਜੀਤ ਸਿੰਘ ਗਰੇਵਾਲ ਜਿਹੜਾ ਨਿੱਤ ਦਿਨ ਭੜਕਾਊ ਕਿਸਮ ਦੇ ਬਿਆਨ ਦੇ ਕੇ ਪੰਜਾਬ ਦੇ ਵਾਤਾਵਰਣ ਨੂੰ ਖਰਾਬ ਕਰਨਾ ਚਾਹੁੰਦਾ ਹੈ ਉਸ ਦਾ ਭਾਜਪਾ ਵਿੱਚ ਵੱਡੇ ਪੱਧਰ ਤੇ ਵਿਰੋਧ ਹੋਣ ਲਗ ਪਿਆ ਹੈ। ਭਾਜਪਾ ਦੇ ਕਈ ਆਗੂ ਇਸ ਪਾਰਟੀ ਤੋਂ ਕਿਨਾਰਾਕਸ਼ੀ ਕਰਨ ਲਈ ਮਜਬੂਰ ਹੋਣੇ ਸ਼ੁਰੂ ਹੋ ਗਏ ਹਨ ਭਾਵੇਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਹੜੇ ਹੁਣ ਤਕ ਉਮਨ ਕੀ ਬਾਤ ਹੀ ਕਰਦੇ ਆ ਰਹੇ ਹਨ ਇਸ ਤੋਂ ਅਗੇ ਉਹ ਕਰ ਵੀ ਕੁਝ ਨਹੀਂ ਸਕਦੇ, ਉਹ ਸੱਚ ਮੁੱਚ ਹੀ ਚਾਹ ਵੇਚਣ ਵਾਲੇ ਹੀ ਸਾਬਤ ਹੋ ਰਹੇ ਹਨ।ਉਨਾ ਨੂੰ ਦੂਰ ਦੁਰਾਡੇ ਬੈਠੇ ਕਿਸਾਨਾਂ ਨਾਲ ਗੱਲ ਕਰਨੀ ਆਉਂਦੀ ਹੈ ਪਰ ਦਿੱਲੀ ਦੀ ਬੁੱਕਲ ਵਿੱਚ ਬੈਠੇ ਲੱਖਾਂ ਕਿਸਾਨ ਨਜਰ ਨਹੀਂ ਆ ਰਹੇ।ਉਹ ਆ ਵੀ ਨਹੀਂ ਸਕਦੇ ਕਿਉਂਕਿ ਇਨਾਂ ਕਿਸਾਨਾਂ ਨਾਲ ਉਹ ਆਪਣੀਆਂ ਊਲ ਜਲੂਲ ਵਾਲੀਆਂ ਗੱਲਾਂ ਨਹੀਂ ਕਰ ਸਕਦੇ। ਇਥੇ ਉਨਾਂ ਨੂੰ ਕਿਸਾਨਾਂ ਕੋਲੋਂ ਸੱਚੀਆਂ ਤੇ ਖਰੀਆਂ ਖਰੀਆਂ ਗੱਲਾਂ ਸੁਣਨੀਆਂ ਪੈਣੀਆ ਹਨ। ਜਿਨਾਂ ਦਾ ਉਨਾਂ ਕੋਲ ਕੋਈ ਜੁਆਬ ਨਹੀਂ ਜੁੜਨਾ ਤੇ ਸੰਸਾਰ ਵਿਚ ਮੋਦੀ ਸਾਹਿਬ ਦਾ ਹੂ ਬ ਹੂ ਸੱਚ ਪ੍ਰੱਤਖ ਹੋ ਜਾਣਾ। ਇਸ ਕਰਕੇ ਉਸ ਵਿੱਚ ਇਹ ਜੁਅੱਰਤ ਜੁੜ੍ਹ ਹੀ ਨਹੀਂ ਸਕਦੀ ਉਂਝ ਵੀ ਉਹ ਸਿਖਰਾਂ ਦਾ ਝੂਠ ਬੋਲਣ ਦੇ ਆਦੀ ਹਨ। ਉਹ ਆਪਣੇ ਝੂਠ ਦਾ ਭਾਂਡਾ ਚੁਰਾਹੇ ਭੰਨ ਕੇ ਫਿਰ ਵਿਸਵ ਭਰ ਵਿੱਚ ਰਹਿੰਦਾ ਖੂਹੰਦਾ ਮੂੰਹ ਕੀ ਵਿਖਾਵੇਗਾ। ਇਹ ਡਰ ਵੀ ਉਸ ਨੂੰ ਸਤਾ ਰਿਹਾ ਹੈ। ਇਸੇ ਕਰਕੇ ਉਸ ਨੂੰ ਗੱਪ ਸ਼ੱਪ ਮਾਰਨ ਲਈ ਉਹ ਕਿਸਾਨ ਹੀ ਚਾਹੀਦੇ ਹਨ ਜਿਹੜੇ ਭਾਜਪਾ ਨੇ ਆਪਣੀ ਬੁੱਕਲ ਵਿੱਚ ਛੁਪਾ ਕੇ ਰੱਖੇ ਹੋਏ ਹਨ। ਜਿਨਾਂ ਨਾਲ ਮਨ ਦੀਆਂ ਗੱਲਾਂ ਕਰ ਸਕਦੇ ਹਨ। ਸ੍ਰੀ ਨਰਿੰਦਰ ਮੋਦੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ 7 ਸਾਲ ਹੋਣ ਵਾਲੇ ਹਨ। ਸ਼ਾਇਦ ਇਹ ਸੰਸਾਰ ਦੇ ਪਹਿਲੇ ਪ੍ਰਧਾਨ ਮੰਤਰੀ ਹੋਣਗੇ ਜਿਹੜੇ ਹੁਣ ਤਕ ਇਕ ਵਾਰੀ ਵੀ ਇਕਲੇ ਤੌਰ ਤੇ ਪੱਤਰਕਾਰਾਂ ਨਾਲ ਪ੍ਰੈੱਸ ਕਾਨਫੰਰਸ ਨਹੀਂ ਕਰ ਸਕੇ । ਇਹ ਤਾਂ ਇਕਲੇ ਬੈਠ ਕੇ ਸਿਰਫ ਮਨ ਕੀ ਬਾਤਾਂ ਕਰਨ ਵਾਲੇ ਪ੍ਰਧਾਨ ਮੰਤਰੀ ਹਨ। ਸੰਸਾਰ ਦੇ ਲੋਕ ਸ਼ਾਇਦ ਇਹ ਵੀ ਟਿੱਚਕਰਾਂ ਕਰਦੇ ਹੋਣਗੇ ਕਿ ਭਾਰਤ ਦੀ ਜਨਤਾ ਪਾਰਟੀ ਕੋਲ ਇਸ ਸਿਆਣ ਆਗੂ ਤੋਂ ਹੋਰ ਸਿਆਣਾ ਆਗੂ ਕੋਈ ਨਹੀਂ ਜੁੜਿਆ? ਜਿਸ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾ ਸਕਦੇ ਹੋਣ!! ਇਹ ਉਹ ਹੀ ਮੋਦੀ ਸਾਹਿਬ ਸਨ ਜਦੋਂ ਆਪ ਪ੍ਰਧਾਨ ਮੰਤਰੀ ਨਹੀਂ ਸੀ ਬਣੇ ਤਾਂ ਬੜੀਆਂ ਬਾਹਾਂ ਉਲਾਰ ਉਲਾਰ ਕੇ ਕਹਿੰਦੇ ਸਨ ਕਿ ਦੇਸ਼ ਦਾ ਪਿਛਲਾ ਪ੍ਰਧਾਨ ਮੰਤਰੀ ਉਨਾਂ ਦਾ ਇਸ਼ਾਰਾ ਸ੍ਰ ਮਨਮੋਹਨ ਸਿੰਘ ਵੱਲ ਹੁੰਦਾ ਸੀ ਕਿ ਉਹ ਦੇਸ਼ ਦਾ ਗੁੰਗਾ ਪ੍ਰਧਾਨ ਮੰਤਰੀ ਹੈ। ਹੁਣ ਕੋਈ ਇਸੇ ਮੋਦੀ ਸਾਹਿਬ ਨੂੰ ਪੁੱਛੇ ਕਿ ਤੁਸੀ ਦਸੋ ਹੁਣ ਤਕ ਕਿਹੜੀਆਂ ਤੇਗਾਂ ਮਾਰ ਲਈਆਂ ਹਨ, ਤੁਸੀ ਤਾਂ ਪ੍ਰੈਸ ਅੱਗੇ ਹੁਣ ਤਕ ਮੂੰਹ ਵਿੱਚ ਘੁੰਗਣੀਆਂ ਪਾ ਕੇ ਬੈਠੇ ਰਹਿੰਦੇ ਆ ਰਹੇ ਹੋ। ਜਿਸ ਪ੍ਰਧਾਨ ਮੰਤਰੀ ਨੂੰ ਤੁਸੀ ਤਰਾਂ ਤਰਾਂ ਦੀਆਂ ਸੁਣਾਵਤਾਂ ਸੁਣਾਉਣ ਦਾ ਕੋਈ ਮੌਕਾ ਨਹੀਂ ਸੀ ਖੁਝਾਉਂਦੇ ਤੇ ਲੋੜ੍ਹ ਪੈਣ ਤੇ ਸਲਾਹਾਂ ਲੈਣ ਵੀ ਝਟ ਚੁੱਪ ਚੁੱਪੀਤੇ ਉਨਾਂ ਦੇ ਘਰ ਚਲੇ ਜਾਂਦੇ ਸੀ, ਉਹ ਹੀ ਗੁੰਗਾ ਕਿਹਾ ਜਾਂਦਾ ਸਾ ਪ੍ਰਧਾਨ ਮੰਤਰੀ ਸ੍ਰ ਮਨਮੋਹਨ ਸਿੰਘ ਸੰਸਾਰ ਦਾ ਨਾਮਵਰ ਅਰਥ ਸ਼ਾਸ਼ਤਰੀ ਕਰਕੇ ਜਾਣਿਆ ਜਾਂਦਾ ਹੈ। ਇਸ ਲਈ ਮੋਦੀ ਸਾਹਿਬ ਤੁਸੀ ਦਸੋ ਕਿ ਤੁਹਾਡੇ ਕੋਲ ਤਾਂ ਦੇਸ਼ ਦੇ ਲੋਕਾਂ ਨੂੰ ਲੜਾਉਣ ਤੋਂ ਬਿਨਾ ਕੋਈ ਹੋਰ ਡਿਗਰੀ ਹੈ ਹੀ ਨਹੀਂ! ਇਮਤਿਹਾਨੀ ਪਾਸ ਕਰਨ ਵਾਲੀਆਂ ਡਿਗਰੀਆਂ ਬਾਰੇ ਤਾਂ ਅਕਸਰ ਲੋਕਾਂ ਵਿੱਚ ਚਰਚਾ ਹੁੰਦੀ ਰਹਿੰਦੀ ਹੈ ਕਿ ਉਹ ਸਾਰੀਆਂ ਹੀ ਤੁਹਾਡੀਆਂ ਦੋ ਨੰਬਰ ਵਾਲੀਆਂ ਜਾਲੀ ਦਸੀਆਂ ਜਾਂਦੀਆਂ ਹਨ? ਸੰਸਾਰ ਦੇ ਅਮਨ ਪਸੰਦ ਲੋਕ ਤੇ ਕਿਸਾਨਾਂ ਦੇ ਪ੍ਰਸੰਸਕ ਉਨਾਂ ਵੱਲ ਵੇਖ ਰਹੇ ਹਨ ਕਿ ਉਹ ਕਿਤਨੇ ਕੁ ਚੁਕੰਨੇ ਹਨ। ਕੀ ਉਹ ਸ੍ਰੀ ਨਰਿੰਦਰ ਮੋਦੀ ਤੇ ਉਸ ਦੀ ਸਰਕਾਰ ਦੀ ਚਲਾਕ ਨੀਤੀ ਨੂੰ ਸਮਝ ਕੇ ਇਸ ਮਸੱਲੇ ਵਿੱਚ ਜਿੱਤ ਪ੍ਰਾਪਤ ਕਰ ਲੈਂਦੇ ਹਨ ਜਾਂ ਕਿ ਸਰਕਾਰ ਦੀ ਚਾਲ ਵਿੱਚ ਫੱਸ ਜਾਂਦੇ ਹਨ।ਉਨਾਂ ਦਾ ਇਹ ਵੀ ਸੋਚਣਾ ਹੈ ਕਿ ਸਰਕਾਰ ਨੇ ਬੜੀ ਚਾਲ ਨਾਲ ਕਿਸਾਨਾਂ ਦੇ ਅਸਲ ਦੋ ਮੁੱਦਿਆਂ ਨੂੰ ਛੱਡ ਕੇ ਸਭ ਤੋਂ ਹੇਠਲੀਆਂ ਮੰਗਾਂ ਨੂੰ ਮੰਨਣ ਪ੍ਰਤੀ ਜੋ ਹਾਂ ਪੱਖੀ ਹੁੰਗਾਰਾ ਭਰਿਆ ਹੈ। ਉਹ ਇਸ ਤਾਕ ਵਿੱਚ ਹਨ ਕਿ ਕਿਸਾਨਾਂ ਦਾ ਇਹ ਸੰਘਰਸ਼ ਜਿਹੜਾ ਕਾਫੀ ਲਮਕਾਇਆ ਜਾ ਰਿਹਾ ਹੈ, ਤਾਂ ਕਿ ਕਿਸਾਨਾਂ ਵਿੱਚ ਭੰਬਲਭੂਸਾ ਪਾਇਆ ਜਾਵੇ ਕਿ ਸਰਕਾਰ ਨੇ ਦੋ ਮੰਗਾਂ ਤਾਂ ਉਨਾਂ ਦੀਆਂ ਮੰਨ ਲਈਆਂ ਇਸ ਤੇ ਕਿਸਾਨ ਆਪਿਸ ਵਿੱਚ ਦੋਫਾੜ੍ਹ ਹੋ ਜਾਣਗੇ ਤੇ ਸਰਕਾਰ ਆਪਣੀ ਚਾਲ ਵਿੱਚ ਸਫਲ ਹੋ ਕੇ ਬਾਜੀ ਜਿੱਤ ਲਵੇਗੀ। ਪਰ ਕਿਸਾਨ ਜਥੇਬੰਦੀਆਂ ਵਲੋਂ ਇਸ ਸਮੇਂ ਬੜੀ ਸਿਆਣਪ ਨਾਲ ਜਿਸ ਤਰਾਂ ਸੰਘਰਸ਼ ਹੁਣ ਤਕ ਲੜ੍ਹਿਆ ਜਾ ਰਿਹਾ ਹੈ ਇਸ ਅੰਦੋਲਨ ਨੂੰ ਸਾਰੇ ਯੂਰਪੀ ਦੇਸ਼ਾਂ ਤੋਂ ਬਿਨਾ ਅਮਰੀਕਾ, ਇੰਗਲੈਂਡ, ਕਨੇਡਾ ਆਦਿ ਵਿੱਚ ਜਿਥੇ ਬੜਾ ਵੱਡਾ ਸਹਿਯੋਗ ਦਿੱਤਾ ਜਾ ਰਿਹਾ ਹੈ । ਕਿਸਾਨ ਆਗੂ ਸ੍ਰ ਬਲਬੀਰ ਸਿੰਘ ਰਾਜੇਵਾਲ ਆਦਿ ਵਰਗਿਆਂ ਦਾ ਮੰਨਣਾ ਹੈ ਕਿ ਇੰਝ ਲਗ ਰਿਹਾ ਹੈ ਜਿਵੇਂ ਇਸ ਅੰਦੋਲਨ ਉਤੇ ਅਕਾਲ ਪੁਰਖ ਦੀ ਪੂਰੀ ਮਿਹਰ ਹੋਵੇ ਉਨਾਂ ਨੇ ਕਿਹਾ ਕਿ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਕਿਸਾਨਾਂ ਦੇ ਹੋ ਰਹੇ ਮੁਜਾਹਰਿਆਂ ਤੇ ਭਾਜਪਾ ਸਰਕਾਰਾਂ ਵਲੋਂ ਅੰਨਾ ਤਸ਼ੱਦਦ ਕੀਤਾ ਜਾ ਰਿਹਾ ਹੈ ਪਰ ਕਿਸਾਨ ਵਧਾਈ ਦੇ ਪਾਤਰ ਹਨ ਕਿ ਉਹ ਸ਼ਾਂਤਮਈ ਢੰਗ ਨਾਲ ਸਰਕਾਰ ਦੇ ਜਬਰ ਜੁਲਮ ਨੂੰ ਸਹਿੰਦੇ ਆ ਰਹੇ ਹਨ। ਉਨਾਂ ਨੇ ਇਹ ਵੀ ਕਿਹਾ ਕਿ ਉਹ ਹੈਰਾਨ ਹਨ ਕਿ ਕਿਸਾਨਾਂ ਦਾ ਸੰਘਰਸ਼ ਦੁਨੀਆ ਦੀਆਂ ਬਰੂਹਾਂ ਵਿੱਚ ਇਥੋਂ ਤਕ ਜਾ ਅਪੜ੍ਹੇਗਾ ਕਿ ਅਫਰੀਕਾ ਵਿੱਚ ਵੀ ਜਿਥੇ ਕਿਸਾਨਾਂ ਕੋਲ ਬਹੁਤ ਹੀ ਸੀਮਤ ਜਿਹੀਆਂ ਜਮੀਨਾਂ ਹਨ ਉਨਾਂ ਨੇ ਵੀ ਇਸ ਸੰਘਰਸ਼ ਤੋਂ ਪ੍ਰਭਾਵਤ ਹੋ ਕੇ ਆਪਣੇ ਜਮੀਨੀ ਹੱਕਾਂ ਲਈ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਵੱਡੀ ਮਹਾਨਤਾ ਵਾਲੀ ਹੋਰ ਕਿਹੜੀ ਇਸ ਕਿਸਾਨੀ ਅੰਦੋਲਨ ਦੀ ਹੋ ਸਕਦੀ ਹੈ? ਉਨਾਂ ਦਾ ਇਹ ਵੀ ਕਹਿਣਾ ਸੀ ਕਿ ਮੋਦੀ ਸਰਕਾਰ ਬੁਰੀ ਤਰਾਂ ਘਬਰਾ ਗਈ ਹੈ ਕਿ ਉਸ ਕੋਲ ਹੁਣ ਕਿਸਾਨਾਂ ਦੀਆ ਮੰਗਾਂ ਮੰਨਣ ਤੋਂ ਬਿਨਾ ਹੋਰ ਕੋਈ ਚਾਰਾ ਬਾਕੀ ਨਹੀਂ ਬਚਿਆ।





ਜੰਗ ਸਿੰਘ
91-94170-95965

ਉਹ ਤਾਂ ਸਾਨੂੰ (ਕਿਸਾਨਾਂ) ਨੂੰ ਇਹ ਕਹਿੰਦੇ ਹਨ ਕਿ ਸਰਕਾਰ ਨੂੰ ਸੁਝਾਅ ਦਿਉ ਕਿ ਕਿਵੇਂ ਇਹ ਬਿਲ ਵਾਪਿਸ ਲੈਣ ਦੀ ਥਾਂ ਤੇ ਅਸੀ ਕੋਈ ਹੋਰ ਕਿਹੜਾ ਲਫਜ ਵਰਤ ਕੇ ਕਿਸਾਨਾਂ ਤੋਂ ਛੁਟਕਾਰਾ ਪਾ ਸਕੀਏ। ਉਨਾਂ ਨੇ ਇਹ ਵੀ ਦਸਿਆ ਕਿ ਅਸੀ ਸਰਕਾਰ ਨੂੰ ਇਹ ਕਿਹਾ ਕਿ ਇਹ ਜਿਹੜੇ ਅਫਸਰਾਂ ਦੀ ਲਾਮਡੋਰੀ ਤੁਸੀ ਆਪਣੇ ਕੋਲ ਭਰਤੀ ਕਰਕੇ ਰੱਖੀ ਹੋਈ ਹੈ ਜਿਨਾਂ ਨੂੰ ਇਤਨੀਆ ਵੱਡੀਆ ਵੱਡੀਆ ਤਨਖਾਹਾਂ ਤੇ ਭੱਤੇ ਸਰਕਾਰ ਵਲੋਂ ਦਿੰਦੇ ਆ ਰਹੇ ਹੋ ਹੁਣ ਇਨਾਂ ਨੂੰ ਪੁਛੋ ਕਿ ਸਰਕਾਰ ਕਿਵੇਂ ਬੱਚ ਸਕਦੀ ਹੈ ਜਿਸ ਨਾਲ ਉਸ ਦਾ ਨੱਕ ਰਹਿ ਜਾਵੇ। ਉਨਾਂ ਨੇ ਕਿਸਾਨਾ ਨੂੰ ਵਧਾਈ ਦੇਂਦਿਆ ਕਿਹਾ ਕਿ ਮੋਦੀ ਤਾਂ ਕੀ ਮੋਦੀ ਦੇ ਫਰਿਸ਼ਤੇ ਵੀ ਕੰਨਾਂ ਨੂੰ ਹੱਥ ਲਗਾਉਣਗੇ ਕਿ ਕਿਸਾਨਾਂ ਨਾਲ ਅਗੋਂ ਕਦੇ ਪੰਗਾ ਨਹੀਂ ਲੈਣਾ। ਉਨਾਂ ਨੇ ਸਪਸ਼ਟ ਕੀਤਾ ਸਰਕਾਰ ਬੜੀ ਸ਼ਾਤਰ ਹੈ ਇਸ ਨੇ ਪਤਾ ਨਹੀਂ ਕਿਹੜੇ ਵੇਲੇ ਕਿਹੜੀ ਅਣਹੋਣੀ ਗੱਲ ਕਰ ਦੇਣੀ ਹੈ ਇਸ ਕਰਕੇ ਬੜੀ ਚੌਕਸੀ ਦੀ ਜਰੂਰਤ ਹੈ।

ਉਨਾਂ ਨੇ ਨੌਜੁਆਨਾਂ ਨੂੰ ਸਨਿਮਰ ਬੇਨਤੀ ਕਰਦਿਆਂ ਕਿਹਾ ਕਿ ਜਿੱਤ ਸਾਡੀਆਂ ਬਰੂਹਾਂ ਤੇ ਹੈ ਬਸ ਅਹਿੰਸਾ ਦਾ ਪੱਲਾ ਪਹਿਲਾਂ ਦੀ ਤਰਾਂ ਫੜ੍ਹੀ ਰਖਿਉ ! ਜਿੱਤ ਅਵਸ਼ ਕਿਸਾਨਾਂ ਦੀ ਹੋਣੀ ਹੈ।ਉਨਾ ਨੇ ਨਵੇਂ ਸਾਲ ਦੇ ਮੌਕੇ ਤੇ ਅਕਾਲ ਪੁਰੱਖ ਅਗੇ ਅਰਦਾਸ ਕਰਦਿਆ ਕਿਹਾ ਕਿ ਉਹ ਸ੍ਰੀ ਨਰਿੰਦਰ ਮੋਦੀ ਨੂੰ ਸੁਮੱਤ ਬਖਸੇ , ਜਿਸ ਦੇ ਸਿਰ ਤੇ ਹਿੰਦੂ ਰਾਸ਼ਟਰ ਦਾ ਭੂਤ ਸਵਾਰ ਹੋਇਆ ਹੈ।

ਉਹ ਭਾਰਤ ਨੂੰ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਹੀ ਰਹਿਣ ਦੇਵੇ ਜਿਸ ਵਿੱਚ ਤਰਾਂ ਤਰਾਂ ਦੇ ਫੁੱਲ ਟਹਿੱਕਦੇ ਹੋਏ ਆਪਣੀਆਂ ਖੁਸ਼ਬੋਈਆਂ ਵੰਡਦੇ ਇਕ ਖੂਬਸੂਰਤ ਗੁਲਦੱਸਤਾ ਬਣੇ ਹੋਏ ਹਨ। ਉਨਾਂ ਨੇ ਇਹ ਵੀ ਕਿਹਾ ਕਿ ਜਿਥੇ ਜਿਥੇ ਇਕੋ ਪ੍ਰਕਾਰ ਦੇ ਫੁੱਲ ਖਿੜੇ ਹੋਏ ਹਨ ਉਨਾਂ ਦੇਸ਼ਾਂ ਦੀ ਹਾਲਤ ਨੂੰ ਵੀ ਜਰੂਰ ਵੇਖ ਲੈਣਾ ਚਾਹੀਦਾ ਹੈ ਕਿ ਉਹ ਕਿਸ ਭਿਅੰਕਰ ਦੌਰ ਵਿੱਚੋਂ ਗੁੱਜਰ ਰਹੇ ਹਨ।ਆਸ ਹੈ ਨਵੇਂ ਸਾਲ ਵਿੱਚ ਕਿਸਾਨਾਂ ਦੀ ਹੋਣ ਵਾਲੀ ਮੀਟਿੰਗ ਵਿੱਚ ਕਿਸਾਨਾਂ ਦਾ ਜਾਦੂ ਸਰਕਾਰ ਦੇ ਸਿਰ ਤੇ ਚੜ੍ਹ ਕੇ ਬੋਲੇਗਾ। ਉਸ ਕੋਲ ਕਿਸਾਨਾਂ ਦੀਆਂ ਮੰਗਾਂ ਮੰਨੇ ਜਾਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ। ਕਿਸਾਨ ਚਿੰਤਕਾਂ ਜਥੇਬੰਦੀਆਂ ਦੇ ਆਗੂਆਂ ਨੂੰ ਸੁਚੇਤ ਕਰਦਿਆ ਕਿਹਾ ਹੈ ਕਿ ਇਸ ਸਮੇਂ ਦੇਸ਼ ਵਿੱਚ ਜਿਹੜੀ ਰਾਜ ਕਰ ਰਹੀ ਮੋਦੀ ਸਰਕਾਰ ਹੈ ਇਹ ਕੱਟੜ੍ਹ ਹਿੰਦੂ ਪ੍ਰਸਤਾਂ ਦੀ ਹੈ ਇਸ ਵਿੱਚ ਵਿਉਪਾਰੀ ਬਿਰਤੀ ਦੇ ਆਪਣੇ ਆਪ ਨੂੰ ਚਲਾਕ ਸਮਝਣ ਵਾਲ ਜਮਾਤ ਹੈ।

ਇਸ ਲਈ ਕਿਸਾਨ ਆਗੂ ਸਰਕਾਰ ਨਾਲ ਕਿਸਾਨੀ ਮਸੱਲਿਆਂ ਦਾ ਜੋ ਵੀ ਹੱਲ ਕਰਦੀ ਹੈ। ਉਹ ਕਾਨੂੰਨੀ ਪਖੋਂ ਪੂਰੀ ਤਰਾਂ ਪਰਪੱਕ ਹੋਣਾ ਚਾਹੀਦਾ ਹੈ ਤਾਂ ਕਿ ਮੰਨਣ ਉਪਰੰਤ ਉਸ ਵਿੱਚ ਕਿਸੇ ਤਰਾਂ ਦੀ ਸਰਕਾਰ ਵਲੋਂ ਮੁਕਰਨ ਦੀ ਗੁੰਜਾਇਸ ਨਾ ਰਹੇ। ਕਿਸਾਨਾਂ ਦੇ ਇਸ ਅੰਦੋਲਨ ਨੇ ਕਈ ਬੜੇ ਚੰਗੇ ਨਤੀਜੇ ਕੱਢ ਦਿੱਤੇ ਹਨ ਇਕ ਤਾਂ ਲੋਕਾਂ ਨੂੰ ਚੋਣਾਂ ਵਿੱਚ ਗੁੰਮਰਾਹ ਕਰਕੇ ਬਾਅਦ ਵਿੱਚ ਲੋਕਾਂ ਦੀ ਪ੍ਰਵਾਹ ਨਾ ਕਰਕੇ ਪੈਸੇ ਕਮਾਉਣ ਤੇ ਲਗੇ ਰਹਿੰਦੇ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਦਾ ਲਗ ਭਗ ਸਫਾਇਆ ਕਰ ਦਿੱਤਾ ਹੈ ਇਸ ਦੇ ਨਾਲ ਹੀ ਦੇਸ਼ ਵਿੱਚ ਇਹ ਅਸਾਰ ਬਣ ਗਏ ਹਨ ਕਿ ਕਿਸਾਨ ਆਪਣੀ ਮਜਬੂਤ ਪਾਰਟੀ ਬਣਾ ਕੇ ਦੇਸ਼ ਦੇ ਵਿਗੜੇ ਢਾਂਚੇ ਨੂੰ ਸੁਧਾਰਣ ਲਈ ਮੈਦਾਨ ਵਿੱਚ ਨਿੱਤਰਣ।ਇਸ ਲਹਿਰ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਉਸ ਦੇ 'ਗੋਦੀ ਮੀਡੀਏ' ਨੂੰ ਵੀ ਸੰਸਾਰ ਭਰ ਵਿੱਚ ਕੱਖਾਂ ਤੋਂ ਹੋਲੇ ਕਰ ਦਿੱਤਾ ਹੈ।

ਜੇਕਰ ਕਿਸਾਨ ਆਪਣੀਆਂ ਜਮੀਨਾਂ ਨੂੰ ਅੰਬਾਨੀਆਂ ਅਡਾਨੀਆਂ ਤੋਂ ਬਚਾਉਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਉਦੋਂ ਤਕ ਮੈਦਾਨ ਵਿੱਚ ਡੱਟੇ ਰਹਿਣਾ ਚਾਹੀਦਾ ਹੈ , ਜਿਨਾ ਚਿਰ ਇਸ ਫੈਸਲਾਕੁੰਨ ਜਦੋਜਹਿਦ ਵਿੱਚ ਸਰਕਾਰ ਕੋਲੋ ਆਪਣੀਆਂ ਸਾਰੀਆਂ ਮੰਗਾਂ ਮੰਨਵਾ ਕੇ ਫਤਹਿ ਪ੍ਰਾਪਤ ਨਹੀਂ ਕਰ ਲੈਂਦੇ।

### 4 ਜਨਵਰੀ- ਜੋੜ ਮੇਲੇ 'ਤੇ ਵਿਸ਼ੇਸ਼

# ਇਤਿਹਾਸਕ ਗੁਰਦੁਆਰਾ ਸ੍ਰੀ ਟਾਹਲੀਆਣਾ ਸਾਹਿਬ ਰਾਏਕੋਟ



ਤਸਵਿੰਦਰ ਸਿੰਘ ਬੜੈਚ
91-98763-22677

ਇਤਿਹਾਸਕ ਗੁਰਦੁਆਰਾ ਸ੍ਰੀ ਟਾਹਲੀਆਣਾ ਸਾਹਿਬ ਪਾਤਸ਼ਾਹੀ ਦਸਵੀਂ ਜਿਲ੍ਹਾ ਲੁਧਿਆਣਾ ਦੀ ਤਹਿਸੀਲ ਰਾਏਕੋਟ ਵਿਖੇ ਸੁਭਾਇਮਾਨ ਹੈ, ਜਿਸ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਗੁਰਦੁਆਰਾ ਟਾਹਲੀਆਣਾ ਸਾਹਿਬ ਜੀ ਦੇ ਇਤਿਹਾਸ ਬਾਰੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਅਤੇ ਸਿਰਸਾ ਨਦੀ 'ਤੇ ਪਰਿਵਾਰ ਵਿਛੋੜੇ ਤੋਂ ਬਾਅਦ ਮਾਛੀਵਾੜੇ ਦੇ ਜੰਗਲਾਂ 'ਚੋਂ ਲੰਘਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਲਮਗੀਰ ਹੇਰਾਂ ਹੁੰਦੇ ਹੋਏ ਰਾਏਕੋਟ ਦੇ ਬਾਹਰਵਾਰ ਜੰਡ, ਕਰੀਰ, ਕਿੱਕਰ, ਦੱਭ, ਅੰਬਾਂ ਦੇ ਦਰੱਖਤਾਂ ਨਾਲ ਭਰੇ ਹੋਏ ਜੰਗਲਾਂ ਵਿਚ ਡੇਰਾ ਲਾਇਆ। ਜਿਨ੍ਹਾਂ ਜੰਗਲਾਂ ਵਿਚ ਲੋਕ ਆਪਣੇ ਪਸ਼ੂ ਚਰਾਉਂਦੇ ਸਨ। ਉਸ ਵਕਤ ਰਾਏਕੋਟ ਦੇ ਨਵਾਬ ਰਾਏ ਕੱਲ੍ਹਾ ਦਾ ਚਰਵਾਹਾ ਨੂਰਾ ਮਾਹੀ ਵੀ ਇਨ੍ਹਾਂ ਜੰਗਲਾਂ ਵਿਚ ਪਸ਼ੂ ਚਰਾ ਰਿਹਾ ਸੀ। ਗੁਰੂ ਸਾਹਿਬ ਦੇ ਚਿਹਰੇ ਦੇ ਨੂਰ ਨੂੰ ਦੇਖਦੇ ਉਨ੍ਹਾਂ ਨੂੰ ਸੇਵਾ ਪੁੱਛੀ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਦੁੱਧ ਲਿਆਉਣ ਲਈ ਕਿਹਾ, ਜਿਸ ਦੇ ਜਵਾਬ ਵਿਚ ਨੂਰੇ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਉਹ ਤਾਂ ਦੁੱਧ ਹੁਣੇ ਚੋ ਕੇ ਆਇਆ ਹੈ, ਜਿਸ 'ਤੇ ਗੁਰੂ ਸਾਹਿਬ ਨੇ ਇਕ ਔਂਸਰ ਝੋਟੀ ਵੱਲ ਇਸ਼ਾਰਾ ਕਰ ਕੇ ਦੁੱਧ ਚੋਣ ਲਈ ਕਿਹਾ ਤਾਂ ਨੂਰੇ ਮਾਹੀ ਨੇ ਕਿਹਾ ਕਿ ਉਸ ਕੋਲ ਕੋਈ ਬਰਤਨ ਵੀ ਨਹੀਂ ਹੈ ਤਾਂ ਗੁਰੂ ਸਾਹਿਬ ਨੇ ਉਸ ਨੂੰ ਇਕ ਬਰਤਨ 'ਗੰਗਾ ਸਾਗਰ' ਦਿੱਤਾ, ਜਿਸ ਦੇ ਆਲੇ-ਦੁਆਲੇ ਬਹੁਤ ਸਾਰੇ ਛੇਕ ਸਨ। ਨੂਰੇ ਦੀ ਹੈਰਾਨੀ ਦੀ ਸੀਮਾ ਉਦੋਂ ਨਾ ਰਹੀ, ਜਦ ਉਸ ਨੇ ਦੇਖਿਆ ਕਿ ਔਂਸਰ ਝੋਟੀ ਦੁੱਧ ਦੇ ਰਹੀ ਹੈ ਤੇ



ਦੁੱਧ ਉਨ੍ਹਾਂ ਛੇਕਾਂ ਵਾਲੇ ਭਾਂਡੇ 'ਚੋਂ ਬਾਹਰ ਵੀ ਨਹੀਂ ਡਿੱਗ ਰਿਹਾ। ਨੂਰੇ ਨੇ ਇਹ ਸਾਰੀ ਘਟਨਾ ਆਪਣੇ ਨਵਾਬ ਰਾਏ ਕੱਲ੍ਹਾ ਨੂੰ ਜਾ ਕੇ ਦੱਸੀ ਤਾਂ ਇਸ ਚਮਤਕਾਰੀ ਘਟਨਾ ਨੂੰ ਸੁਣਦੇ ਹੀ ਰਾਏ ਕੱਲ੍ਹਾ ਨੇ ਆ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਸੀਸ ਨਿਵਾਇਆ ਅਤੇ ਸੇਵਾ ਪੁੱਛੀ ਤਾਂ ਗੁਰੂ ਸਾਹਿਬ ਨੇ ਉਸ ਨੂੰ ਇਕ ਘੋੜੇ ਅਤੇ ਇਕ ਸਵਾਰ ਦੀ ਮੰਗ ਕੀਤੀ ਤਾਂ ਜੋ ਸਰਹੰਦ ਤੋਂ ਛੋਟੇ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਦੇ ਬਾਰੇ ਪਤਾ ਮੰਗਵਾਇਆ ਜਾ ਸਕੇ। ਰਾਏ ਕੱਲ੍ਹਾ ਨੇ ਨੂਰੇ ਮਾਹੀ ਨੂੰ ਘੋੜਾ ਦੇ ਕੇ ਸਰਹੰਦ ਭੇਜ ਦਿੱਤਾ। ਇਸ ਤੋਂ ਉਪਰੰਤ ਗੁਰੂ ਜੀ ਕਮਾਲਪੁਰੇ ਦੀ ਪਵਿੱਤਰ ਧਰਤੀ 'ਤੇ ਚਰਨ ਪਾਉਂਦੇ ਹੋਏ ਲੰਮਾ-ਜੱਟਪੁਰਾ ਵਿਖੇ ਪੁੱਜੇ, ਜਿੱਥੇ ਉਨ੍ਹਾਂ ਕਈ ਦਿਨ ਵਿਸ਼ਰਾਮ ਕੀਤਾ। ਇਸ ਸਮੇਂ ਦੌਰਾਨ ਹੀ ਨੂਰੇ ਮਾਹੀ ਨੇ ਛੋਟੇ ਸਾ-ਹਬਜਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਖ਼ਬਰ ਸੁਣਾਈ ਤੇ ਗੁਰੂ ਜੀ ਨੇ ਤੀਰ ਦੀ ਨੋਕ ਨਾਲ ਕਾਹੀ ਦੇ ਬੂਟੇ ਦੀ ਜੜ੍ਹ ਪੁੱਟ ਕੇ ਕਿਹਾ ਹੁਣ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ, ਜਿਸ 'ਤੇ ਨਵਾਬ ਰਾਏ ਕੱਲ੍ਹਾ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਵੀ ਇਕ ਤੁਰਕ ਹੈ ਤਾਂ ਗੁਰੂ ਸਾਹਿਬ ਨੇ ਉਸ ਨੂੰ ਇਕ ਖੰਡਾ, ਇਕ 'ਗੰਗਾ ਸਾਗਰ' ਅਤੇ ਇਕ ਰਹੇਲ ਦਿੰਦੇ ਹੋਏ ਕਿਹਾ ਜਦੋਂ ਤੱਕ ਇਹ ਚੀਜ਼ਾਂ ਤੇਰੇ ਕੋਲ ਹਨ, ਤੇਰੇ ਰਾਜ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਅੱਜ ਇਸ ਪਵਿੱਤਰ ਅਸਥਾਨ 'ਤੇ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਗੁਰਦੁਆਰੇ ਦੇ ਨਜ਼ਦੀਕ ਸਰੋਵਰ ਵੀ ਬਣਾਇਆ ਗਿਆ ਹੈ। ਸੰਗਤਾਂ ਦੀ ਰਿਹਾਇਸ਼ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਕਮਰੇ ਵੀ ਬਣਾਏ ਹੋਏ ਹਨ। ਗੁਰਦੁਆਰਾ ਸਾਹਿਬ ਵਿਖੇ 24 ਘੰਟੇ ਗੁਰੂ ਕਾ ਲੰਗਰ ਵੀ ਸੰਗਤਾਂ ਨੂੰ ਛਕਾਇਆ ਜਾਂਦਾ ਹੈ। ਇਸ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਹਰ ਸਾਲ ਜਨਵਰੀ ਮਹੀਨੇ 'ਚ ਭਾਰੀ ਜੋੜ ਮੇਲਾ ਤੇ ਢਾਡੀ ਦਰਬਾਰ, ਕੀਰਤਨ ਦਰਬਾਰ ਵੀ ਕਰਵਾਇਆ ਜਾਂਦਾ ਹੈ, ਜਿਸ ਵਿਚ ਦੇਸ਼-ਵਿਦੇਸ਼ ਤੋਂ ਸੰਗਤ ਬਹੁਤ ਹੀ ਸਰਧਾ ਨਾਲ ਪਹੁੰਚ ਕੇ ਨਤਮਸਤਕ ਹੁੰਦੀ ਹੈ। ਇਥੇ ਹਰੇਕ ਪੂਰਨਮਾਸ਼ੀ ਦਾ ਦਿਹਾੜਾ ਵੀ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ ਤੇ ਹਰ ਪੂਰਨਮਾਸ਼ੀ ਨੂੰ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ। ਇਹ ਅਸਥਾਨ ਸੰਗਤਾਂ ਦੀ ਆਸਥਾ ਦਾ ਵੱਡਾ ਕੇਂਦਰ ਹੈ। 1987 ਤੋਂ ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਕੀਤੀ ਜਾ ਰਹੀ ਹੈ।

---

**ਪਰਮ ਸਤਿਕਾਰ ਯੋਗ ਜੀਓ,**

ਦਿੱਲ ਦੀਆਂ ਡੂੰਘਾਈਆਂ ਵਿੱਚੋਂ ਸਤਿ ਸ੍ਰੀ ਅਕਾਲ ਪ੍ਰਵਾਨ ਕਰਨੀ। ਪਿਛਲਾ ਸਾਲ 2020 ਛਾਲਾਂ ਮਾਰਦਾ ਲੰਘ ਗਿਆ ਹੈ । ਨਵਾਂ ਸਾਲ 2021 ਦਸਤਕ ਦੇ ਚੁੱਕਾ ਹੈ । ਪਿਛਲੇ ਸਾਲ ਨੇ ਮਿੱਠੀਆਂ ਘੱਟ ਤੇ ਕੌੜੀਆਂ ਬਹੁਤ ਸਾਰੀਆਂ ਯਾਦਾਂ ਪ੍ਰਦਾਨ ਕੀਤੀਆਂ ਹਨ। ਕਰੋਨਾ ਮਹਾਂ ਮਾਰੀ ਦਾ ਸੰਤਾਪ , ਦਿੱਲ ਦੁਖ-ਾਉਣ ਵਾਲੇ ਟੁੱਟਦੇ ਰਿਸ਼ਤੇ, ਜਿਸ ਨੇ ਆਪਣਿਆਂ ਨੂੰ ਆਪਣਾ ਤਕ ਨਹੀਂ ਜਾਣਿਆ, ਇਥੋਂ ਤਕ ਕਿ ਅੰਤਲੇ ਸਮੇਂ ਵਿੱਚ ਵੀ ਸਾਡੇ ਨਿੱਘਰੇ ਸਮਾਜ ਦੇ ਲੋਕਾਂ ਨੇ ਬਣਦੀਆਂ ਜਿੰਮੇਵਾਰੀਆਂ ਨਿਭਾਉਣ ਤੋਂ ਆਨਾ ਕਾਨੀ ਕੀਤੀ। ਇਸੇ ਲੰਘ ਰਹੇ ਸਾਲ ਵਿੱਚ ਭਾਰਤ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਦੇ ਬਿੱਲ ਲਿਆਉਣ ਕਾਰਨ ਸਮੁਚੇ ਦੇਸ਼ ਦੇ ਕਿਸਾਨਾਂ ਨੂੰ ਸਤੰਬਰ 2020 ਤੋਂ ਫੈਸਲਾਕੁੰਨ ਲੜਾਈ ਲੜਣੀ ਪੈ ਰਹੀ ਹੈ । ਇਸ ਲੜਾਈ ਨੂੰ ਸਿਰਫ ਕਿਸਾਨਾਂ ਤਕ ਦੀ ਰਹਿਣ ਨਾ ਦੇ ਕੇ ਸਾਰੇ ਸੰਸਾਰ ਦੀ ਲੜਾਈ ਬਣਾ ਦਿੱਤਾ ਹੈ ।ਮੈਂ ਚਾਹੁੰਦਾ ਹੋਇਆ ਵੀ ਕਿ ਨਵੇਂ ਸਾਲ ਦੀਆ ਮੁਬਾਰਕਾਂ ਦਿਆਂ ਪਰ ਮੇਰਾ ਹੀਆ ਇਹ ਬਾਰ ਬਾਰ ਪੁਕਾਰ ਕੇ ਕਹਿ ਰਿਹਾ ਹੈ ਕਿ ਜਦੋਂ ਅੰਨ ਦਾਤਾ ਜਿਸ ਵਿੱਚ ਉਸ ਦੇ ਪ੍ਰੀਵਾਰ ਦੇ ਮਾਸੂਮ ਬੱਚਿਆਂ ਤੋਂ ਲੈ ਕੇ 90-92 ਸਾਲ ਦੇ ਬਜੁਰਗ ਪੋਹ ਦੀ ਕੜਕਵੀਂ ਸਰਦੀ ਵਿੱਚ ਨੰਗੇ ਅਸਮਾਨੀ ਸਰਦੀ ਦਾ ਕਹਿਰ ਝੱਲਣ ਦੇ ਨਾਲ 40 ਤੋਂ ਵਧੇਰੇ ਅੰਨਦਾਤੇ ਇਸ ਲਹਿਰ ਵਿੱਚ ਸ਼ਹੀਦੀਆਂ ਪ੍ਰਾਪਤ ਕਰ ਗਏ ਹੋਣ ਤੇ ਦੇਸ਼ ਦੀ ਫਿਰਕੂ ਸਰਕਾਰ ਜਿਸ ਨੇ ਜਾਲਮ ਔਰੰਗਜੇਬ ਦਾ ਭਿਆਨਕ ਰੂਪ ਧਾਰਨ ਕੀਤਾ ਹੋਇਆ ਹੋਵੇ।ਸਭ ਕੁਝ ਜਾਣਦਿਆਂ ਹੋਇਆਂ ਜਾਣ ਬੁੱਝ ਕੇ ਸਿੱਖ ਰਾਜ ਦੇ ਪਹਿਲੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਮਾਲਕੀ ਦੇ ਰੂਪ ਵਿੱਚ ਬਖਸ਼ੀਆਂ ਜਮੀਨਾਂ ਕਿਸਾਨਾਂ ਕੋਲੋਂ ਖੋਹ ਕੇ ਅੰਬਾਨੀਆਂ ਅਡਾਨੀਆਂ ਦੇ ਹਵਾਲੇ ਕਰਕੇ ਕਿਸਾਨਾਂ ਨੂੰ ਮੁੜ੍ਹ ਕੇ ਮੁਜਾਰੇ ਬਣਾਉਣ ਦੀ ਗਹਿਰੀ ਸਾਜਿਸ਼ ਚੱਲ ਰਿਹਾ ਹੈ। ਅਜਿਹੀ ਹਾਲਤ ਵਿੱਚ ਮੇਰੀ ਆਤਮਾ ਦੀ ਅਵਾਜ ਕਹਿ ਰਹੀ ਹੈ ਕਿ ਇਸ ਸਮੇਂ ਨਵੇਂ ਸਾਲ ਦੀਆਂ ਦਿੱਤੀਆਂ ਜਾਣ ਵਾਲੀਆਂ ਮੁਬਾਰਕਾਂ ਹਾਲੇ ਅਧੂਰੀਆਂ ਹਨ। ਕਿਸਾਨਾਂ ਦੀਆਂ ਜਥੇਬੰਦੀਆਂ ਸਿਆਣਪ ਨਾਲ ਇਸ ਘੋਲ ਨੂੰ ਫੈਸਲਾਕੁੰਨ ਜਿੱਤ ਵਲ ਲਿਜਾ ਰਹੀਆਂ ਹਨ । ਅਕਾਲ ਪੁੱਰਖ ਅੱਗੇ ਅਰਜੋਈ ਹੈ ਕੀ ਦੇਸ਼ ਦੇ ਹਾਕਮ ਦੀ ਔਰੰਗਜੇਬੀ ਮੱਤ ਨੂੰ ਟਿਕਾਣੇ ਲਿਆਵੇ ਤੇ ਉਹ ਦੇਸ਼ ਨੂੰ ਹਿੰਦੂ ਰਾਸ਼ਟਰ ਦੇ ਖਤਰਨਾਕ ਰਾਹ ਤੇ ਲਿਜਾਣ ਦੀ ਥਾਂ ਤੇ ਉਸ ਦੀ ਰੂਹ ਨੂੰ ਤਬਦੀਲ ਕਰੇ ਤੇ ਉਸ ਦੀ ਸੋਚਣੀ ਨੂੰ ਇਸ ਤਰਾਂ ਦਾ ਬਣਾਵੇ ਕਿ ਸਾਰੇ ਦੇਸ਼ ਨੂੰ ਜਿਸ ਵਿੱਚ ਹਰੇਕ ਪ੍ਰਕਾਰ ਦੇ ਫੁੱਲ ਖਿੜ ਰਹੇ ਹਨ ਉਨਾਂ ਦਾ ਖੂਬਸੂਰਤ ਗੁੱਲਦਸਤਾ ਬਣਿਆ ਰਹਿਣ ਦੇਵੇ । ਜੇ ਦੇਸ਼ ਦੇ ਹੁਕਮਰਾਨ ਦੀ ਇਹ ਸੋਚ ਹਾਲ ਦੀ ਘੜ੍ਹੀ ਨਹੀਂ ਬਣਦੀ ਤਾਂ ਇਸ ਪ੍ਰਤੀ ਦੇਸ਼ ਦੇ ਲੋਕ ਜਦੋਜਹਿਦ ਕਰਕੇ ਦੇਰ ਹਨੇਰ ਜਿੱਤ ਤਾਂ ਜਰੂਰ ਪ੍ਰਾਪਤ ਕਰ ਲੈਣਗੇ। ਪਰ ਜਿੰਨਾ ਚਿਰ ਅੰਨ ਦਾਤਾ ਮੁਕੰਮਲ ਜਿੱਤ ਪ੍ਰਾਪਤ ਨਹੀਂ ਕਰ ਲੈਂਦਾ ਘਟੋ ਘਟ ਉਨਾ ਚਿਰ ਮੇਰੀਆਂ ਨਵੇਂ ਸਾਲ ਦੀਆਂ ਮੁਬਾਰਕਾਂ ਪ੍ਰਵਾਨ ਕਰਨੀਆਂ ਬਕਾਇਆ ਰੱਖ ਲਈਆਂ ਜਾਣ । ਜਿਉਂ ਹੀ ਉਹ ਇਸ ਸੰਘਰਸ਼ ਵਿੱਚ ਜਿੱਤ ਪ੍ਰਾਪਤ ਕਰਦੇ ਹਨ ਇਨਾਂ ਮੁਬਾਰਕਾਂ ਨੂੰ ਦੂਣ ਸਵਾਈਆਂ ਸਮਝ ਕੇ ਸਵੀਕਾਰ ਕਰ ਲੈਣੀਆਂ। ਬੜੇ ਮੋਹ ਨਾਲ -



**ਆਪ ਜੀ ਦਾ**
**ਸ਼ੁਭਚਿੰਤਕ,**
**- ਜੰਗ ਸਿੰਘ**
**ਵੱਟਸ ਅੱਪ ਨੰ**
**+1 415 450 5161**



ਕਹਾਣੀ

# ਮਾਂ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਰਜਨੀ ਦਾ ਪਤੀ ਇਕ ਉਚੱ ਅਧਿਕਾਰੀ ਸੀ। ਉਹ ਸ਼ਾਦੀ ਤੋਂ ਦਸ ਸਾਲ ਬਾਅਦ ਹੀ ਪਰਮਾਤਮਾ ਨੂੰ ਪਿਆਰਾ ਹੋ ਗਿਆ, ਅਚਾਨਕ ਹਿਰਦੇ ਗਤੀ ਰੁਕਣ ਕਰਕੇ। ਉਚੱ ਅਧਿਕਾਰੀ ਹੋਣ ਦੇ ਨਾਤੇ ਘਰ ਦਾ ਵਾਤਾਵਰਣ, ਰਹਿਣ-ਸਹਿਣ ਉਚੱ ਦਰਜੇ ਦਾ ਸੀ। ਰਜਨੀ ਪੜ੍ਹੀ ਲਿਖੀ ਤਾਂ ਸੀ ਪਰ ਉਸਨੇ ਕੋਈ ਨੌਕਰੀ ਨਹੀਂ ਸੀ ਕੀਤੀ।

ਰਜਨੀ ਦਾ ਅੱਠ ਸਾਲ ਦਾ ਇਕ ਲੜਕਾ ਸੀ ਰਾਜੇਸ਼। ਉਹ ਆਪਣੇ ਪੁੱਤਰ ਦੀ ਸੁੱਖ-ਸੁਵਿਧਾ ਲਈ ਤਨ-ਮਨ-ਧਨ ਤੋਂ ਕੁਰਬਾਨ ਸੀ। ਉਸਨੇ ਇਕ ਪ੍ਰਾਈਵੇਟ ਕਾਲਿਜ ਵਿਚ ਨੌਕਰੀ ਕਰ ਲਈ ਸੀ। ਰਾਜੇਸ਼ ਦੀ ਖ਼ੁਸ਼ੀ 'ਚ ਹੀ ਉਸਦੀ ਖ਼ੁਸ਼ੀ ਸੀ। ਇਕ ਮਾਂ ਦੇ ਫਰਜ਼ ਹੀ ਨਈਂ ਬਲਕਿ ਬਾਪ ਦੇ ਫਰਜ਼ ਵੀ ਈਮਾਨਦਾਰੀ ਨਾਲ ਨਿਭ੍ਹਾਦੀ। ਰਾਜੇਸ਼ ਉਸ ਦੀ ਜ਼ਿੰਦਗੀ ਸੀ ਉਸਦੇ ਸਾਹਾਂ ਦੀ ਜ਼ਰੂਰਤ, ਉਸਦੇ ਮੋਹ ਦੀ ਕੀਮਤ, ਉਸਦੇ ਨੈਣਾ ਦੀ ਜੋਤੀ। ਮੰਦਿਰ ਸੀ ਰਾਜੇਸ਼ ਉਸ ਲਈ ਤੇ ਉਹ ਇਕ ਪੁਜਾਰਨ ਦੀ ਤਰ੍ਹਾਂ ਉਸ ਦੀ ਸੇਵਾ ਵਿਚ ਸਭ ਕੁਝ ਕੁਰਬਾਨ ਕਰਨ ਲਈ ਬੰਦਗੀ ਨੂੰ ਸਮਰਪਿਤ।

ਰਾਜੇਸ਼ ਉਚੱ ਪੜ੍ਹਾਈ ਹਾਸਿਲ ਕਰਕੇ ਇਕ ਉਚੱ ਸਰਕਾਰੀ ਪੱਦ ਦੇ ਫਰਜ਼ ਨਿਭ੍ਹਾ ਰਿਹਾ ਸੀ। ਉਸਨੇ ਆਪਣੇ ਪੁੱਤਰ ਦੀ ਸ਼ਾਦੀ ਧੂਮਧਾਮ ਨਾਲ ਆਪਣੀ ਔਕਾਤ ਤੋਂ ਵੱਧ ਖ਼ਰਚੀਲੇ ਖ਼ਰਚਿਆਂ ਨਾਲ ਨੇਪਰੇ ਚਾੜ੍ਹੀ ਸੀ। ਰਿਸ਼ਤੇਦਾਰਾਂ ਵਿਚ, ਸ਼ਹਿਰ ਵਿਚ ਰਜਨੀ ਦੀ ਕਾਰਕੁਜਾਰੀ ਪ੍ਰਸੰਸਾ ਦੀ ਬੁਲੰਦੀ 'ਤੇ ਸੀ।

ਰਾਜੇਸ਼ ਦੀ ਪਤਨੀ ਸੁੰਦਰ ਤੇ ਸੁਸ਼ੀਲ ਸੀ। ਉਹ ਵੀ ਸਰਕਾਰੀ ਮੁਲਾਜ਼ਿਮ ਸੀ। ਲਗਭਗ ਇਕ ਸਾਲ ਦੇ ਬਾਅਦ ਰਜਨੀ ਦੇ ਆਂਗਨ ਵਿਚ ਪੋਤੇ ਦੀ ਆਮਦ ਨੇ ਖ਼ੁਸ਼ੀਆਂ ਦੇ ਬੰਦਨਵਾਰ ਸਜਾ ਦਿੱਤੇ। ਰਜਨੀ ਦੀ ਖ਼ੁਸ਼ੀ ਅੰਬਰ ਦੀਆਂ ਕੰਨੀਆਂ ਨਾਲੋਂ ਵੱਡੀ ਜਾਪਣ ਲੱਗੀ। ਉਹ ਪਰਮਾਤਮਾ ਦਾ ਸ਼ੁਕਰ ਕਰਦੀ ਸੀ ਕਿ ਉਸਨੂੰ ਦੂਸਰਾ ਜਨਮ ਵੇਖਣ ਦਾ ਮੌਕਾ ਮਿਲਿਆ। ਪੋਤਾ-ਪੋਤੀ ਮਨੁੱਖ ਦਾ ਦੂਸਰਾ ਜਨਮ ਹੁੰਦੇ ਹਨ।

ਉਸਨੇ ਆਪਣੇ ਪੋਤੇ ਦਾ ਨਾਂ ਰਵੀ ਰੱਖਿਆ। ਰਵੀ ਦੇ ਅਰਥ ਸੂਰਜ, ਰੋਸ਼ਨੀ, ਉਸਦੇ ਜੀਵਨ ਵਿਚ ਸਵੇਰਾ ਹੀ ਸਵੇਰਾ ਦਸਤਕ ਦੇ ਰਿਹਾ ਸੀ।

ਸਮਾਂ ਹਿਰਨੀ ਵਾਂਗ ਕੁਲਾਚੇ ਭਰਦਾ ਹੋਇਆ ਦੌੜਦਾ ਚਲਾ ਗਿਆ। ਰਜਨੀ ਦਾ ਪੋਤਾ ਲਗਭਗ ਦਸ ਸਾਲਾਂ ਦਾ ਹੋ ਗਿਆ ਸੀ। ਉਹ ਪੋਤਰੇ ਦੀ ਹਰ ਖ਼ਵਾਹਿਸ਼ ਤੋਂ ਕੁਰਬਾਨ ਸੀ। ਜਿਸ ਤਰ੍ਹਾਂ ਸੰਸਾਰ ਵਿਚ ਦਾਦੀ-ਪੋਤੇ ਦਾ ਮੋਹ ਹੁੰਦਾ ਹੈ, ਉਸ ਨਾਲੋਂ ਵੀ ਜ਼ਿਆਦਾ। ਘਰ ਦੇ ਹਰ ਕੰਮ ਵਿਚ ਰਜਨੀ ਆਪਣੀ ਹਿੰਮਤ ਨੂੰ ਖ਼ੁਸ਼ੀਆਂ ਨਾਲ ਜ਼ਰਬ ਦੇ ਕੇ ਦੌੜੀ ਫਿਰਦੀ। ਨੂੰਹ-ਪੁੱਤ ਦੀ ਇਕ ਸੇਵਿਕਾ ਵਾਂਗੂ ਕਾਰਜ ਵੀ ਕਰਦੀ ਹੋਈ ਖ਼ੁਸ਼ੀ ਦੀ ਮੰਜ਼ਿਲ ਵੱਲ ਵਧਦੀ ਚਲੀ ਜਾਂਦੀ। ਜਿਵੇਂ ਉਸਦੀ ਇਕ ਜੰਨਤ ਹੋਵੇ।

ਰਜਨੀ ਸੇਵਾ-ਮੁਕਤ ਹੋ ਗਈ। ਉਹ ਬਜ਼ੁਰਗ ਹੋਣ ਦੇ ਬਾਵਜੂਦ ਵੀ ਘਰ ਦੇ ਅਤੇ ਬਾਹਰੀ ਕੰਮਾਂ ਕਾਰਾਂ ਲਈ ਹੱਥ ਵਟਾਉਂਦੀ ਨਾ ਥੱਕਦੀ। ਖ਼ੁਸ਼ੀ ਹਿਰਦੇ ਵਿਚ ਹੋਵੇ ਤਾਂ ਥਕਾਵਟ ਖੰਭ ਲਗਾ ਕੇ ਉਡੱ ਜਾਂਦੀ ਹੈ।

ਉਸਨੇ ਆਪਣੀ ਸੇਵਾ-ਮੁਕਤੀ ਦੇ ਮੌਕੇ ਮਿਲੇ ਬਕਾਏ ਦੀ ਧਨਰਾਸ਼ੀ ਰਾਜੇਸ਼ ਦੇ ਨਾਮ ਕਰਵਾ ਦਿੱਤੀ ਸੀ।

ਰਜਨੀ ਹੁਣ ਲਗਭਗ 65 ਸਾਲਾਂ ਤੋਂ ਉਪੱਰ ਜੀਵਨ ਦੀਆਂ ਪੌੜੀਆਂ ਪਾਰ ਕਰ ਚੁਕੀ ਸੀ। ਉਸਨੂੰ ਕਈ ਬਿਮਾਰੀਆਂ ਨੇ ਘੇਰ ਲਿਆ ਸੀ। ਬਲੱਡ ਪ੍ਰੈਸ਼ਰ, ਸ਼ੂਗਰ, ਗੋਢਿਆਂ ਦੀ ਬਿਮਾਰੀ, ਨਜ਼ਰ ਦਾ ਕਮਜ਼ੋਰ ਹੋਣਾ ਆਦਿ। ਹੁਣ ਉਸਨੂੰ ਚਲਣਾ ਵੀ ਮੁਸ਼ਕਿਲ ਲਗਦਾ। ਆਸਰਾ ਭਾਲ ਕੇ ਹੀ ਚਲਦੀ। ਮੰਜੀ ਦਾ ਆਸਰਾ ਹੀ ਉਸਦੀ ਜ਼ਿੰਦਗੀ ਬਣ ਗਿਆ।

ਇਕ ਦਿਨ ਰਾਜੇਸ਼ ਦੀ ਪਤਨੀ ਉਸਨੂੰ ਬੜੇ ਪਿਆਰ ਤੇ ਹਲੀਮੀ ਨਾਲ ਕਹਿਣ ਲੱਗੀ, "ਮੈਂ ਕਿਹਾ ਜੀ, ਮਾਤਾ ਜੀ ਸਾਰਾ ਦਿਨ ਖਹੂੰ-ਖਹੂੰ ਕਰਦੇ ਰਹਿੰਦੇ ਹਨ। ਕਈ ਬਿਮਾਰੀਆਂ ਹਨ। ਰਵੀ ਓਹਨਾਂ ਨਾਲ ਹੀ ਖੇਡਦਾ ਰਹਿੰਦਾ ਹੈ। ਉਹ ਰਵੀ ਨੂੰ ਬਾਰ-ਬਾਰ ਚੁੰਮਦੇ ਰਹਿੰਦੇ ਹਨ, ਇਹ ਠੀਕ ਨਹੀਂ। ਮੇਰਾ ਇਸ਼ਾਰਾ ਤੁਸੀਂ ਸਮਝ ਹੀ ਗਏ ਹੋ, ਅਸੀਂ ਦੋਵੇਂ ਡਿਊਟੀ 'ਤੇ ਚਲੇ ਜਾਂਦੇ ਹ, ਰਵੀ ਸਕੂਲ ਚਲਿਆ ਜਾਂਦਾ ਹੈ। ਥੱਕੇ-ਟੁੱਟੇ ਆਕੇ ਮਾਤਾ ਜੀ ਨੂੰ ਸੰਭਾਲਣਾ ਕਿੰਨਾ ਔਖਾ ਹੁੰਦਾ ਏ। ਕਮ-ਜ-ਕਮ ਮੈਂ ਤਾਂ ਨਈਂ ਸੰਭਾਲ ਸਕਦੀ। ਬੰਦੇ ਦੇ ਕੁਝ ਆਪਣੇ ਵੀ ਮਨੋਰੰਜਨ ਹੁੰਦੇ ਹਨ। ਅਜਕਲ ਨੌਕਰ ਰੱਖਣੇ ਤਾਂ ਠੀਕ ਨਹੀਂ ਹਨ। ਪੈਸੇ ਬੜੇ ਮੰਗਦੇ ਨੇ। ਮੈਂ ਤਾਂ ਕਹਿੰਦੀ ਹਾਂ ਮਾਤਾ ਜੀ ਨੂੰ ਬਿਰਧ ਆਸ਼ਰਮ ਵਿਚ ਛੱਡ ਆਈਏ। ਉਥੇ ਇਹਨਾਂ ਦੀ ਦੇਖਭਾਲ ਵੀ ਠੀਕ ਹੋਵੇਗੀ ਤੇ ਆਪਾਂ ਵੀ ਸੁਰਖਰੂ। ਆਇਆ ਗਿਆ ਆਸਾਨੀ ਨਾਲ ਰਹਿ ਸਕਦਾ ਏ। ਉਥੇ ਇਹਨਾਂ ਦਾ ਜੀਅ ਵੀ ਲੱਗਾ ਰਵੇਗਾ।"

ਪਰ, ਮੇਰੀ ਗੱਲ ਸੁਣ, ਜਿਸ ਮਾਂ ਨੇ ਅਨੇਕਾਂ ਦੁਖ ਤਕਲੀਫ਼ਾਂ ਝਲਕੇ ਸਾਨੂੰ ਇਥੋਂ ਤੱਕ ਪਹੁੰਚਾਇਆ। ਹੁਣ ਉਸਨੂੰ ਏਸ ਉਮਰ 'ਚ ਆਸ਼ਰਮ ਵਿਚ ਛੱਡ ਆਈਏ, ਕੋਈ ਚੰਗੀ ਗੱਲ ਨਈਂ। ਸਮਾਜ ਕੀ ਕਵੇਗਾ, ਰਿਸ਼ਤੇਦਾਰ ਕੀ ਕਹਿਣਗੇ? ਪੋਤਰੇ ਨਾਲ ਉਸਦਾ ਬੜਾ ਮੋਹ ਹੈ। ਉਸਦੇ ਬਾਝੋਂ ਤਾਂ ਉਹ ਮਰ ਜਾਏਗੀ। ਉਹ ਤਾਂ ਉਸਦੀ ਜ਼ਿੰਦ-ਜਾਨ ਹੈ। ਪੋਤੇ ਨਾਲ ਉਸਦਾ ਦਿਨ ਚੜ੍ਹਦਾ ਤੇ ਰਾਤ ਪੈਂਦੀ ਹੈ। ਮਾਂ ਨੂੰ ਉਥੇ ਆਸ਼ਰਮ ਵਿਚ ਭੇਜਣਾ ਠੀਕ ਨਈਂ ਏਂ!" ਪਰ ਪਤਨੀ ਨੇ ਏਨਾ ਮਜ਼ਬੂਰ ਕਰ ਦਿੱਤਾ ਕਿ ਰਾਜੇਸ਼ ਨੂੰ ਸਾਰੇ ਹਥਿਆਰ ਸੁੱਟਣੇ ਪਏ।

ਇਕ ਦਿਨ ਸ਼ਾਮ ਨੂੰ ਬੈਡੱ 'ਤੇ ਸਿਰਾਹਣੇ ਦੀ ਢਾਰਸ ਲੈ ਕੇ ਬੈਠੀ ਮਾਂ ਦੇ ਕੋਲ ਜਾ ਬੈਠਾ। ਕਲੇਜੇ ਨੂੰ ਸੀਨੇ 'ਚੋਂ ਕੱਢ ਕੇ, ਹਿੰਮਤ ਦਾ ਅਸਮਾਨ ਬੰਨਕੇ ਮਾਂ ਨੂੰ ਕਹਿਣਾ ਲੱਗਾ, "ਮਾਂ, ਇਕ ਗੱਲ ਕਰਨੀ ਏ?"

"ਹਾਂ ਪੁੱਤ ਦੱਸ, ਕਿਹੜੀ ਗੱਲ ਏ?"

"ਤੇਰੀ ਕਿਹੜੀ ਗੱਲ ਮੈਂ ਅੱਜ ਤੱਕ ਮੋੜੀ ਏ, ਮੇਰਾ ਪੁੱਤ ਜਲਦੀ ਦੱਸ ਕੀ ਗੱਲ ਏ?"

"ਮਾਂ, ਕੀ ਦੱਸਾਂ?"

"ਦੱਸ ਨਾ ਮੇਰਾ ਪੁੱਤ, ਖੁੱਲ੍ਹ ਕੇ ਗੱਲ ਕਰ, ਡਰਦਾ-ਡਰਦਾ ਗੱਲ ਕਿਉਂ ਕਰ ਰਿਹਾ ਏਂ ਮੇਰਾ ਪੁੱਤ! ਅੱਜ ਤੱਕ ਤੂੰ ਏਸ ਘਬਰਾਹਟ ਵਿਚ ਮੇਰੇ ਨਾਲ ਕਦੀ ਗੱਲ ਨਹੀਂ ਕੀਤੀ। ਦੱਸ ਮੇਰਾ ਪੁੱਤ ਖੁੱਲ੍ਹ ਕੇ ਗੱਲ ਕਰ। ਮੈਂ ਤੇਰੀ ਹਰ ਸ਼ਰਤ ਪੂਰੀ ਕਰਾਂਗੀ ਮੇਰੇ ਸੁਹਣੇ ਲਾਡਲੇ ਪੁੱਤਰ! ਆਖਰ ਗੱਲ ਹੈ ਕੀ ਕਿ ਜਿਸਨੂੰ ਤੂੰ ਏਨਾ ਲਮਕਾ ਕੇ ਕਰ ਰਿਹਾ ਏਂ?

ਉਪੱਰੋਂ ਉਸਦੀ ਪਤਨੀ ਆ ਗਈ ਤੇ ਉਸਨੇ ਹਿਚਕਚਾਹਟ ਦੇ ਖੰਭ ਕੁਤਰਦਿਆਂ ਦਲੇਰੀ ਨਾਲ ਸੱਯਾਦ ਵਾਂਗੂ ਕਿਹਾ, "ਮਾਂ ਜੀ, ਦਰ ਅਸਲ ਗੱਲ ਇਹ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਬਿਰਧ-ਅਸ਼ਰਮ ਵਿਚ ਚਲੇ ਜਾਓ। ਉਥੇ ਤੁਹਾਡੀ ਦੇਖਭਾਲ ਵੀ ਪੂਰੀ ਹੋਵੇਗੀ, ਖ਼ਰਚਾਂ ਤਾਂ ਅਸੀਂ ਦੇਂਦੇ ਹੀ ਹਾਂ। ਘਰ ਵਿਚ ਤੁਹਾਡੀ ਦੇਖਭਾਲ ਕਰਨੀ ਮੁਸ਼ਕਿਲ ਹੁੰਦੀ ਹੈ। ਰਿਸ਼ਤੇਦਾਰਾਂ ਤੇ ਹੋਰ ਯਾਰਾਂ-ਦੋਸਤਾਂ ਦਾ ਆਣਾ-ਜਾਣਾ ਬਣਿਆ ਰਹਿੰਦਾ ਹੈ। ਅਸੀਂ ਚਹੁੰਦੇ ਆਂ ਤੁਹਾਨੂੰ ਬਿਰਧ ਆਸ਼ਰਮ ਦੀਆਂ ਸੁਖ-ਸਹੂਲਤਾਂ ਵਿਚ ਛੱਡ ਆਈਏ। ਉਥੇ ਬਹੁਤ ਜ਼ਿਆਦਾ ਸਹੂਲਤਾਂ ਹਨ। ਤੁਹਾਡਾ ਉਥੇ ਜੀਅ ਵੀ ਲੱਗਾ ਰਵੇਗਾ। ਅਸੀਂ ਤੁਹਾਨੂੰ ਉਥੇ ਮਿਲਣ-ਗਿਲਣ ਆਉਂਦੇ ਹੀ ਰਹਿਣਾਂ।"

ਮਾਂ ਨੇ ਹੱਸਦੇ ਹੋਏ ਝੱਟ ਹੀ ਕਿਹਾ, "ਹਾਂ, ਪੁੱਤ ਮੈਂ ਤਿਆਰ ਹਾਂ ਪੁੱਤਰ! ਇਹ ਮੈਂ ਵੀ ਸੋਚਦੀ ਹਾਂ, ਮਹਿਸੂਸ ਕਰਦੀ ਹਾਂ ਪੁੱਤ! ਤੁਸੀਂ ਮੈਨੂੰ ਆਸ਼ਰਮ ਵਿਚ ਛੱਡ ਆਇਓ ਪੁੱਤ! ਮੈਨੂੰ ਕੋਈ ਇਤਰਾਜ਼ ਨਹੀਂ। ਤੁਸੀਂ ਬਿਲਕੁਲ ਠੀਕ ਕਹਿੰਦੇ ਹੋ।"

ਮਾਂ ਦੀਆਂ ਡਬ-ਡਬਾਦੀਆਂ ਅੱਖਾਂ 'ਚੋਂ ਜਿਵੇਂ ਧੂੰਆਂ ਨਿਕਲ ਗਿਆ ਹੋਵੇ। ਉਸਨੇ ਚੁਫੇਰੇ ਵੇਖਿਆ। ਨੂੰਹ-ਪੁੱਤ ਨੂੰ ਵੇਖਿਆ ਗਹੁ ਨਾਲ। ਪੋਤਰੇ ਵੱਲ ਗਹੁ ਨਾਲ ਵੇਖਿਆ। ਤੇ ਨਜ਼ਰ ਨੀਵੀਂ ਕਰਕੇ ਖ਼ੂਨ ਦੇ ਹੰਝੂ ਕਲੇਜੇ ਦੇ ਕਾਸੇ ਵਿਚ ਸੁੱਟਦੀ ਚਲੀ ਗਈ ਸ਼ਾਇਦ ਆਪਣੇ ਪਤੀ ਦੀ ਯਾਦ ਵਿਚ। ਜਿਵੇਂ ਉਹ ਉਸਨੂੰ ਆਸ਼ੀਰਵਾਦ ਦੇ ਰਿਹਾ ਹੋਵੇ, ਬੱਲ ਦੇ ਰਿਹਾ ਹੋਵੇ, ਹਿੰਮਤ ਦੀ ਸ਼ਕਤੀ ਦੇ ਰਿਹਾ ਹੋਵੇ।

ਨੂੰਹ ਨੇ ਕਿਹਾ, "ਮਾਂ ਜੀ ਅੱਜ ਸ਼ਨੀਵਾਰ ਹੈ ਅਤੇ ਸੋਮਵਾਰ ਅਸੀਂ ਤੁਹਾਨੂੰ ਬਿਰਧ ਆਸ਼ਰਮ ਵਿਚ ਛੱਡ ਆਵਾਂਗੇ। ਤੁਹਾਡੀ ਤਿਆਰੀ ਵੀ ਕਰ ਦਿੰਦੇ ਹਾਂ।"

ਰਜਨੀ ਪਤੀ ਨੂੰ ਯਾਦ ਕਰਕੇ ਅੰਦਰੋ-ਅੰਦਰੀ ਭੁਬਾ ਮਾਰ-ਮਾਰ ਕੇ ਕਲੇਜੇ ਦੀਆਂ ਅੱਖਾਂ ਥਾਣੀ ਰੋ ਕੇ ਗੁੰਮ-ਸੁੰਮ ਹੋ ਗਈ ਸੀ।

ਨੂੰਹ ਦੀ ਖ਼ੁਸ਼ੀ ਤੇ ਸੱਸ ਦੇ ਹੰਝੂ ਦੋ ਵਿਪਰੀਤ ਦਿਸ਼ਾਵਾਂ ਦਾ ਵਰਤਮਾਨ ਇੱਕ ਇਤਿਹਾਸ ਨੂੰ ਰਚਨ ਜਾ ਰਿਹਾ ਸੀ।

ਬੈਡੱ 'ਤੇ ਪਈ ਇਕੱਲੀ ਰਜਨੀ ਸੋਚ ਰਹੀ ਸੀ, "ਕਾਸ਼! ਉਹ ਅੱਜ ਜ਼ਿੰਦਾ ਹੁੰਦੇ ਤਾਂ ਮੇਰੀ ਵਾਅ ਵੱਲ ਕੋਈ ਨਈਂ ਸੀ ਵੇਖ ਸਕਦਾ। ਇਹ ਘਰ ਮੇਰਾ ਹੋਣਾ ਸੀ ਜੋ ਅੱਜ ਮੇਰਾ ਨਹੀਂ। ਮੇਰਾ ਤਾਂ ਕੁਝ ਵੀ ਨਈਂ ਏ ਹੁਣ ਏਥੇ। ਉਹ ਮਨ ਹੀ ਮਨ ਸੋਚਣ ਲੱਗੀ, "ਨੂੰਹ-ਪੁੱਤ ਤੋਂ ਤਾਂ ਦੂਰ ਹੋ ਸਕਦੀ ਹਾਂ ਪਰ ਪੋਤੇ ਤੋਂ ਦੂਰ ਹੋਣਾ ਤਾਂ ਇਕ ਮੌਤ ਹੈ। ਰਵੀ ਤੋਂ ਬਗੈਰ ਮੈਂ ਜ਼ਿੰਦਾ ਨਈਂ ਰਹਿ ਸਕਦੀ। ਰਵੀ ਮੇਰਾ ਦਿਨ ਵੀ, ਰਾਤ ਵੀ, ਦੁਪਹਿਰ ਵੀ। ਮੇਰੀ ਨੱਸ-ਨੱਸ ਵਿਚ ਰਵੀ ਏ।" ਉਹ ਸੋਚਣ ਲੱਗੀ, "ਪਰਮਾਤਮਾ ਕਿਹੜੇ ਜਨਮਾਂ ਦਾ ਬਦਲਾ ਲੈ ਰਿਹਾ ਮੈਥੋਂ। ਜੀਉਂਦੇ ਜੀਅ ਸਭ ਕੁਝ ਖੋ ਰਿਹਾ ਏ। ਮਾਂ-ਬਾਪ ਬੱਚਿਆਂ ਨੂੰ ਸੰਸਕਾਰ ਦੇ ਸਕਦੇ ਹਨ, ਪਿਆਰ ਦੇ ਸਕਦੇ ਹਨ, ਸਭਿਆਚਾਰ ਦੇ ਸਕਦੇ ਹਨ, ਸ਼ਿਸ਼ਟਾਚਾਰ ਸਿਖਾ ਸਕਦੇ ਹਨ ਪਰ ਵਿਹਾਰਕ ਜ਼ਿੰਦਗੀ ਤਾਂ ਬੱਚੇ ਖ਼ੁਦ ਹੀ ਆਪਣੇ ਆਪ ਤੋਂ, ਸਮਾਜ ਤੋਂ, ਚੌਗਿਰਦੇ ਤੋਂ ਹੀ ਸਿੱਖ ਸਕਦੇ ਹਨ, ਇਥੇ ਮਾਂ-ਬਾਪ ਕੀ ਕਰ ਸਕਦੇ ਹਨ, ਜ਼ਰੂਰੀ ਨਈਂ ਵਿਹਾਰਕ ਤੌਰ 'ਤੇ ਪੜ੍ਹੇ-ਲਿਖੇ ਵੀ ਵਧੀਆ ਹੋਵਣ।" ਉਸਦੇ ਮਨ ਵਿਚ ਕਈ ਖਿਆਲ ਆਉਂਦੇ ਤੇ ਅਲੋਪ ਹੋ ਜਾਂਦੇ। ਜ਼ਿੰਦਗੀ ਦੇ ਕੀ ਅਰਥ ਹਨ? ਉਹ ਇਸ ਸੋਚ ਤੋਂ ਬਾਹਰ ਹੋ ਗਈ।

ਸੋਮਵਾਰ ਨੂੰ ਮਾਂ ਨੂੰ ਬਿਰਧ ਆਸ਼ਰਮ ਵਿਚ ਛੱਡ ਆਏ। ਪੋਤਾ ਗੁੰਮ-ਸੁੰਮ ਸੀ ਜਿਵੇਂ ਉਸਦਾ ਕੀਮਤੀ ਖਿਡੌਣਾ ਗੁੰਮ ਹੋ ਗਿਆ ਹੋਵੇ। ਕੁਝ ਬੋਲ ਨਹੀਂ ਸੀ ਰਿਹਾ। ਉਸਨੇ ਆਪਣੀ ਮਾਂ ਨੂੰ ਕਿਹਾ ਸੀ, "ਦਾਦੀ ਮਾਂ ਨੂੰ ਉਥੇ ਛੱਡ ਕੇ ਕਿਉਂ ਆਏ ਹੋ?" ਤਾਂ ਮਾਂ ਨੇ ਉਸਦੇ ਮੂੰਹ 'ਤੇ ਇਕ ਚਪੇਟ ਜੜ ਦਿੱਤੀ ਸੀ। ਉਸਦਾ ਜਵਾਬ ਮਾਂ ਨੇ ਦੇ ਦਿੱਤਾ ਸੀ। ਉਹ ਰੋ-ਰੋ ਕੇ ਚੁੱਪ ਹੋ ਗਿਆ।

ਦਾਦੀ ਮਾਂ ਦੇ ਜਾਣ ਨਾਲ ਜਿਵੇਂ ਉਸਦੀ ਦੁਨੀਆਂ ਹੀ ਲੁੱਟੀ ਗਈ ਹੋਵੇ, ਜਿਵੇਂ ਚਾਰੇ ਪਾਸੇ ਹਨ੍ਹੇਰਾ ਛਾ ਗਿਆ ਹੋਵੇ। ਜਿਵੇਂ ਉਸਦੇ ਹੱਥ-ਪੈਰ ਸੁੰਨ ਹੋ ਗਏ ਹੋਣ। ਜਿਸਮ ਪੱਥਰ ਬਣ ਗਿਆ ਹੋਵੇ, ਤੇ ਉਦਾਸੀ ਉਸਦੇ ਜਿਸਮ ਦਾ ਹਿੱਸਾ ਬਣ ਗਈ ਸੀ।

ਰਜਨੀ ਬਿਰਧ ਆਸ਼ਰਮ ਵਿਚ ਰਹਿਣ ਲੱਗ ਪਈ। ਬਿਰਧ ਆਸ਼ਰਮ ਵਿਚ ਸਵੇਰੇ-ਸ਼ਾਮ ਮੰਦਿਰ ਵਿਚ ਜਾਂਦੀ, ਆਪਣੇ ਪੋਤਰੇ ਦੇ ਦਰਸ਼ਨ ਕ੍ਰਿਸ਼ਨ ਭਗਵਾਨ 'ਚ ਕਰਨ ਲਈ, ਕ੍ਰਿਸ਼ਨ ਭਗਵਾਨ ਦੀ ਮੂਰਤੀ ਨੂੰ ਚੁੰਮਦੀ, ਪਿਆਰ ਕਰਦੀ, ਵੇਖ-ਵੇਖ ਰੋਂਦੀ, ਘੁੱਟ-ਘੁੱਟ ਕੇ ਗਲੇ ਲਗਾਉਂਦੀ, ਪੂਜਾ ਅਰਚਨਾ ਆਰਤੀ ਉਤਾਰਦੀ ਨਾ ਥੱਕਦੀ। ਆਪਣੀਆਂ ਰੀਝਾਂ ਉਤਾਰਦੀ।

ਧਾਰਮਿਕ ਆਸ਼ਰਮ ਵਿਚ ਰਹਿ ਕੇ ਉਸਨੇ ਪ੍ਰਵਚਨ ਸ਼ੁਰੂ ਕਰ ਦਿੱਤੇ ਸਨ। ਪੜ੍ਹੀ-ਲਿਖੀ ਹੋਣ ਕਰਕੇ ਭਾਸ਼ਾ ਦੀ ਪ੍ਰਾਧਿਆਪਕ ਹੋਣ ਕਰਕੇ ਉਸਨੂੰ ਧਾਰਮਿਕ ਗਿਆਨ ਵੀ ਬਹੁਤ ਜ਼ਿਆਦਾ ਸੀ। ਸਾਰਾ ਆਸ਼ਰਮ ਉਸਦਾ ਸ਼ਰਧਾਲੂ ਬਣ ਗਿਆ ਸੀ। ਧਾਰਮਿਕ ਪ੍ਰਵਚਨ ਉਸਦਾ ਆਸਰਾ ਬਣ ਗਏ ਸਨ। ਕਿਸਮਤ ਨੂੰ ਕੋਸਣਾ ਛੱਡ ਕੇ ਉਸਨੇ ਹਿੰਮਤ ਦੇ ਰੱਬ ਨੂੰ ਹਿਰਦੇ ਵਿਚ ਰੱਖ ਲਿਆ ਸੀ। ਸਾਰੇ ਆਸ਼ਰਮ ਨੂੰ ਉਸਨੇ ਜੀਣ ਦੀ ਕਲਾ ਦੱਸ ਦਿੱਤੀ ਸੀ।

ਪਤੀ ਦੀ ਯਾਦ ਕਲੇਜੇ ਵਿਚ ਲੈ ਕੇ ਆਪਣੀ ਮੰਜ਼ਿਲ ਵੱਲ ਵਧਦੀ ਚਲੀ ਗਈ।

ਕਦੀ-ਕਦਾਈ ਹੀ ਨੂੰਹ-ਪੁੱਤ ਤੇ ਪੋਤਰਾ ਮਿਲਣ ਆਉਂਦੇ ਸੀ। ਕੇਵਲ ਇਕ ਉਪਚਾਰਿਕਤਾ ਵੱਸ। ਦਾਦੀ ਮਾਂ ਪੋਤੇ ਦੀਆਂ ਘੁੱਟੀਆਂ ਹੋਈਆਂ ਭਾਵਨਾਵਾਂ ਸਮਝਦੀ ਸੀ। ਪਰ ਉਹ ਚੁੱਪ ਸੀ। ਪੋਤੇ ਤੋਂ ਦੂਰੀ ਬਣਾ ਕੇ ਰੱਖਦੀ ਸੀ, ਕਿਧਰੇ ਮੋਹ ਉਸਦੀ ਉਦਾਸੀ ਬਣਕੇ ਉਸਦੀ ਸਿਹਤ ਤੇ ਪੜ੍ਹਾਈ ਦਾ ਨੁਕਸਾਨ ਨਾ ਕਰ ਦੇਵੇ। ਜਦ ਪੋਤਾ ਚਲਿਆ ਜਾਂਦਾ ਤਾਂ ਉਹ ਇਕੱਲੀ ਬੈਠ ਕੇ ਰੋਂਦੀ ਰਹਿੰਦੀ ਤੇ ਫਿਰ ਖ਼ੁਦ ਨੂੰ ਹੌਸਲਾ ਦੇ ਕੇ ਫਿਰ ਆਪਣੀ ਸਾਰੀ ਟੁੱਟੀ ਹੋਈ ਹਿੰਮਤ ਨੂੰ ਇਕੱਠਾ ਕਰਕੇ ਇਕ ਝੂਠੀ ਤਸੱਲੀ ਵਿਚ ਉਤਰ ਜਾਂਦੀ।

ਇਸ ਤਰ੍ਹਾਂ ਬਿਰਧ ਆਸ਼ਰਮ ਵਿਚ ਕੁਝ ਸਾਲ ਹੀ ਲੰਘੇ ਸਨ ਕਿ ਰਜਨੀ ਸਖ਼ਤ ਬਿਮਾਰ ਹੋ ਗਈ।

ਰਜਨੀ ਨੇ ਬਿਰਧ ਆਸ਼ਰਮ ਦੀ ਇੰਚਾਰਜ਼ ਨੂੰ ਬੇਨਤੀ ਕਰਦਿਆਂ ਕਿਹਾ, "ਮੈਂ ਆਪਣੇ ਪੁੱਤਰ ਨੂੰ ਮਿਲਣਾ ਚਾਹੁੰਦੀ ਹਾਂ। ਉਸਨੂੰ ਬੁਲਾਓ।"

ਰਜਨੀ ਦੇ ਪੁੱਤਰ ਨੂੰ ਫ਼ੋਨ 'ਤੇ ਸੰਦੇਸ਼ ਦਿੱਤਾ ਗਿਆ, "ਰਾਜੇਸ਼ ਤੁਹਾਡੀ ਮਾਂ ਸਖ਼ਤ ਬਿਮਾਰ ਹੈ, ਤੁਹਾਨੂੰ ਮਿਲਣਾ ਚਾਹੁੰਦੀ ਹੈ।"

ਰਾਜੇਸ਼ ਨੇ ਕਿਹਾ, "ਅੱਜ ਬੁੱਧਵਾਰ ਹੈ ਤੇ ਮੈਂ ਐਤਵਾਰ ਛੁੱਟੀ ਵਾਲੇ ਦਿਨ ਮਿਲਣ ਆਵਾਂਗਾ।"

ਐਤਵਾਰ ਰਾਜੇਸ਼ ਇਕੱਲਾ ਹੀ ਮਾਂ ਨੂੰ ਮਿਲਣ ਗਿਆ ਤਾਂ ਰਾਜੇਸ਼ ਨੇ ਮਾਂ ਨੂੰ ਦੇਖਦੇ ਹੋਏ ਕਿਹਾ, "ਮਾਂ, ਤੁਸੀਂ ਯਾਦ ਕੀਤਾ। ਸਿਹਤ ਤਾਂ ਠੀਕ ਹੈ ਨਾ?"

"ਹਾਂ ਪੁੱਤ, ਠੀਕ-ਠਾਕ ਹੀ ਹਾਂ।"

ਮਾਂ ਨੇ ਕਿਹਾ, "ਪੁੱਤਰ ਮੈਂ ਤੈਨੂੰ ਕੁਝ ਕਹਿਣਾ ਚਾਹੁੰਦੀ ਹਾਂ।"

"ਹਾਂ ਮਾਂ ਦੱਸੋ", ਪੁੱਤਰ ਨੇ ਕਿਹਾ।

"ਪੁੱਤਰ, ਇੱਥੇ ਗਰਮੀ ਬਹੁਤ ਏ, ਇੱਥੇ ਏ.ਸੀ. ਲਗਵਾ ਦੇ, ਪੱਖੇ ਦੀ ਹਵਾ ਬਹੁਤ ਗਰਮ ਹੁੰਦੀ ਏ, ਇੱਥੇ ਰੋਟੀ ਠੰਢੀ ਮਿਲਦੀ ਏ, ਇਕ ਓਵਨ ਲਿਆ ਦੇ, ਖਾਣਾ ਠੰਢਾ ਹੋਣ ਕਰਕੇ ਕਈ ਵਾਰੀ ਮੈਨੂੰ ਭੁੱਖਿਆਂ ਸੌਣਾ ਪੈਂਦਾ ਏ, ਪੁੱਤਰ ਇੱਥੇ ਗਰਮ ਪਾਣੀ ਪੀਣ ਨੂੰ ਮਿਲਦਾ ਏ, ਕੋਈ ਛੋਟੀ-ਮੋਟੀ ਫ਼ਰਿਜ਼ ਲਿਆ ਦੇ, ਇੱਥੇ ਬੈਡੱ ਪੁਰਾਣੇ ਹਨ, ਨੀਂਦ ਨਈਂ ਆਉਂਦੀ। ਪੁੱਤਰ ਇਹ ਸਭ ਚੀਜ਼ਾ ਲਿਆ ਦੇ।"

ਰਾਜੇਸ਼ ਮਾਂ ਦੀਆਂ ਗੱਲਾਂ ਸੁਣਕੇ ਹੈਰਾਨੀ ਤੇ ਪਰੇਸ਼ਾਨੀ ਵਿਚ ਬਿਹਬਲ ਹੋ ਕੇ ਮਾਂ ਨੂੰ ਕਹਿਣ ਲੱਗਾ, ਉਮਾਂ, ਕਈਆਂ ਸਾਲਾਂ ਤੋਂ ਤੂੰ ਇੱਥੇ ਰਹਿ ਰਹੀ ਏਂ, ਤੂੰ ਕਦੀ ਵੀ ਇਨ੍ਹਾਂ ਚੀਜ਼ਾਂ ਦੀ ਪਹਿਲਾਂ ਡੀਮਾਂਡ ਨਈਂ ਕੀਤੀ, ਪਰ ਹੁਣ ਜਦਕਿ ਤੂੰ ਉਮਰ ਦੀ ਅੰਤਿਮ ਦਸ਼ਾ ਵਿਚ ਏਂ ਤਾਂ ਹੁਣ ਇਨ੍ਹਾਂ ਚੀਜ਼ਾਂ ਦੇ ਲਈ ਲਾਲਸਾ ਕਿਉਂ? ਕੀ ਇੰਦਾ ਦਾ ਖ਼ਰਚ ਨਿਰਰਥਕ ਨਹੀ ਹੈ?

ਮਾਂ ਨੇ ਕਿਹਾ, "ਪੁੱਤਰ, ਨਈਂ, ਇਹ ਗੱਲ ਨਈਂ, ਇੱਥੇ ਬਹੁਤ ਤਕਲੀਫ਼ਾਂ ਹਨ। ਮੈਨੂੰ ਤੇਰਾ ਖਿਆਲ ਏ ਪੁੱਤਰ, ਕਿਉਂਕਿ ਤੇਰੇ ਬੱਚਿਆਂ ਨੇ ਵੀ ਕੱਲ੍ਹ ਨੂੰ ਤੈਨੂੰ ਇੱਥੇ ਛੱਡਣ ਆਉਣਾ ਏ। ਤੈਨੂੰ ਕੋਈ ਤਕਲੀਫ਼ ਨਾ ਹੋਏ ਪੁੱਤਰ!"

# ਸਾਂਝਾ ਪਰਿਵਾਰ



ਬਲਦੇਵ ਸਿੰਘ ਬੇਦੀ
91-90419-25181



ਪ੍ਰਾਚੀਨ ਯੁਗ ਵਿੱਚ ਜਦੋਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ,ਉਸ ਸਮੇ ਸੁਰੱਖਿਆ ਦੀ ਭਾਵਨਾ ਨਾਲ ਉਹ ਆਪਣੇ ਪਰਿਵਾਰ ਨਾਲ ਰਹਿੰਦਾ ਸੀ,ਜਿਸਨੂੰ 'ਕਬੀਲੇ' ਦਾ ਨਾਮ ਦਿੱਤਾ ਗਿਆ। ਸਮੇ ਦੇ ਨਾਲ ਨਾਲ ਪਰਿਵਾਰ ਵੰਡ ਹੋ ਕੇ ਦੋ ਕਮਰਿਆਂ ਤਕ ਹੀ ਸੀਮਿਤ ਹੋ ਗਏ। ਮਹਿੰਗਾਈ ਦੇ ਯੁੱਗ ਵਿੱਚ ਸਾਂਝੇ ਪਰਿਵਾਰ ਦੇ ਅਨੇਕਾਂ ਫਾਇਦੇ ਹਨ ਪਰ ਸਵਾਰਥ ਨੇ ਭਰਾ ਨੂੰ ਭਰਾ ਅਤੇ ਪੁੱਤਰ ਨੂੰ ਮਾਂ ਨਾਲੋਂ ਵੱਖ ਕਰ ਦਿੱਤਾ। ਹੁਣ ਸਮਾਂ ਆ ਗਿਆ ਹੈ ਕਿ ਇਕ ਵਾਰ ਫਿਰ ਸਾਂਝੇ ਪਰਿਵਾਰ ਵੱਲ ਮੁੜਨਾ ਪਵੇਗਾ।

ਸਾਂਝੇ ਪਰਿਵਾਰ ਦੇ ਅਨੇਕ ਫਾਇਦੇ ਹਨ।

ਸਾਂਝੇ ਪਰਿਵਾਰ ਵਿਚ ਰਹਿੰਦੇ ਦੱਸ ਜਿਆ ਤੇ ਜਿਨ੍ਹਾਂ ਰਾਸ਼ਣ ਦਾ ਖਰਚ ਆਉਂਦਾ ਹੈ, ਉਸ ਤੋਂ ਡਿਓਡਾ ਖਰਚ ਵੱਖਰੇ ਵੱਖਰੇ ਰਹਿ ਰਹੇ ਜਿਆਂ ਤੇ ਆਉਂਦਾ ਹੈ।

ਸਾਂਝੇ ਪਰਿਵਾਰ ਵਿਚ ਇਕੱਠਿਆਂ ਖਾਣਾ ਖਾਣ ਨਾਲ ਪੈਸੇ ਦੀ ਬੱਚਤ ਤਾਂ ਹੁੰਦੀ ਹੀ ਹੈ ਅਤੇ ਨਾਲ ਹੀ ਇਕੱਠੀਆਂ ਭੋਜਨ ਕਰਨ ਨਾਲ ਇਕ ਦੂਜੇ ਨਾਲ ਨੇੜਤਾ ਵੀ ਬਣੀ ਰਹਿੰਦੀ ਹੈ ਅਤੇ ਇੱਕ ਦੂਜੇ ਦੇ ਦੁੱਖ ਦਰਦ ਸਮਝਣ ਦਾ ਮੌਕਾ ਵੀ ਮਿਲ ਜਾਂਦਾ ਹੈ।

ਸਾਂਝੇ ਪਰਿਵਾਰ ਵਿਚ ਅਗਰ ਕੋਈ ਜੀਅ ਬਿਮਾਰ ਪੈ ਜਾਵੇ ਜਾਂ ਕੋਈ ਮੁਸੀਬਤ ਆ ਜਾਵੇ ਤਾਂ ਸਾਰਾ ਪਰਿਵਾਰ ਉਸ ਮੁਸੀਬਤ ਵਿਚ ਉਸ ਦੇ ਨਾਲ ਖੜਦਾ ਹੈ ਅਤੇ ਰਲਮਿਲ ਕੇ ਉਸ ਸਮੱਸਿਆ ਦਾ ਹੱਲ ਕਢ ਲਿਆ ਜਾਂਦਾ ਹੈ। ਮੁਸੀਬਤ ਜਾਂ ਬਿਮਾਰੀ ਨਾਲ ਘਿਰੇ ਉਸ ਜੀਅ ਦਾ ਆਤਮਬਲ ਵੀ ਬਣਿਆ ਰਹਿੰਦਾ ਹੈ।

ਇੱਕਲੇ ਪਰਿਵਾਰ ਵਿੱਚ ਮਨੁੱਖ ਇਕੱਲਤਾ ਦਾ ਸ਼ਿਕਾਰ ਹੋ ਕੇ ਜਿੱਥੇ ਮਾਨਸਿਕ ਰੋਗਾਂ ਅਤੇ ਪ੍ਰੇਸ਼ਾਨੀਆਂ ਦਾ ਸ਼ਿਕਾਰ ਹੋ ਜਾਂਦਾ ਹੈ, ਉਥੇ ਹੀ ਸਾਂਝੇ ਪਰਿਵਾਰ ਵਿਚ ਇਕ ਦੂਜੇ ਦਾ ਸਹਾਰਾ ਬਣਨ ਨਾਲ ਮਨੁੱਖ ਇਹਨਾਂ ਮਾਨਸਿਕ ਤ੍ਰਾਸਦੀਆਂ ਤੋਂ ਵੀ ਬਚਿਆ ਰਹਿੰਦਾ ਹੈ।

ਸਾਂਝੇ ਪਰਿਵਾਰ ਦੇ ਬੱਚਿਆਂ ਵਿਚ ਜਿੱਥੇ ਸ਼ਰੀਰਕ ਖੇਡਾਂ ਖੇਡਣ ਦੀ ਰੂਚੀ ਵਧੇਰੇ ਹੁੰਦੀ ਹੈ, ਜਿਸ ਨਾਲ ਉਹਨਾਂ ਦਾ ਸ਼ਰੀਰਕ ਬਲ ਵੀ ਵਧਦਾ ਹੈ ਅਤੇ ਮੁਕਾਬਲੇ ਦੀ ਭਾਵਨਾ ਵੀ ਪ੍ਰਬਲ ਹੁੰਦੀ ਹੈ।

ਇਕੱਠਿਆਂ ਖੇਡਣ ਅਤੇ ਇਕੱਠਿਆਂ ਬੈਠਣ ਨਾਲ ਇਕ ਦੂਜੇ ਨਾਲ ਹਮਦਰਦੀ, ਪਿਆਰ ਅਤੇ ਹਿੰਮਤ ਵਧਦੀ ਹੈ ਤੇ ਦੁੱਖ ਸੁੱਖ ਵਿੱਚ ਇਕ ਦੂਜੇ ਦਾ ਸਾਥ ਦੇਣ ਦੀ ਇੱਛਾ ਪ੍ਰਬਲ ਹੁੰਦੀ ਹੈ । ਵਡਿਆ ਦਾ ਸਤਿਕਾਰ ਕਰਨ ਦਾ ਸਲੀਕਾ ਵੀ ਆਉਂਦਾ ਹੈ।

ਸਾਂਝਾ ਪਰਿਵਾਰ ਆਪਣੇ ਆਪ ਵਿੱਚ ਵੀ ਇੱਕ ਮਿਸਾਲ ਕਾਇਮ ਕਰਦਾ ਹੈ ਜਿਸ ਦੀ ਉਦਾਰਣ ਆਂਢ ਗੁਆਂਢ ਤੇ ਸਾਡੇ ਰਿਸ਼ਤੇਦਾਰ ਵੀ ਦਿੰਦੇ ਹਨ।

ਸਵਾਰਥ ਅਤੇ ਅਵਿਸ਼ਵਾਸ ਛੱਡ ਕੇ ਸਾਰੇ ਭੈਣ ਭਰਾ, ਚਾਚੇ ਤਾਏ, ਦਾਦਾ ਦਾਦੀ, ਚਾਚੀਆਂ ਤਾਈਆਂ ਇਕੱਠੇ ਰਹਿਣ ਤਾਂ ਸਾਂਝਾ ਪਰਿਵਾਰ ਇਕ ਫੁੱਲਾਂ ਦੀ ਕਿਆਰੀ ਵਰਗਾ ਹੋ ਜਾਂਦਾ ਹੈ ਅਜਿਹੇ ਪਰਿਵਾਰ ਸਮਾਜ ਵਿੱਚ ਅਪਣੱਤ ਦੀਆਂ ਸੁਗੰਧੀਆਂ ਫੈਲਾਉਂਦੇ ਹਨ।

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੰਗਾਂ, ਕਾਰਨਾਮੇ ਤੇ ਉਪਦੇਸ਼



ਅਵਤਾਰ ਸਿੰਘ ਮਿਸ਼ਨਰੀ
510-432-5827

ਦਸ਼ਮੇਸ਼ ਜੀ ਦਾ ਜਨਮ ਪ੍ਰਕਾਸ਼ 5 ਜਨਵਰੀ 1666 ਈਸਵੀ ਨੂੰ ਪਿਤਾ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਦੇ ਗ੍ਰਿਹ ਵਿਖੇ ਪਟਨਾ (ਬਿਹਾਰ) 'ਚ ਹੋਇਆ। ਆਪ ਜੀ ਦੇ ਜਨਮ ਪ੍ਰਕਾਸ਼ ਸਮੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਢਾਕੇ (ਬੰਗਾਲ) ਵਿੱਚ ਸਨ। ਆਪ ਜੀ ਦਾ ਬਚਪਨ ਨਾਮ ਗੋਬਿੰਦ ਰਾਏ ਸੀ ਜੋ ਸੰਨ 1699 ਨੂੰ ਖਾਲਸਾ ਸਾਜਨ ਵੇਲੇ ਗੋਬਿੰਦ ਸਿੰਘ ਹੋ ਗਿਆ। ਗੁਰੂ ਤੇਗ ਬਹਾਦਰ ਸਾਹਿਬ ਦੇ ਅਸਾਮ ਤੋਂ ਪੰਜਾਬ ਵਿੱਚ ਵਾਪਸ ਆ ਜਾਣ ਮਗਰੋਂ ਵੀ ਪ੍ਰਵਾਰ ਕੁਝ ਚਿਰ ਪਟਨਾ ਸਾਹਿਬ ਰੁਕਿਆ ਰਿਹਾ। ਗੋਬਿੰਦ ਰਾਏ ਦੇ ਬਚਪਨ ਦੇ ਪਹਿਲੇ ਪੰਜ ਕੁ ਸਾਲ ਪਟਨੇ ਹੀ ਬੀਤੇ। ਆਪ ਦੀ ਸਿਖਲਾਈ ਪੜ੍ਹਾਈ ਦਾ ਕੰਮ ਉੱਥੇ ਹੀ ਸ਼ੁਰੂ ਹੋ ਗਿਆ ਸੀ। ਗੁਰਸਿੱਖੀ ਤੇ ਗੁਰਬਾਣੀ ਦੀ ਪੜਾਈ ਦੇ ਨਾਲ-ਨਾਲ ਆਪ ਨੂੰ ਸ਼ਸਤਰਾਂ ਦੀ ਵਰਤੋਂ, ਘੋੜ ਸਵਾਰੀ ਤੇ ਤਾਰੀ ਆਦਿ ਵੀ ਸਿਖਾਈ ਗਈ। ਛੋਟੀ ਉਮਰ ਤੋਂ ਆਪ ਜੋਧਿਆਂ ਜਰਨੈਲਾਂ ਵਾਲੀਆਂ ਰੁਚੀਆਂ ਪੈਦਾ ਕਰਨ ਲਈ ਆਪਣੇ ਹਾਣੀਆਂ ਦੀਆਂ ਟੋਲੀਆਂ ਬਣਾ ਕੇ ਯੁੱਧ ਦਾ ਅਭਿਆਸ ਕਰਾਉਂਦੇ।

ਬਾਲਪਨ 'ਚ ਮੋਹ 'ਤੇ ਫਤਿਹ-ਕਿਸੇ ਪ੍ਰੇਮੀ ਨੇ ਆਪ ਜੀ ਵਾਸਤੇ ਸੋਨੇ ਦੇ ਕੜੇ ਭੇਟ ਕੀਤੇ ਪਰ ਸ਼ਾਮ ਵੇਲੇ ਆਪ ਗੰਗਾ ਨਦੀ ਕੰਢੇ ਖੇਡਦੇ ਸਮੇ ਇੱਕ ਕੜਾ ਗੰਗਾ 'ਚ ਸੁੱਟ ਦਿੱਤਾ। ਜਦ ਮਾਮਾ ਕ੍ਰਿਪਾਲ ਜੀ ਨੇ ਪੁੱਛਿਆ ਕਿ ਕੜਾ ਕਿੱਥੇ ਹੈ? ਮਾਮਾ ਜੀ ਨੂੰ ਗੰਗਾ ਦੇ ਕੰਢੇ 'ਤੇ ਲੈ ਗਏ, ਜਿੱਥੇ ਖੜ੍ਹੋ ਕੇ ਦੂਸਰਾ ਕੜਾ ਵੀ ਦਰਿਆ ਵਿੱਚ ਸੁੱਟ ਦਿੱਤਾ, ਉਸ ਥਾਂ ਹੁਣ ਗੁਰਦੁਆਰਾ ਗੋਬਿੰਦ ਘਾਟ ਹੈ। ਜਦ ਗੁਰੂ ਪਿਤਾ ਨੇ ਪ੍ਰਵਾਰ ਨੂੰ ਪੰਜਾਬ ਆਉਣ ਦੇ ਸੱਦੇ ਤੇ ਸੰਨ 1671 ਨੂੰ ਕੁਝ ਸੰਗਤ ਸਮੇਤ ਪੰਜਾਬ ਵੱਲ ਨੂੰ ਚਾਲੇ ਪਾਏ ਤਦ ਗੋਬਿੰਦ ਰਾਏ ਦੀ ਉਮਰ ਕੇਵਲ ਸਾਲ ਦੀ ਸੀ। ਦਾਨਪੁਰ, ਬਕਸਰ, ਆਰਾ, ਛੋਟਾ ਮਿਰਜ਼ਾਪੁਰ, ਬਨਾਰਸ, ਪਰਾਗ, ਲਖਨਊ, ਮਥੁਰਾ, ਥਾਨੇਸਰ, ਸਹਾਰਨਪੁਰ, ਆਦਿ ਥਾਵਾਂ 'ਤੇ ਹੁੰਦੇ ਹੋਏ ਭਾਦੋਂ ਮਹੀਨੇ ਪ੍ਰਵਾਰ ਸਮੇਤ ਲਖਨੌਰ ਨਗਰ ਪੁੱਜੇ ਜੋ ਅੰਬਾਲੇ ਦੇ ਨੇੜੇ ਹੈ। ਇੱਥੇ ਆਰਾਮ ਕਰਕੇ ਅਨੰਦਪੁਰ ਸਾਹਿਬ ਪਹੁੰਚ ਗਏ। ਉਸ ਵੇਲੇ ਸਾਰੇ ਇਲਾਕੇ 'ਚ ਖੁਸ਼ੀਆਂ ਦਾ ਮਹੌਲ ਸੀ।

ਧਰਮ ਤੇ ਸ਼ਾਸ਼ਤ੍ਰ ਵਿਦਿਆ-ਇਤਿਹਾਸ ਦਸਦਾ ਹੈ ਕਿ ਮਾਤਾ ਪਿਤਾ ਦੇ ਹੁਕਮ ਮੁਤਾਬਿਕ ਮਾਮਾ ਕ੍ਰਿਪਾਲ ਚੰਦ ਦੀ ਦੇਖ ਰੇਖ ਵਿੱਚ ਆਪ ਜੀ ਦੀ ਧਰਮ ਤੇ ਸ਼ਸਤਰ ਵਿਦਿਆ ਦੀ ਸਿਖਲਾਈ ਹੋਈ। ਜਿਸ ਵਿੱਚ ਰੱਬੀ ਭਗਤਾਂ, ਬਾਬੇ ਨਾਨਕ ਦੇ ਬਾਕੀ ਜਾਂਨਸ਼ੀਨਾਂ ਜਿੰਨ੍ਹਾਂ ਦੀ ਬਾਣੀ ਤੇ ਗੁਰ ਇਤਿਹਾਸ ਦਾ ਗਿਆਨ ਦਿੱਤਾ ਗਿਆ। ਪੰਜਾਬੀ ਤੋਂ ਇਲਾਵਾ ਹਿੰਦੀ, ਸੰਸਕ੍ਰਿਤ ਅਤੇ ਫਾਰਸੀ ਆਦਿ ਵਿਦਿਆ ਵੀ ਸਿਖਾਈ ਗਈ। ਸ਼ਸ਼ਤ੍ਰ ਚਲਾਉਣ ਅਤੇ ਘੋੜ ਸਵਾਰੀ ਸਿਖਾਉਣ ਵਾਸਤੇ ਭਾਈ ਬੱਜਰ ਸਿੰਘ ਦੀ ਸੇਵਾ ਲਾਈ ਗਈ।

ਗੁਰਿਆਈ-ਪਿਤਾ ਗੁਰੂ ਦੀ ਸ਼ਹੀਦੀ ਤੋਂ ਤੁਰੰਤ ਬਾਅਦ ਕਰੀਬ ਨੌਂ ਸਾਲ ਦੀ ਉਮਰ ਵਿੱਚ 11 ਨਵੰਬਰ 1675 ਨੂੰ ਗੁਰਤਾ ਪ੍ਰਾਪਤ ਹੋਈ। ਅਠਾਰਾਂ ਸਾਲ ਦੀ ਉਮਰ 'ਚ ਆਪ ਜੀ ਦਾ ਅਨੰਦ ਕਾਰਜ ਮਾਤਾ ਜੀਤੋ ਜੀ ਨਾਲ 1684 ਈ. ਨੂੰ ਗੁਰੂ ਕੇ ਲਾਹੌਰ ਨੇੜੇ ਅਨੰਦਪੁਰ ਵਿਖੇ ਹੋਇਆ। ਮਾਤਾ ਜੀਤੋ ਦਾ ਨਾਮ ਉਸ ਵੇਲੇ ਦੇ ਰਿਵਾਜ ਅਨੁਸਾਰ ਸਹੁਰੇ ਘਰ ਵਿਖੇ ਬਦਲ ਕੇ ਸੁਹਣੀ ਸੁਲੱਖਣੀ ਹੋਣ ਕਰਕੇ ਸੁੰਦਰੀ ਰੱਖਿਆ ਗਿਆ। ਸਮੇ ਨਾਲ ਮਾਤਾ ਜੀਤੋ ਦੀ ਕੁਖ ਤੋਂ ਚਾਰ ਬੱਚੇ ਪੈਦਾ ਹੋਏ ਜਿੰਨ੍ਹਾਂ ਨੂੰ ਸਤਿਕਾਰ ਨਾਲ ਸਾਹਿਬਜ਼ਾਦੇ ਤੇ ਬਾਬੇ ਕਿਹਾ ਜਾਂਦਾ ਹੈ। ਸਾਹਿਬਜ਼ਾਦਿਆਂ ਦੀਆਂ ਕ੍ਰਮਵਾਰ ਜਨਮ ਤਾਰੀਖਾਂ-ਬਾਬਾ ਅਜੀਤ ਸਿੰਘ ਸੰਨ 1686, ਬਾਬਾ ਜੁਝਾਰ ਸਿੰਘ 1690, ਬਾਬਾ ਜੋਰਾਵਰ ਸਿੰਘ 1696 ਅਤੇ ਬਾਬਾ ਫ਼ਤਿਹ ਸਿੰਘ 1698 ਈਸਵੀ ਹਨ। ਵੱਡੇ ਸਾਹਿਬਜ਼ਾਦੇ ਮੁਗਲੀਆ ਜ਼ਾਲਮ ਸਰਕਾਰ ਦੀਆਂ ਭਾਰੀ ਫੌਜਾਂ ਨਾਲ ਲੋਹਾ ਲੈਂਦੇ ਮੈਦਾਨਿ-ਜੰਗ ਚਮਕੌਰ ਤੇ ਛੋਟੇ ਸਰਹਿੰਦ ਵਿਖੇ ਸੱਚ ਧਰਮ ਦੀ ਖਾਤਰ ਈਨ ਨਾ ਮੰਨਦੇ ਅਣਖ ਤੇ ਗੈਰਤ ਨਾਲ ਜੂਝਦੇ ਸ਼ਹੀਦ ਹੋਏ।

ਕਾਰਨਾਮੇ-ਕਿਲੇ, ਤਖਤ ਤੇ ਹੋਰ ਅਸਥਾਨ ਰਚੇ ਤੇ ਵਸਾਏ ਜਿਵੇਂ ਤਖਤ ਕੇਸ ਗੜ੍ਹ ਤੇ ਕਿਲੇ ਫਤਹਿ ਗੜ੍ਹ, ਹੋਲ ਗੜ੍ਹ, ਅਨੰਦ ਗੜ੍ਹ ਤੇ ਲੋਹ ਗੜ੍ਹ, ਧਰਮ ਪ੍ਰਚਾਰ ਅਸਥਾਨ ਪਾਉਂਟਾ ਸਾਹਿਬ, ਦਮਦਮਾ ਸਾਹਿਬ-ਤਲਵੰਡੀ, ਗੁਰੂ ਕਾ ਲਾਹੌਰ-ਨਾਹਨ ਹਿਮਾਚਲ ਤੇ ਹਜੂਰ ਸਾਹਿਬ ਅਬਚਲ ਨਗਰ-ਨਾਦੇੜ। ਜੰਗਾਂ-ਭੰਗਾਣੀ, ਨਦੌਣ, ਗੁਲੇਰ ਜਾ ਹੁਸੈਨੀ, ਅਨੰਦ-ਪੁਰ, ਚਮਕੌਰ ਅਤੇ ਮੁਕਤਸਰ ਆਦਿਕ ਥਾਵਾਂ ਤੇ 14 ਜੰਗਾਂ ਲੜੀਆਂ।

ਕਸ਼ਮੀਰ ਵਿੱਚ ਜਦੋਂ ਔਰੰਗਜ਼ੇਬ ਦੇ ਹੁਕਮ ਅਨੁਸਾਰ ਸ਼ੇਰ ਅਫ਼ਗਾਨ ਖ਼ਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਜ਼ਬਰੀ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ ਤਾਂ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਪੰਡਿਤਾਂ ਨੇ ਗੁਰੂ ਦਰਬਾਰ ਅਨੰਦਪੁਰ ਸਾਹਿਬ ਆ ਫ਼ਰਿਆਦ ਕੀਤੀ ਤਾਂ ਗੁਰੂ ਜੀ ਵੱਲੋਂ ਸ਼ਰਣ ਆਏ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਜਾਉ, ਔਰੰਗਜ਼ੇਬ ਨੂੰ ਕਹਿ ਦੋ ਕਿ ਜੇ ਉਹ ਬਾਬਾ ਨਾਨਕ ਦੇ ਵਾਰਸ "ਤੇਗ ਬਹਾਦਰ" ਨੂੰ ਮੁਸਲਮਾਨ ਬਣਾ ਲੈਣ ਤਾਂ ਅਸੀਂ ਸਾਰੇ ਖ਼ੁਦ ਹੀ ਮੁਸਲਮਾਨ ਬਣ ਜਾਵਾਂਗੇ। ਬਾਲ ਗੋਬਿੰਦ ਰਾਏ ਉਸ ਵੇਲੇ ਨੌਂ ਸਾਲ ਦੇ ਸਨ, ਇਸ ਫੈਸਲੇ 'ਤੇ ਖੁਸ਼ੀ ਨਾਲ ਮੁਸਕਰਾਏ। ਗੁਰੂ ਪਾਤਸ਼ਾਹ ਹੋਣਹਾਰ ਸਾਹਿਬਜ਼ਾਦੇ ਦੀ ਸੂਝ-ਬੂਝ ਤੇ ਦਲੇਰੀ ਤੱਕ ਆਪਣੇ ਅਗਲੇ ਉਤਰਾਧਿਕਾਰੀ ਦੀ ਜਿੰਮੇਵਾਰੀ ਸੰਭਾਲਣ ਦੇ ਯੋਗ ਸਮਝ ਕੇ ਆਪਣੇ ਸਿੱਖਾਂ ਭਾ. ਮਤੀ ਦਾਸ, ਭਾ. ਦਿਆਲਾ ਅਤੇ ਭਾ. ਸਤੀ ਦਾਸ ਜੀ ਸਮੇਤ ਚਾਦਨੀ ਚੌਂਕ (ਦਿੱਲੀ) ਵੱਲ ਚੱਲ ਪਏ। ਉਸ ਸਮੇ ਔਰੰਗਜ਼ੇਬ ਨੇ ਗੁਰੂ ਪਾਤਸ਼ਾਹ ਅੱਗੇ ਸ਼ਰਤਾਂ ਰੱਖੀਆਂ ਕਿ ਇਸ ਮਸਲੇ ਨੂੰ ਛੱਡ ਦਿਓ, ਇਸਲਾਮ ਧਾਰਨ ਕਰ ਲਓ ਜਾਂ ਫਿਰ ਮੌਤ ਕਬੂਲ ਕਰਨੀ ਪਵੇਗੀ ਤਾਂ ਗੁਰੂ ਤੇਗ ਬਹਾਦਰ ਜੀ ਨੇ ਭਰੀ ਸਭਾ 'ਚ ਔਰੰਗਜ਼ੇਬ ਦੀ ਜ਼ਾਲਮ ਸਰਕਾਰ ਨੂੰ ਬਹਾਦਰੀ ਭਰੇ ਲਹਿਜੇ 'ਚ ਕਿਹਾ ਕਿ ਜ਼ਬਰੀ ਕਿਸੇ ਦਾ ਮਜਹਬ ਤਬਦੀਲ ਕਰਨਾ ਇਸਾਨੀਅਤ ਨਹੀਂ ਹਰੇਕ ਨੂੰ ਅਜ਼ਾਦੀ ਨਾਲ ਜੀਣ ਦਾ ਹੱਕ ਹੈ। ਇਸਲਾਮ ਅਸੀਂ ਕਬੂਲ ਨਹੀਂ ਕਰਨਾ ਅਤੇ ਮੌਤ ਅਸੀਂ ਖਿੜੇ ਮੱਥੇ ਪ੍ਰਵਾਨ ਕਰਦੇ ਹਾਂ ਜੋ ਹਰੇਕ 'ਤੇ ਇਕ ਦਿਨ ਆ ਜਾਂਦੀ ਹੈ ਤਾਂ ਪਾਪੀ ਔਰੰਗੇ ਦੇ ਹੁਕਮ ਨਾਲ 11 ਨਵੰਬਰ 1675 ਈਸਵੀ ਨੂੰ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਤਸੀਹੇ ਦੇ ਕੇ, ਸੀਸ ਗੰਜ਼ ਵਾਲੇ ਥਾਂ 'ਤੇ ਸ਼ਹੀਦ ਕਰ ਦਿੱਤਾ ਗਿਆ। ਭਾ. ਜੈਤਾ ਗੁਰੂ ਜੀ ਦੇ ਸੀਸ ਨੂੰ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ, ਗੁਰੂ ਗੋਬਿੰਦ ਸਿੰਘ ਜੀ ਨੇ ਭਾ. ਸਾਹਿਬ ਨੂੰ ਛਾਤੀ ਨਾਲ ਲਾ ਪਿਆਰ ਗਲਵਕੜੀ 'ਚ ਲੈ "ਰੰਗਰੇਟੇ ਗੁਰੂ ਕੇ ਬੇਟੇ" ਕਹੇ ਨਿਵਾਜ਼ਿਆ ਅਤੇ ਆਪ ਗੁਰਤਾ ਤੇ ਆਗੂ ਵਾਲੀਆਂ ਸਾਰੀਆਂ ਜੁਮੇਵਾਰੀਆਂ ਗੁਰੂ ਪਿਤਾ ਦਾ ਹੁਕਮ ਮੰਨਦੇ ਸੰਭਾਲ ਲਈਆਂ।




ਸੰਨ 1684 'ਚ ਪਿਤਾ ਗੁਰੂ ਤੇਗ ਬਹਾਦਰ ਜੀ ਦਾ ਵਸਾਇਆ "ਚੱਕ ਨਾਨਕੀ" ਅਹਿਮ ਨਗਰ ਬਣ ਚੁੱਕਾ ਸੀ ਜਿਸ ਕਰਕੇ ਕੁਝ ਪਹਾੜੀ ਰਾਜੇ ਈਰਖਾ ਕਰਨ ਲੱਗ ਪਏ। ਬਿਲਾਸਪੁਰ ਦਾ ਰਾਜਾ ਭੀਮ ਚੰਦ ਵੀ ਗੁਰੂ ਸਾਹਿਬ ਨਾਲ ਔਖਾ ਭਾਰਾ ਹੋ ਗਿਆ ਕਿਉਂਕਿ ਗੁਰੂ ਸਾਹਿਬ ਨੇ ਉਸ ਦੇ ਲੜਕੇ ਦੀ ਮੰਗਣੀ 'ਤੇ ਪਰਸਾਦੀ ਹਾਥੀ, ਚਾਂਦਨੀ ਆਦਿਕ ਨਾਂ ਦਿੱਤੇ। ਸੰਨ 1685 ਦੇ ਸ਼ੁਰੂ ਵਿੱਚ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ ਨੇ ਗੁਰੂ ਪਾਤਸ਼ਾਹ ਨੂੰ ਆਪਣੀ ਰਿਆਸਤ 'ਚ ਦਰਸ਼ਨ ਦੇਣ ਲਈ ਅਰਜ਼ ਕੀਤੀ ਤਾਂ 14 ਅਪ੍ਰੈਲ 1685 ਨੂੰ ਗੁਰੂ ਸਾਹਿਬ ਨਾਹਨ ਪੁੱਜੇ। ਆਪ ਨੇ ਰਿਆਸਤ ਦਾ ਦੌਰਾ ਕੀਤਾ ਤੇ ਦਰਿਆ ਜਮਨਾ ਦੇ ਕੰਢੇ 29 ਅਪ੍ਰੈਲ 1685 ਪਾਉਂਟਾ ਸਾਹਿਬ ਵਸਾਇਆ। ਅਗਲੇ ਤਿੰਨ ਸਾਲ ਪੰਜ ਮਹੀਨੇ ਪਾਉਂਟਾ ਸਾਹਿਬ 'ਚ ਨਿਵਾਸ ਕੀਤਾ। ਇੱਥੇ ਸਿੱਖ ਸੇਵਕਾਂ ਨੂੰ ਵਿਦਿਆ ਪੜਾਈ ਤੇ ਕਵੀ ਦਰਬਾਰ ਸਜਾ ਵਿਦਵਾਨ ਕਵੀਆਂ ਦਾ ਸਨਮਾਨ ਕੀਤਾ, ਇਤਿਹਾਸ ਇਨ੍ਹਾਂ ਨੂੰ 52 ਕਵੀ ਦਸਦਾ ਹੈ।

ਭੰਗਾਣੀ ਦਾ ਭਿਆਣਕ ਯੁੱਧ-ਭੰਗਾਣੀ ਪਾਉਂਟਾ ਸਾਹਿਬ ਤੋਂ ਲਗਭਗ ਛੇ ਮੀਲ ਦੂਰ ਦੋ ਪਹਾੜਾਂ ਦੇ ਵਿਚਕਾਰ ਜਮੁਨਾ ਦੇ ਕਿਨਾਰੇ ਖੁਲ੍ਹਾ ਮੈਦਾਨ ਬਿਲਾਸਪੁਰ ਤੋਂ ਆਉਣ ਵਾਲਾ ਪ੍ਰਮੁੱਖ ਰਸਤਾ ਹੈ। ਬਾਈ ਰਿਆਸਤਾਂ 'ਚ ਵੰਡਿਆ ਹੋਣ ਕਰਕੇ ਇਸ ਇਲਾਕੇ ਨੂੰ ਬਾਈਧਾਰ ਕਿਹਾ ਜਾਂਦਾ ਹੈ ਜੋ ਜੰਮੂ ਤੋਂ ਗੜਵਾਲ ਤੱਕ, ਝਨਾਂ ਤੋਂ ਗੰਗਾ ਨਦੀ ਤੱਕ ਫੈਲਿਆ ਹੈ। ਇਨ੍ਹਾਂ ਰਿਆਸਤਾਂ ਦੇ ਸਭ ਰਾਜੇ ਸਨਾਤਨੀ ਹਿੰਦੂ ਸਨ ਜਿਨ੍ਹਾਂ ਦੇ ਵਡੇਰਿਆਂ ਨੂੰ ਛੇਵੇਂ ਪਾਤਸ਼ਾਹ ਨੇ ਗਵਾਲੀਆਰ ਦੇ ਕਿਲੇ 'ਚ 52 ਕਲੀਆ ਚੋਲਾ ਪਾ ਕੇ ਜਹਾਂਗੀਰ ਦੀ ਕੈਦ ਚੋਂ ਛੁਡਵਾਇਆ ਸੀ। ਇਨਾਂ ਦੇ ਵਾਰਸ ਰਾਜੇ ਗੁਰੂ ਸਾਹਿਬ ਦੀ ਨੀਤੀ ਤੋਂ ਔਖੇ ਸਨ। ਪੀਰ ਬੁਧੂ ਸ਼ਾਹ ਨਾਲ ਮੁਲਾਕਾਤ ਵੀ ਪਾਉਂਟਾ ਸਾਹਿਬ ਹੋਈ। ਪੀਰ ਜੀ ਨੇ ਮੁਗ਼ਲ ਫ਼ੌਜ ਵਿੱਚੋਂ ਕੱਢੇ 500 ਪਠਾਨ ਗੁਰੂ ਜੀ ਦੀ ਫੌਜ ਵਿੱਚ ਰਖਵਾਏ, ਜਿੰਨਾਂ ਦੇ ਪੰਜ ਸਰਦਾਰ ਕਾਲੇ ਖਾਂ, ਭੀਖ਼ਨ ਖਾਂ, ਨਜ਼ਾਬਤ ਖਾਂ, ਉਮਰ ਖਾਂ ਅਤੇ ਹਯਾਤ ਖਾਂ ਸਨ। ਇਨ੍ਹਾਂ ਚੋਂ ਭੰਗਾਣੀ ਯੁੱਧ ਸਮੇ ਕੇਵਲ ਕਾਲੇ ਖ਼ਾਂ ਸਰਦਾਰ ਤੋਂ ਬਿਨਾਂ ਬਾਕੀ ਚਾਰੇ ਆਪਣੇ 400 ਸਾਥੀਆਂ ਸਮੇਤ ਵਿਰੋਧੀਆਂ ਨਾਲ ਜਾ ਰਲੇ ਤਾਂ ਪੀਰ ਜੀ ਆਪਣੇ 700 ਮੁਰੀਦਾਂ ਸਮੇਤ ਗੁਰੂ ਜੀ ਦੀ ਮਦਦ ਲਈ ਪਹੁੰਚੇ ਜਿੱਥੇ ਉਨ੍ਹਾਂ ਦੇ ਦੋ ਭਰਾ ਤੇ ਕਈ ਮੁਰੀਦ ਸਿਪਾਹੀ ਪਠਾਨ ਵੀ ਸ਼ਹੀਦ ਹੋਏ। ਅਨੰਦਪੁਰ ਸਾਹਿਬ ਕਹਿਲੂਰ ਦੀ ਰਿਆਸਤ ਵਿੱਚ ਪੈਂਦਾ ਸੀ, ਜਿਸ ਦਾ ਰਾਜਾ ਭੀਮ ਚੰਦ ਸੀ। ਉਸ ਨੂੰ ਗੁਰੂ ਸਾਹਿਬ ਵਲੋਂ "ਰਣਜੀਤ ਨਗਾਰਾ" ਵਜਾਉਣਾ ਹੇਠੀ ਜਾਪਦੀ ਤੇ ਉਹ "ਗੁਰੂ" ਨੂੰ ਆਪਣੇ ਪ੍ਰਭਾਵ ਥੱਲੇ ਰੱਖਣਾ ਚਾਹੁੰਦਾ ਸੀ। ਇਹ ਜਾਤ-ਪਾਤੀ ਰਾਜੇ ਗਰੀਬਾਂ ਤੇ ਦਲਿਤਾਂ ਦਾ ਨਿਰਾਦਰ ਕਰਦੇ ਪਰ ਗੁਰੂ ਸਾਹਿਬ ਸਭ ਨੂੰ ਸੰਗਤ ਤੇ ਪੰਗਤ 'ਚ ਬਰਾਬਰ ਮਾਨ ਦਿੰਦੇ ਸਨ।

ਗੁਰੂ ਸਾਹਿਬ ਨੇ ਗੜਵਾਲ ਦੇ ਰਾਜੇ ਫ਼ਤਹਿ ਸ਼ਾਹ ਤੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੀ ਸੁਲਾਹ ਕਰਵਾਈ ਜੋ ਭੀਮ ਚੰਦ ਨੂੰ ਖਾਸੀ ਚੁੱਭੀ। ਇਸ ਸਮੇਂ ਦੌਰਾਨ ਰਾਜਾ ਭੀਮ ਚੰਦ ਦੇ ਲੜਕੇ ਦੀ ਮੰਗਣੀ ਰਾਜਾ ਫ਼ਤੇਹ ਸ਼ਾਹ ਦੀ ਲੜਕੀ ਨਾਲ ਹੋਈ। ਭੀਮ ਚੰਦ ਨੇ ਗੁਰੂ ਸਾਹਿਬ ਨੂੰ ਸੁਨੇਹਾ ਭੇਜਿਆ ਕਿ ਮੇਰੇ ਪੁੱਤਰ ਦੀ ਬਰਾਤ ਬਿਲਾਸਪੁਰ ਤੋਂ ਸਿਰੀ ਨਗਰ-ਗੜ੍ਹਵਾਲ ਪਾਉਂਟੇ ਕੋਲੋਂ ਲੰਘੇਗੀ। ਬਰਾਤ 'ਚ ਫੌਜ ਵੀ ਹੋਵੇਗੀ ਜੋ ਬੇਕਾਬੂ ਹੋ ਕੇ ਤੁਹਾਨੂੰ ਲੁੱਟ ਸਕਦੀ ਹੈ, ਇਸ ਲਈ ਤੁਸੀਂ ਰਸਤੇ 'ਚੋਂ ਪਾਸੇ ਹੋ ਜਾਓ ਨਹੀਂ ਤਾਂ ਤੁਹਾਡਾ ਹੀ ਨੁਕਸਾਨ ਹੋਏਗਾ। ਗੁਰੂ ਜੀ ਨੇ ਜਵਾਬ ਦਿੱਤਾ ਕਿ ਤੁਹਾਡੇ ਪੁੱਤ੍ਰ ਦੀ ਬਰਾਤ ਨੂੰ ਰੋਕਾਂਗੇ ਨਹੀਂ ਪਰ ਫੌਜ ਰੋਕੀ ਜਾਵੇਗੀ। ਜੇਕਰ ਫੌਜ ਦਾ ਜਾਣਾ ਜ਼ਰੂਰੀ ਐ ਤਾਂ ਕਿਸੇ ਹੋਰ ਰਸਤੇ 'ਚੋਂ ਚਲੀ ਜਾਵੇ। ਇਹ ਸੁਣ ਕੇ ਭੀਮ ਚੰਦ ਗੁੱਸੇ 'ਚ ਅੱਗ ਬਲੂਲਾ ਹੋ ਗਿਆ ਤੇ ਰਾਜੇ ਫ਼ਤਹਿ ਸ਼ਾਹ ਦੁਆਰਾ ਗੁਰੂ ਜੀ ਨੂੰ ਵਿਆਹ 'ਚ ਬੁਲਾਵਾ ਭੇਜ ਦਿੱਤਾ। ਗੁਰੂ ਜੀ ਆਪ ਤਾਂ ਨਹੀਂ ਗਏ ਪ੍ਰੰਤੂ ਆਪਣੇ ਦੀਵਾਨ ਨੰਦ ਚੰਦ ਨੂੰ ਕੀਮਤੀ ਤੋਹਫੇ ਦੇ ਕੇ ਭੇਜ ਦਿੱਤਾ ਤੇ ਸੁਚੇਤ ਰਹਿਣ ਲਈ ਵੀ ਕਿਹਾ। ਸ਼ਾਦੀ ਤੋਂ ਪਹਿਲਾਂ ਭਰੀ ਸਭਾ 'ਚ ਤੋਹਫਿਆਂ ਦਾ ਐਲਾਨ ਕੀਤਾ ਗਿਆ, ਗੁਰੂ ਜੀ ਵਲੋਂ ਭੇਜੇ ਤੋਹਫ਼ੇ ਸਭ ਤੋਂ ਕੀਮਤੀ ਸਨ। ਭੀਮ ਚੰਦ ਨੇ ਪਰਸਾਦੀ ਹਾਥੀ ਦੀ ਵੀ ਮੰਗ ਕਰ ਦਿੱਤੀ ਜਿਸ ਬਾਰੇ ਨੰਦ ਚੰਦ ਨੇ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਕਾਬੂ ਕਰਨਾ ਚਾਹਿਆ ਪਰ ਉਹ ਕੁਝ ਸਾਥੀਆਂ ਸਮੇਤ ਹੁਸ਼ਿਆਰੀ ਨਾਲ ਬਚ ਨਿਕਲਿਆ ਤੇ ਆ ਕੇ ਸਾਰੀ ਵਾਰਤਾ ਗੁਰੂ ਸਾਹਿਬ ਨੂੰ ਸੁਣਾ ਦਿੱਤੀ। ਭੀਮ ਚੰਦ ਦੇ ਪੁੱਤ੍ਰ ਦੀ ਸ਼ਾਦੀ ਹੋ ਗਈ। ਲਾੜਾ ਤੇ ਵਹੁਟੀ ਬਿਲਾਸਪੁਰ ਭੇਜ ਦਿੱਤੇ ਗਏ। ਬਾਕੀ ਸਾਰੇ ਰਾਜੇ ਆਪਣੀਆਂ ਫੌਜਾਂ ਲੈ ਕੇ ਪਾਉਂਟਾ ਸਾਹਿਬ ਵੱਲ ਗੁਰੂ ਸਾਹਿਬ 'ਤੇ ਹਮਲਾ ਕਰਨ ਲਈ ਚੱਲ ਪਏ। ਇਸ ਜੰਗ 'ਚ ਕਹਿਲੂਰ ਦਾ ਰਾਜਾ ਭੀਮ ਚੰਦ, ਗੜ੍ਹਵਾਲ ਦਾ ਫ਼ਤਹਿ ਸ਼ਾਹ, ਕਾਂਗੜੇ ਦਾ ਕ੍ਰਿਪਾਲ ਚੰਦ, ਮੰਡੀ ਦਾ ਬੀਰ ਸੈਨ, ਜਸਵਾਲ ਦਾ ਕੇਸਰੀ ਚੰਦ, ਕਾਠਗੜ੍ਹ ਦਾ ਦਿਆਲ ਚੰਦ, ਹਿੰਡੌਰ ਦਾ ਹਰੀ ਚੰਦ, ਭੰਬੋਰ ਦਾ ਕਰਮ ਚੰਦ ਅਤੇ ਸ਼ਿਮਲੇ ਦਾ ਲੱਛੂ ਚੰਦ ਸ਼ਾਮਲ ਹੋਏ। ਭੰਗਾਣੀ ਦੀ ਜੰਗ 15 ਅਪ੍ਰੈਲ 1687 ਨੂੰ ਹੋਈ ਜੋ ਦਸਮੇਸ਼ ਜੀ ਵਲੋਂ ਲੜੀਆਂ ਚੌਦਾਂ ਜੰਗਾਂ ਵਿਚੋਂ ਪਹਿਲੀ ਸੀ। ਗੁਰੂ ਸਾਹਿਬ ਦੀ ਉਮਰ ਉਸ ਸਮੇਂ 21 ਸਾਲ ਸੀ, ਸੰਸਾਰ 'ਚ ਏਨੀ ਛੋਟੀ ਉਮਰੇ ਕੋਈ ਵੀ ਕਮਾਂਡਰ-ਇਨ-ਚੀਫ਼ ਨਹੀਂ ਬਣਿਆ। ਇਸ ਲੜਾਈ 'ਚ ਮਹੰਤ ਕ੍ਰਿਪਾਲ ਦਾਸ ਨੇ ਆਪਣੇ ਕੁਤਕੇ ਨਾਲ ਭਗੌੜੇ ਪਠਾਨ ਜਰਨੈਲ ਹਯਾਤ ਖ਼ਾਨ ਨੂੰ ਖਤਮ ਦਿੱਤਾ। ਅਨੇਕਾਂ ਪਹਾੜੀ ਫੌਜੀਆਂ ਸਮੇਤ ਰਾਜਾ ਹਰੀ ਚੰਦ ਵੀ ਮਾਰਿਆ ਗਿਆ।

ਗੁਰੂ ਪਾਤਸ਼ਾਹ ਦੀ ਮਦਦ ਲਈ ਪੀਰ ਬੁਧੂ ਸ਼ਾਹ ਆਪਣੇ ਚਾਰ ਪੁੱਤਰਾਂ, ਦੋਹਾਂ ਭਰਾਵਾਂ ਅਤੇ 700 ਚੇਲਿਆਂ ਸਮੇਤ ਪਹੁੰਚੇ, ਗੁਰੂ ਜੀ ਦੀ ਭੂਆ ਵੀਰੋ ਦੇ ਪੰਜ ਪੁੱਤ੍ਰ ਜੀਤ ਮੱਲ, ਸੰਗੋ ਸ਼ਾਹ, ਮੋਹਰੀ ਚੰਦ, ਗੁਲਾਬ ਰਾਇ ਅਤੇ ਗੰਗਾ ਰਾਮ ਨੇ ਵੀ ਸਾਥ ਦਿੱਤਾ। ਮਾਮਾ ਕ੍ਰਿਪਾਲ ਚੰਦ ਤੇ ਬਨਾਰਸ ਤੋਂ ਭਾਈ ਰਾਮ ਜੀ ਵੀ ਭਾਰੀ ਤੋਪ ਤੇ ਹੋਰ ਜੰਗੀ ਸਮਾਨ ਲੈ ਕੇ ਜੱਥੇ ਸਮੇਤ ਆਇਆ ਜਿਸ ਵਿੱਚ ਬੀਬੀ ਵੀਰੋ ਜੀ ਦੇ ਦੋ ਪੁੱਤਰ ਸੰਗੋ ਸ਼ਾਹ ਤੇ ਜੀਤ ਮੱਲ, ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰ ਸੱਯਦ ਅਸ਼ਰਫ ਤੇ ਸੱਯਦ ਮੁਹੰਮਦ ਸ਼ਾਹ ਸਮੇਤ ਕਈ ਫੌਜੀ ਸ਼ਹੀਦ ਹੋ ਹੋਏ। ਪੀਰ ਬੁੱਧੂ ਸ਼ਾਹ ਨੂੰ ਦਸਤਾਰ, ਕੰਘੇ ਤੇ ਪਿਆਰ ਗਲਵਕੜੀ ਪਾ ਸਮਾਨਿਤ ਕਰਦੇ ਗੁਰੂ ਜੀ ਨੇ ਸਾਬਤ ਕਰ ਦਿੱਤਾ ਕਿ ਧਰਮ ਪ੍ਰੇਮ ਦਾ ਮਾਰਗ ਹੈ। ਅੱਗੇ 27 ਅਕਤੂਬਰ, 1688 ਦੇ ਦਿਨ, ਪਾਉਂਟਾ ਸਾਹਿਬ ਤੋਂ ਚੱਲੇ ਅਤੇ ਕਪਾਲ ਮੋਚਨ, ਲਾਹੜਪੁਰ, ਟੋਕਾ, ਦਾਬਰਾ, ਰਾਣੀ ਦਾ ਰਾਏਪੁਰ, ਢਕੌਲੀ, ਨਾਢਾ, ਮਨੀਮਾਜਰਾ, ਕੋਟਲਾ ਨਿਹੰਗ, ਘਨੌਲਾ, ਬੁੰਗਾ, ਅਟਾਰੀ, ਕੀਰਤਪੁਰ ਤੋਂ ਹੁੰਦੇ ਹੋਏ, ਨਵੰਬਰ ਦੇ ਅੱਧ 'ਚ, ਚੱਕ ਨਾਨਕੀ ਪਹੁੰਚੇ।

ਗੁਰੂ ਪਾਤਸ਼ਾਹ ਦਾ ਜੀਵਨ ਕਾਲ ਲੰਬਾ ਨਹੀਂ ਸਗੋਂ ਸ਼ੰਘਰਸ਼ਾਂ ਨਾਲ ਏਨਾ ਭਰਪੂਰ ਕਿ ਉਨ੍ਹਾਂ ਨੂੰ ਸ਼ਾਇਦ ਹੀ ਕਿਤੇ ਅਰਾਮ ਮਿਲਿਆ ਹੋਵੇ। ਨੇਕੀ ਬਚਾਉਣੀ ਤੇ ਬਦੀ ਖਤਮ ਕਰਨੀ ਉਨ੍ਹਾਂ ਦੇ ਜੀਵਨ ਦਾ ਉਦੇਸ਼ ਸੀ। ਇਸ ਦੀ ਪੂਰਤੀ ਲਈ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਜੰਗੀ, ਇਖਲਾਕੀ ਅਤੇ ਜਜ਼ਬਾਤੀ ਤੌਰ ਤੇ ਤਿਆਰ ਕੀਤਾ। ਡੇਢ ਸਾਲ ਪਿੱਛੋਂ ਗੁਰੂ ਜੀ ਨੇ ਨਦੌਣ ਦੇ ਯੁੱਧ ਵਿੱਚ ਭਾਗ ਲਿਆ ਅਤੇ ਵੱਡੇ ਹਮਲਾਵਰ ਅਲਫ ਖਾਂ ਦੇ ਵਿਰੁੱਧ ਰਾਜਾ ਭੀਮ ਚੰਦ ਤੇ ਉਸ ਦੇ ਸਾਥੀ ਰਾਜਿਆਂ ਦੀ ਮਦਦ ਕੀਤੀ ਕਿਉਂਕਿ ਗੁਰੂ ਜੀ ਦੀ ਭੀਮ ਚੰਦ ਨਾਲ ਕੋਈ ਦਿਲੀ ਦੁਸ਼ਮਨੀ ਨਹੀਂ ਸੀ। ਫਿਰ ਕਈ ਵਰ੍ਹਿਆਂ ਤੱਕ ਸ਼ਾਂਤੀ ਬਣੀ ਰਹੀ। ਸੰਨ 1694 ਦੇ ਅੰਤ 'ਚ ਕਾਂਗੜੇ ਦੇ ਫੌਜਦਾਰ ਦਿਲਾਵਰ ਖਾਂ ਨੇ ਆਪਣੇ ਪੁੱਤ੍ਰ ਨੂੰ ਅਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ ਜੋ ਲੜਾਈ ਅਰੰਭ ਹੋਣ ਤੋਂ ਪਹਿਲਾਂ ਹੀ ਵਾਪਸ ਭੱਜ ਗਿਆ।

ਖਾਲਸੇ ਦੀ ਸਾਜਨਾ ਤੇ ਉਪਦੇਸ਼-ਖਾਲਸਾ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਚ ਪਹਿਲੇ ਭਗਤ ਕਬੀਰ ਜੀ ਨੇ ਵਰਤਿਆ ਕਿ-ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥ (ਸ਼ਬਦ ਗੁਰੂ ਗ੍ਰੰਥ) ਭਾਵ ਖਾਲਸਾ ਉਹ ਹੈ ਜੋ ਖਾਲਿਕ ਤੇ ਖਲਕਿਤ ਨਾਲ ਪ੍ਰੇਮ ਕਰਨਾ ਜਾਣਦਾ ਹੈ। ਗੁਰੂ ਸਾਹਿਬ ਨੇ ਇਸੇ ਪ੍ਰੇਮ ਧਾਰਾ ਨੂੰ ਜੀਵਨ 'ਚ ਧਾਰਨ, ਸਦਾ ਲਈ ਊਚ-ਨੀਚ ਖਤਮ ਕਰਨ, ਜਾਤ-ਪਾਤੀ ਸਿਸਟਮ ਤੋੜਨ, ਸਭ ਨੂੰ ਸਵੈਮਾਣਤਾ ਨਾਲ ਜੀਣ, ਥੋਥੇ ਕਰਮਕਾਂਡਾਂ ਦੀ ਗੁਲਾਮੀ ਦੀ ਸੰਗਲੀ ਗਲੋਂ ਲਾਹੁਣ, ਸੰਤ-ਸਿਪਾਹੀ ਬਿਰਤੀ ਦੇ ਮਾਲਕ ਹੋ, ਨਿਤ ਵਿਕਾਰਾਂ ਨਾਲ ਜੂਝਣ, ਖਾਣ ਪੀਣ ਤੇ ਰਹਿਣ ਸਹਿਣ ਦੇ ਵਰਨਵੰਡੀ ਭਰਮਾ ਭੁਲੇਖਿਆਂ ਨੂੰ ਦੂਰ ਕਰ, ਹੱਥੀਂ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਤੇ "ਏਕ ਪਿਤਾ ਏਕਸੁ ਕੇ ਹਮ ਬਾਰਿਕ" ਹੋਣ ਦਾ ਅਹਿਸਾਸ ਮਹਿਸੂਸ ਕਰਕੇ, ਸਦਾ ਚੜ੍ਹਦੀ ਕਲਾ 'ਚ ਜੀਣ, ਇੱਕ ਅਕਾਲ ਦੇ ਝੰਡੇ ਥੱਲੇ ਆਉਣ ਲਈ ਨਾਮ ਅੰਮ੍ਰਿਤ ਦੀ ਦਾਤ ਬਖਸ਼ਦੇ ਸਿਧਾਂਤਿਕ ਅੰਮ੍ਰਿਤਪਾਨ ਕਰਵਾਇਆ। ਵੈਸਾਖ ਸੰਨ 1699 ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਵੱਡਾ ਇਕੱਠ ਹੋਇਆ। ਗੁਰੂ ਜੀ ਨੇ ਵੱਖ ਵੱਖ ਇਲਾਕੇ ਤੇ ਵੱਖ ਵੱਖ ਜਾਤਾਂ 'ਚੋਂ ਪੰਜਾਂ ਦੀ ਚੋਣ ਕੀਤੀ। ਇਕੱਠ 'ਚ ਵਾਰੀ-ਵਾਰੀ ਭਾ. ਦਇਆ ਰਾਮ, ਭਾ. ਧਰਮ ਚੰਦ, ਭਾ. ਹਿੰਮਤ ਰਾਏ, ਭਾ. ਮੋਹਕਮ ਚੰਦ ਅਤੇ ਭਾ. ਸਾਹਿਬ ਚੰਦ ਹਾਜ਼ਰ ਹੋਏ। ਗੁਰੂ ਜੀ ਨੇ ਪਹਿਲਾਂ ਉਨ੍ਹਾਂ ਨੂੰ ਸ਼ਬਦ ਗਿਆਨ ਦਾ ਨਾਮ ਅੰਮ੍ਰਿਤ ਛਕਾਇਆ। ਸਾਰਿਆਂ ਦੇ ਨਾਮ ਨਾਲ ਸਿੰਘ ਤੇ ਕੌਰ ਲਗਾ ਕੇ ਵਲੱਖਣਤਾ ਬਖਸ਼ੀ। ਗਿਆਨ ਅੰਮ੍ਰਿਤ ਛਕਣ ਤੋਂ ਬਾਅਦ ਹਰ ਸਿੱਖ ਨੂੰ ਕੇਵਲ "ਸ਼ਬਦ ਗੁਰੂ ਗ੍ਰੰਥ ਸਾਹਿਬ" ਦੀ ਸਰਬਸਾਂਝੀ ਗਿਆਨਮਈ ਬਾਣੀ ਪੜ੍ਹਨ, ਵਿਚਾਰਨ ਤੇ ਧਾਰਨ ਦਾ ਤਾਗੀਦੀ ਆਦੇਸ਼ ਦਿੱਤਾ। ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰੇ ਦਾ ਧਾਰਨੀ ਹੋਣਾ ਫੌਜੀ ਰਹਿਤ ਦੱਸੀ। ਵੱਡੀ ਗਿਣਤੀ 'ਚ ਲੋਕਾਂ ਨੇ ਵਿਸਾਖੀ ਨੂੰ ਗੁਰੂ ਪਾਸੋਂ ਅੰਮ੍ਰਿਤ ਗਿਆਨ ਦੇ ਖੰਡੇ ਦੀ ਪਾਹੁਲ ਲੈ ਕੇ, ਇਨਸਾਨੀਅਤ ਵਾਲਾ ਨਵਾਂ ਜੀਵਨ ਸ਼ੁਰੂ ਕੀਤਾ। ਅੰਮ੍ਰਿਤ ਛੱਕਣਾ ਕੋਈ ਕਰਾਮਾਤ, ਕਰਮਕਾਂਡ ਜਾਂ ਹਊਆ ਨਹੀਂ ਸਗੋਂ ਗੁਰੂ ਗਿਆਨ ਦੁਆਰਾ ਸਮਝ ਕੇ ਲਿਆ ਗਿਆ ਗੈਰਤ ਤੇ ਅਣਖ ਨਾਲ ਸੁਚੱਜਾ ਜੀਵਨ ਜੀਣ ਦਾ ਪ੍ਰਣ ਹੈ।

ਅਨੰਦਪੁਰ ਸਾਹਿਬ ਵਿਖੇ ਹੀ ਖਾਲਸਾ ਫੌਜ ਨੂੰ ਮਾਰਸ਼ਲ ਵਿਦਿਆ ਗਤਕਾ ਆਦਿਕ ਸ਼ਸਤ੍ਰ ਵਿਦਿਆ ਸਿਖਲਾਈ ਗਈ। ਹੋਲੀ ਤੇ ਲੋਕ ਨਸ਼ੇ ਪੀ ਇਕ ਦੂਜੇ ਤੇ ਰੰਗ ਪਾਉਂਦੇ ਸਮੇ ਗੰਦ ਸੁਟਦੇ ਤੇ ਗਾਲੀ-ਗਲੋਚ ਵੀ ਕਰਦੇ ਸਨ ਤਾਂ ਗੁਰੂ ਜੀ ਨੇ ਹੋਲਾ-ਮਹੱਲਾ ਸ਼ੁਰੂ ਕੀਤਾ ਅਤੇ ਸਾਰੇ ਪੰਜਾਬ ਭਾਰਤ 'ਚ ਸੁਨੇਹੇ ਭੇਜ ਦਿੱਤੇ ਕਿ ਹੁਣ ਧਨ ਪਦਾਰਥਾਂ ਦੇ ਨਾਲ, ਚੰਗੇ ਘੋੜੇ, ਸ਼ਸ਼ਤਰ ਤੇ ਜਵਾਨ ਲੈ ਕੇ ਆਓ-ਜਬ ਹਮਰੇ ਦਰਸ਼ਨ ਕਉ ਆਵੋ। ਬਨ ਸੁਚੇਤ ਤਨਿ ਸ਼ਸ਼ਤਰ ਸਜਾਵੋ। ਕਮਰ ਕਸਾ ਕਰਿ ਦਿਓ ਦਿਖਾਈ। ਹਮਰੀ ਖੁਸ਼ੀ ਹੋਏ ਅਧਿਕਾਈ। ਇਉਂ ਖਾਲਸੇ ਨੂੰ ਕਿਰਤ ਵਿਰਤ ਕਰਦੇ ਸ਼ਸ਼ਤਰਾਂ ਨਾਲ ਸਨੰਦਬੱਧ ਹੋ ਸਵੈਮਾਨ ਨਾਲ ਜੀਵਨ ਦਾ ਉਪਦੇਸ਼ ਦਿਤਾ।

ਮਸੰਦ ਸਿਸਟਮ ਖਤਮ ਕਰਨਾ-ਮਸੰਦ ਸਿਸਟਮ ਜੋ ਗੁਰੂ ਰਾਮਦਾਸ ਤੋਂ ਚਲਿਆ ਆ ਰਿਹਾ ਹੁਣ ਏਨਾਂ ਭ੍ਰਿਸ਼ਟ ਹੋ ਚੁੱਕਾ ਸੀ ਕਿ ਉਹ ਸਮਾਜ ਭਲਾਈ ਵਾਲੇ ਗੁਰੂ ਕਾਰਜਾਂ ਲਈ ਦਸਵੰਦ 'ਚ ਹੇਰਫੇਰੀ, ਸਿੱਖਾਂ ਨੂੰ ਬੁਰਾ ਭਲਾ ਬੋਲਣਾ ਤੇ ਇਖਲਾਕ ਤੋਂ ਡਿੱਗ ਚੁੱਕਾ ਹੋਣ ਕਰਕੇ ਬੰਦ ਕਰ ਦਿੱਤਾ ਤੇ ਸਿੱਖ ਖੁਦ ਦਸਵੰਧ ਸਿੱਧਾ ਗੁਰੂ ਭੇਟ ਕਰਨ ਤੇ ਚੰਗੇ ਕੰਮਾਂ ਤੇ ਲਾਉਣ ਲੱਗ ਪਏ।

1704 ਈ. ਵਿੱਚ ਪਹਾੜੀ ਰਾਜਿਆਂ ਨੇ ਦਸ਼ਮੇਸ਼ ਵਿਰੁੱਧ ਔਰੰਗਜ਼ੇਬ ਅੱਗੇ ਫ਼ਰਿਆਦ ਕੀਤੀ ਤਾਂ ਔਰੰਗਜ਼ੇਬ ਨੇ

**(ਬਾਕੀ ਅਗਲੇ ਸਫੇ 'ਤੇ)**

# ਵਿਦਿਆਰਥੀ ਜੀਵਨ ਵਿਚ ਕਿਤਾਬਾਂ ਨੂੰ ਪੜ੍ਹਨ ਦੀ ਮਹੱਤਤਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਕਿਤਾਬਾਂ ਹਰ ਕਿਸੇ ਦੇ ਜੀਵਨ ਵਿਚ, ਖ਼ਾਸ ਕਰ ਵਿਦਿਆਰਥੀਆਂ ਦੀ ਜਿੰਦਗੀ ਵਿਚ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਉਹ ਸਾਡੇ ਸਭ ਤੋਂ ਚੰਗੇ ਦੋਸਤ ਹਨ ਕਿਉਂਕਿ ਉਹ ਸਾਨੂੰ ਜਿੰਦਗੀ ਵਿਚ ਮਹਾਨ ਕੰਮ ਕਰਨ ਅਤੇ ਸਾਡੀ ਅਸਫਲਤਾਵਾਂ ਨੂੰ ਦੂਰ ਕਰਨ ਲਈ ਪ੍ਰੇਰਦੇ ਹਨ। ਅਸੀਂ ਉਨ੍ਹਾਂ ਤੋਂ ਬਹੁਤ ਸਾਰੀਆਂ ਚੀਜ਼ਾਂ ਸਿੱਖਦੇ ਹਾਂ। ਕਿਤਾਬਾਂ ਸਾਡੇ ਸਭ ਤੋਂ ਚੰਗੀਆਂ ਸਾਥੀ ਹਨ ਕਿਉਂਕਿ ਉਹ ਬਦਲੇ ਵਿੱਚ ਕੁਝ ਪੁੱਛੇ ਬਿਨਾਂ ਸਾਨੂੰ ਬਿਨਾਂ ਸ਼ਰਤ ਗਿਆਨ ਪ੍ਰਦਾਨ ਕਰਦੇ ਹਨ।

ਚੰਗੀਆਂ ਕਿਤਾਬਾਂ ਨਾਲ ਦੋਸਤੀ ਤੁਹਾਨੂੰ ਇਕ ਚੰਗਾ ਇਨਸਾਨ ਬਣਾਉਂਦੀ ਹੈ। ਜੇ ਤੁਹਾਡੀ ਮਦਦ ਲਈ ਕੋਈ ਨਹੀਂ ਹੁੰਦਾ, ਤਾਂ ਸਿਰਫ ਇਹ ਤੁਹਾਡੀ ਜਿੰਦਗੀ ਵਿਚ ਸਾਥੀ ਬਣ ਜਾਣੀ ਗਈ। ਤੁਹਾਡੇ ਮਾੜੇ ਸਮੇਂ ਵਿੱਚ ਕਿਤਾਬਾਂ ਹਮੇਸ਼ਾ ਤੁਹਾਡੇ ਲਈ ਰਹਿਣਗੀਆਂ ਅਤੇ ਸਾਡੀ ਜਿੰਦਗੀ ਵਿੱਚ ਸਕਾਰਾਤਮਕ ਮੁੱਲ ਲਿਆਉਣਗੀਆਂ।

ਇਕ ਚੰਗੀ ਕਿਤਾਬ ਇਕ ਚੰਗੇ ਦੋਸਤ ਵਰਗੀ ਹੁੰਦੀ ਹੈ; ਜਿੰਨਾ ਤੁਸੀਂ ਇਸ ਨੂੰ ਪੜੋਗੇ, ਉਨਾ ਹੀ ਦਿਲਚਸਪ ਹੋਣ ਗਈ ਉਨ੍ਹਾਂ ਦਾ ਹਮੇਸ਼ਾ ਪਾਠਕ ਨੂੰ ਲਾਭ ਹੁੰਦਾ ਹੈ।

**ਸਾਨੂੰ ਇਤਿਹਾਸ ਬਾਰੇ ਦੱਸੋ**

ਅਜੋਕੇ ਸਮੇਂ ਵਿਚ, ਕਿਤਾਬਾਂ ਹੀ ਇਕ ਮਾਧਿਅਮ ਹੈ ਜਿਸ ਦੁਆਰਾ ਅਸੀਂ ਇਤਿਹਾਸ ਬਾਰੇ ਜਾਣ ਸਕਦੇ ਹਾਂ। ਇਹ ਸਾਨੂੰ ਦੱਸਦੇ ਹਨ ਕਿ ਪਿਛਲੇ ਸਮੇਂ ਕੀ ਹੋਇਆ ਸੀ। "ਸਮੇਂ ਦਾ ਸੰਖੇਪ ਇਤਿਹਾਸ" ਆਦਿ ਕਿਤਾਬਾਂ ਕੁਝ ਪ੍ਰਮੁੱਖ ਕਿਤਾਬਾਂ ਹਨ ਜੋ ਸਾਨੂੰ ਮਨੋਰੰਜਨ ਦੇ ਕੁਦਰਤੀ ਇਤਿਹਾਸ ਬਾਰੇ ਦੱਸਦੀਆਂ ਹਨ।

ਸਕਾਰਾਤਮਕ ਕਦਰਾਂ ਕੀਮਤਾਂ, ਅਧਿਆਤਮਿਕਤਾ ਅਤੇ ਪਿਆਰ ਸਿਖਾਉਦੀ ਕਿਤਾਬਾਂ ਸਾਡੇ ਦਿਲਾਂ ਵਿੱਚ ਸ਼ਾਮਲ ਕਦਰਾਂ ਕੀਮਤਾਂ ਦਾ ਬੋਧ ਲਿਆਉਂਦੀਆਂ ਹਨ। ਚੰਗੀ ਕਹਾਣੀ ਦੀਆਂ ਕਿਤਾਬਾਂ ਦੀ ਸਹਾਇਤਾ ਨਾਲ, ਕੋਈ ਨੈਤਿਕ ਕਦਰਾਂ ਕੀਮਤਾਂ, ਜੀਵਨ ਵਿਚ ਨੈਤਿਕਤਾ ਸਿੱਖ ਸਕਦਾ ਹੈ, ਅਤੇ ਇਕ ਚੰਗਾ ਇਨਸਾਨ ਬਣ ਸਕਦਾ ਹੈ। ਜਿੰਦਗੀ ਵਿਚ ਕੁਝ ਸਕਾਰਾਤਮਕ ਕਦਰਾਂ ਕੀਮਤਾਂ ਪ੍ਰਾਪਤ ਕਰਨ ਦੀ ਜ਼ਰੂਰਤ ਹੈ ਜੋ ਵਿਅਕਤੀਗਤ ਚਰਿੱਤਰ ਦੇ ਨਾਲ ਨਾਲ ਰੂਹਾਨੀਅਤ ਨੂੰ ਵੀ ਦਰਸਾਉਂਦੇ ਹਨ।

ਸਾਨੂੰ ਬੁੱਧੀਮਾਨ ਬਣਾਂਦੀ ਬਹੁਤ ਸਾਰੀਆਂ ਉੱਘੀਆਂ ਸ਼ਖਸੀਅਤਾਂ, ਦਾਰਸ਼ਨਿਕਾਂ ਅਤੇ ਲੇਖਕਾਂ ਦੀਆਂ ਸਵੈ ਜੀਵਨੀਆਂ ਜਿਹੀਆਂ ਚੰਗੀਆਂ ਕਿਤਾਬਾਂ ਪੜ੍ਹਨਾ ਸਾਨੂੰ ਉਨ੍ਹਾਂ ਵਰਗੇ ਮਹਾਨ ਬਣਨ ਜਾਂ ਪ੍ਰਾਪਤ ਕਰਨ ਲਈ ਪ੍ਰੇਰਦਾ ਹੈ। ਇਹ ਸਾਨੂੰ ਬੁੱਧੀਮਾਨ ਵੀ ਬਣਾਉਂਦੀ ਹੈ ਕਿਉਂਕਿ ਅਸੀਂ ਕਿਤਾਬਾਂ ਪੜ੍ਹ ਕੇ ਬਹੁਤ ਸਾਰਾ ਗਿਆਨ ਪ੍ਰਾਪਤ ਕਰਦੇ ਹਾਂ।

ਸਵੈ-ਵਿਸ਼ਵਾਸ ਵਧਾਓ, ਮੈਮੋਰੀ ਅਤੇ ਕਲਪਨਾ ਸ਼ਕਤੀ ਨੂੰ ਉਤਸ਼ਾਹਤ ਕਰਦੀ ਕਿਤਾਬਾਂ ਅਤੇ ਨਾਵਲਾਂ ਨੂੰ ਪੜ੍ਹਨਾ ਸਾਡੀ ਯਾਦਦਾਸ਼ਤ ਨੂੰ ਸੁਧਾਰ ਸਕਦਾ ਹੈ, ਤਣਾਅ ਨੂੰ ਘਟਾ ਸਕਦਾ ਹੈ, ਅਤੇ ਮਾਨਸਿਕ ਸ਼ਕਤੀ ਦੇ ਨਾਲ ਨਾਲ ਗਿਆਨ ਨੂੰ ਵੀ ਵਧਾ ਸਕਦਾ ਹੈ। ਇਹ ਸਾਡੀ ਸ਼ਬਦਾਵਲੀ, ਇਕਾਗਰਤਾ ਸ਼ਕਤੀ ਅਤੇ ਸਾਡੀ ਸੋਚਣ ਦੀ ਕੁਸ਼ਲਤਾ ਨੂੰ ਮਜ਼ਬੂਤ ਬਣਾਉਣ ਵਿਚ ਸਹਾਇਤਾ ਕਰਦੇ ਹਨ।

**ਇਹ ਜਾਣਕਾਰੀ ਦੀ ਲਾਇਬ੍ਰੇਰੀ ਵੀ ਹੈ**

ਕਿਤਾਬਾਂ ਨੂੰ "ਜਾਣਕਾਰੀ ਦਾ ਭੰਡਾਰ" ਮੰਨਿਆ ਜਾਂਦਾ ਹੈ ਜਿਸਦੀ ਵਰਤੋਂ ਨਾਲ ਅਸੀਂ ਕਿਸੇ ਵੀ ਸਮੇਂ ਪੜ੍ਹ ਕੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ। ਪੜ੍ਹਨਾ ਇਕ ਅਜਿਹੀ ਚੀਜ਼ ਹੈ ਜੋ ਹਮੇਸ਼ਾ ਗਿਆਨ ਨੂੰ ਵਧਾਉਂਦੀ ਹੈ। ਭਾਵੇਂ ਅਸੀਂ ਕਿਸੇ ਨੂੰ ਪੜ੍ਹਨਾ ਜਾਂ ਸਿਖਾਈਏ, ਸਮੇਂ ਦੇ ਨਾਲ ਗਿਆਨ ਵਧਦਾ ਜਾਂਦਾ ਹੈ। **ਚੰਗੇ ਨੈਤਿਕ ਕਦਰਾਂ ਕੀਮਤਾਂ:** ਪੜ੍ਹਨਾ ਇਕ ਵਧੀਆ ਸਮਾਜ ਦੇ ਸਾਡੇ ਵਿਚਾਰਾਂ ਅਤੇ ਵਿਚਾਰਾਂ ਨੂੰ ਵਧਾਉਂਦਾ ਹੈ। ਉਹ ਸਾਨੂੰ ਚੰਗੀਆਂ ਨੈਤਿਕ ਕਦਰਾਂ ਕੀਮਤਾਂ ਪ੍ਰਦਾਨ ਕਰਦੇ ਹਨ ਜੋ ਹਰ ਮਨੁੱਖੀ ਜੀਵਨ ਲਈ ਜ਼ਰੂਰੀ ਹਨ।

**ਨਿਮਰ ਬਣੋ:** ਕਿਤਾਬਾਂ ਮਨੁੱਖ ਦੇ ਕਿਰਦਾਰ ਨੂੰ ਬਣਾਉਣ ਵਿਚ ਸਾਡੀ ਮਦਦ ਕਰਦੀਆਂ ਹਨ। ਉਹ ਸਾਨੂੰ ਸਿੱਖਦੇ ਹਨ ਕਿ ਰੋਜ਼ਾਨਾ ਜਿੰਦਗੀ ਦੀਆਂ ਸਥਿਤੀਆਂ ਨਾਲ ਨਜਿੱਠਦੇ ਹੋਏ ਨਿਮਰ ਕਿਵੇਂ ਬਣਨਾ ਹੈ। ਮਹਾਨ ਵਿਅਕਤੀਆਂ ਦੀਆਂ ਚੰਗੀਆਂ ਕਿਤਾਬਾਂ ਨੂੰ ਪੜ੍ਹਨਾ ਜਿੰਦਗੀ ਵਿਚ ਇਕ ਉੱਤਮ ਮਨੁੱਖ ਬਣਨ ਵਿਚ ਸਹਾਇਤਾ ਕਰਦਾ ਹੈ।

**ਸੁਕਰਗੁਜ਼ਾਰ ਬਣੋ:** ਕਿਤਾਬਾਂ ਚੰਗੇ ਰਵੱਈਏ ਦਾ ਆਦਮੀ ਬਣਨ ਵਿਚ ਸਾਡੀ ਮਦਦ ਕਰਦੀਆਂ ਹਨ। ਸੁਕਰਗੁਜ਼ਾਰੀ ਸਾਨੂੰ ਖੁਸ਼ ਮਹਿਸੂਸ ਕਰਦੀ ਹੈ ਅਤੇ ਆਪਣੀ ਜ਼ਿੰਦਗੀ ਦਾ ਵੱਧ ਤੋਂ ਵੱਧ ਲਾਭ ਉਠਾਉਂਦੀ ਹੈ। ਮਹਾਨ ਵਿਅਕਤੀਆਂ ਦੀਆਂ ਕੁਝ ਕਿਤਾਬਾਂ ਜਿਵੇਂ "ਸੱਚ ਦੇ ਨਾਲ ਮੇਰੇ ਤਜ਼ਰਬੇ" ਸਾਡੀ ਮਦਦ ਕਰ ਸਕਦੇ ਹਨ ਇੱਕ ਚੰਗੇ ਸੁਭਾਅ ਦੇ ਆਦਮੀ ਕਿਵੇਂ ਬਣ ਸਕਦੇ ਹਨ।

**ਦੂਜਿਆਂ ਦੀ ਸਹਾਇਤਾ ਕਰੋ:** ਅਧਿਆਪਨ ਸੇਵਾ ਅਤੇ ਦੂਜਿਆਂ ਦੀ ਮਦਦ ਕਰਨਾ ਸਿਰਫ ਨਿਰਦੇਸ਼ਾਂ ਨਾਲ ਨਹੀਂ ਕੀਤਾ ਜਾ ਸਕਦਾ ਮਦਦਗਾਰਤਾ ਅਤੇ ਦਿਆਲਤਾ ਚੰਗੀਆਂ ਕਿਤਾਬਾਂ ਪੜ੍ਹਨ, ਹਰ ਰੋਜ਼ ਤਜਰਬੇ ਅਤੇ ਹੋਰਾਂ ਨੂੰ ਵੇਖ ਕੇ ਆਉਂਦੀ ਹੈ। ਵਿਦਿਆਰਥੀ ਕਿਤਾਬਾਂ ਦੀ ਤਾਕਤ ਨੂੰ ਘੱਟ ਸਮਝਦੇ ਹਨ। ਕਿਤਾਬਾਂ ਇਕ ਨਵੀਂ ਨਵੀਂ ਦੁਨੀਆਂ ਖੋਲ੍ਹ ਸਕਦੀਆਂ ਹਨ, ਜੋ ਕਿ ਗਿਆਨਵਾਨ ਬਣਦੀਆਂ ਹਨ ਅਤੇ ਤੁਹਾਨੂੰ ਇਕ ਮਹੱਤਵਪੂਰਣ ਸਬਕ ਸਿਖਾਉਂਦੀ ਹੈ। ਤੁਹਾਡੇ ਦੁਆਰਾ ਪੜ੍ਹੀ ਗਈ ਹਰ ਕਿਤਾਬ ਤੁਹਾਡੇ ਲਈ ਵਧੇਰੇ ਜੋੜਦੀ ਹੈ ਅਤੇ ਤੁਹਾਨੂੰ ਅਨਮੋਲ ਤਜਰਬਾ ਦਿੰਦੀ ਹੈ। ਆਖਰੀ ਪਰ ਘੱਟੋ ਘੱਟ ਨਹੀਂ, ਕਿਤਾਬਾਂ ਮਨੁੱਖ ਦੀਆਂ ਸਭ ਤੋਂ ਚੰਗੀਆਂ ਮਿੱਤਰ ਰਹਿਣਗੀਆਂ। ਉਹ ਹਰ ਵਿਦਿਆਰਥੀ ਦਾ ਅਸਲ ਖਜ਼ਾਨਾ ਹੁੰਦੇ ਹਨ।

# ਸਿੱਖਿਆ ਵਿਚ ਸੋਸ਼ਲ ਮੀਡੀਆ ਦੇ ਲਾਭ

ਸੋਸ਼ਲ ਮੀਡੀਆ ਦੀਆਂ ਕਲਾਸਾਂ ਵਿਚ ਕਈ ਤਰ੍ਹਾਂ ਦੀ ਵਰਤੋਂ ਹੈ ਅਤੇ ਨਾਲ ਹੀ ਮਾਰਕੀਟ ਵਿਚ ਸਹਾਇਤਾ ਅਤੇ ਸਕੂਲਾਂ ਅਤੇ ਯੂਨੀਵਰਸਿਟੀਆਂ ਨੂੰ ਉਤਸ਼ਾਹਤ ਕਰਨ ਲਈ।

ਕਿਉਂਕਿ ਅਸੀਂ ਸੋਸ਼ਲ ਮੀਡੀਆ ਦੀ ਤਾਕਤ 'ਤੇ ਵਿਸ਼ਵਾਸ ਕਰਦੇ ਹਾਂ ਕਿ ਲਗਭਗ ਸਭ ਕੁਝ ਅਸਾਨ ਬਣਾਉਣ ਲਈ (ਕਲਾਸਰੂਮ ਵਿੱਚ), ਅਸੀਂ ਸਿੱਖਿਆ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਦੇ ਤਰੀਕਿਆਂ ਦੀ ਪਛਾਣ ਕੀਤੀ ਹੈ।

**ਸਿੱਖਿਆ ਵਿਚ ਸੋਸ਼ਲ ਮੀਡੀਆ ਦੇ ਲਾਭ**

ਸੋਸ਼ਲ ਮੀਡੀਆ ਅਤੇ ਟੈਕਨੋਲੋਜੀ ਰੋਜ਼ਮਰ੍ਹਾ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹਨ, ਅਤੇ ਕਲਾਸਰੂਮ ਵਿੱਚ ਇਹਨਾਂ ਦੀ ਵਰਤੋਂ ਨੂੰ ਜੋੜਨਾ ਪਹਿਲਾਂ ਨਾਲੋਂ ਵਧੇਰੇ ਸੌਖਾ ਹੋ ਗਿਆ ਹੈ, ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਬਹੁਤ ਸਾਰੇ ਵਿਦਿਆਰਥੀ ਪ੍ਰਸੰਨ ਹਨ ਇਸ ਨੂੰ ਵਰਤੋਂ ਕੇ।

ਹਰੇਕ ਸੋਸ਼ਲ ਮੀਡੀਆ ਪਲੇਟਫਾਰਮ ਕਲਾਸਰੂਮ ਵਿੱਚ ਇਸਤੇਮਾਲ ਕਰਨ ਲਈ ਕਈ ਵੱਖੋ ਵੱਖਰੇ ਢੰਗਾਂ ਦੀ ਪੇਸ਼ਕਸ਼ ਕਰਦਾ ਹੈ, ਘੋਸ਼ਣਾਵਾਂ ਨੂੰ ਸਾਂਝਾ ਕਰਨ ਤੋਂ ਲੈ ਕੇ ਲਾਈਵ ਲੈਕਚਰ ਰੱਖਣ ਤੱਕ, ਅਤੇ ਹੋਰ ਬਹੁਤ ਕੁਝ।

ਪਹਿਲਾਂ, ਸੋਸ਼ਲ ਮੀਡੀਆ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੇ ਵਿਚਕਾਰ ਇੱਕ ਸੌਖਾ, ਵਧੇਰੇ ਸਿੱਧਾ ਸੰਚਾਰ ਸਾਧਨ ਪ੍ਰਦਾਨ ਕਰਦਾ ਹੈ, ਜੋ ਜਾਂਚ ਕਰ ਸਕਦਾ ਹੈ ਅਤੇ ਪ੍ਰਸ਼ਨਾਂ ਦਾ ਜਵਾਬ ਜਾਂ ਜਵਾਬ ਦੇ ਸਕਦਾ ਹੈ।

ਸੋਸ਼ਲ ਮੀਡੀਆ ਹੋਰ ਈ-ਸਿਖਲਾਈ ਦੇ ਮੌਕੇ ਵੀ ਪ੍ਰਦਾਨ ਕਰਦਾ ਹੈ। ਜਿਵੇਂ ਕਿ ਰਿਮੋਟ ਨੌਕਰੀਆਂ ਅਤੇ ਆਨਲਾਈਨ ਕਲਾਸ ਵਧੇਰੇ ਪ੍ਰਸਿੱਧ ਹੋ ਰਹੀਆਂ ਹਨ, ਵਿਦਿਆਰਥੀਆਂ ਨੂੰ ਦੂਰ ਤੋਂ ਕੰਮ ਕਰਨ ਦੀ ਸਿਖਲਾਈ ਦੇਣਾ ਇਕ ਮਹੱਤਵਪੂਰਣ ਸਬਕ ਹੈ, ਅਤੇ ਸੋਸ਼ਲ ਮੀਡੀਆ ਇਸ ਵਿਚ ਸਹਾਇਤਾ ਕਰ ਸਕਦਾ ਹੈ।

ਸੋਸ਼ਲ ਮੀਡੀਆ ਦੇ ਇਸਤੇਮਾਲ ਤੋਂ ਪਹਿਲਾਂ ਸਿੱਖਿਆ ਦੇ ਪ੍ਰਭਾਵਾਂ ਨੂੰ ਸਮਝਣਾ ਮਹੱਤਵਪੂਰਨ ਹੈ, ਪਰ ਅਸੀਂ ਪੱਕਾ ਵਿਸ਼ਵਾਸ ਰੱਖਦੇ ਹਾਂ ਕਿ ਇਹ ਵਿਦਿਆਰਥੀਆਂ ਨੂੰ ਟੈਕਨੋਲੋਜੀ ਵਿਚ ਅੱਗੇ ਵਧਾਉਣ ਵਿਚ ਸਹਾਇਤਾ ਕਰੇਗਾ।

**ਕਲਾਸਰੂਮ ਵਿਚ ਸੋਸ਼ਲ ਮੀਡੀਆ**

ਪਹਿਲਾਂ, ਉਨ੍ਹਾਂ ਵੱਖ-ਵੱਖ ਤਰੀਕਿਆਂ ਬਾਰੇ ਗੱਲ ਕਰੀਏ ਜਿਨ੍ਹਾਂ ਨੂੰ ਸੋਸ਼ਲ ਮੀਡੀਆ ਸਿੱਧਾ ਕਲਾਸਰੂਮ ਵਿੱਚ ਇਸਤੇਮਾਲ ਕਰ ਸਕਦਾ ਹੈ। ਸਿੱਖਿਆ ਲਈ ਬਹੁਤ ਸਾਰੇ ਸੋਸ਼ਲ ਮੀਡੀਆ ਉਪਕਰਣ ਹਨ ਜੋ ਕਿ ਕਿਸੇ ਵੀ ਉਮਰ ਦੇ ਵਿਦਿਆਰਥੀਆਂ ਲਈ ਐਲੀਮੈਂਟਰੀ ਤੋਂ ਲੈ ਕੇ ਕਾਲਜ ਤੱਕ ਦੀ ਸਿਖਿਆ, ਸਾਰੇ ਰਸਤੇ ਵਿਚ ਲਾਭ ਦੇ ਸਕਦਾ ਹੈ।

ਪ੍ਰਸਾਰਣ ਦੇ ਅਪਡੇਟਾਂ ਅਤੇ ਚੇਤਾਵਨੀਆਂ ਲਈ ਇਕ ਫੇਸਬੁੱਕ ਪੇਜ ਦੀ ਵਰਤੋਂ ਕਰੋ।

ਫੇਸਬੁੱਕ ਕਲਾਸਰੂਮ ਵਿਚ ਸ਼ਾਮਲ ਕਰਨ ਲਈ ਸੰਪੂਰਣ ਸੋਸ਼ਲ ਮੀਡੀਆ ਪਲੇਟਫਾਰਮ ਹੋ ਸਕਦਾ ਹੈ।

ਵਿਦਿਆਰਥੀਆਂ ਨੂੰ ਕਲਾਸ ਦੇ ਫੇਸਬੁੱਕ ਪੇਜ ਦੀ ਪਾਲਣਾ ਕਰਨ ਲਈ, ਅਤੇ ਇੰਸਟ੍ਰਕਟਰ ਇਸ ਦੀ ਵਰਤੋਂ ਕਲਾਸ ਦੇ ਅਪਡੇਟਸ ਪੋਸਟ ਕਰਨ, ਹੋਮਵਰਕ ਅਸਾਈਨਮੈਂਟਾਂ ਨੂੰ ਸਾਂਝਾ ਕਰਨ ਅਤੇ ਵਿਚਾਰ ਵਟਾਂਦਰੇ ਨੂੰ ਉਤਸ਼ਾਹਿਤ ਕਰਨ ਲਈ ਕਰ ਸਕਦੇ ਹਨ। ਭਾਵੇਂ ਕੋਈ ਵਿਦਿਆਰਥੀ ਫੇਸਬੁੱਕ 'ਤੇ ਸਰਗਰਮ ਨਹੀਂ ਹੈ, ਸਾਈਨ ਆਉਟ ਹੋਣ' ਤੇ ਇਹ ਪੰਨੇ ਅਜੇ ਵੀ ਪਹੁੰਚਯੋਗ ਹਨ। ਹਾਲਾਂਕਿ, ਇਹ ਯਾਦ ਰੱਖੋ ਕਿ ਫੇਸਬੁੱਕ ਪੇਜ ਜਨਤਕ ਹਨ ਅਤੇ ਕੋਈ ਵੀ ਫੇਸਬੁੱਕ ਅਕਾਉਂਟ ਵਾਲਾ ਕੋਈ ਵੀ ਪੋਸਟਾਂ 'ਤੇ ਟਿੱਪਣੀ ਕਰ ਸਕਦਾ ਹੈ।

ਲਾਈਵ ਲੈਕਚਰ ਅਤੇ ਹੋਸਟ ਵਿਚਾਰ ਵਟਾਂਦਰੇ ਨੂੰ ਸਟ੍ਰੀਮ ਕਰਨ ਲਈ ਇੱਕ ਫੇਸਬੁੱਕ ਸਮੂਹ ਦੀ ਵਰਤੋਂ ਕਰੋ।

ਇੰਸਟ੍ਰਕਟਰ ਆਪਣੀਆਂ ਹਰੇਕ ਕਲਾਸਾਂ - ਜਨਤਕ ਜਾਂ ਨਿੱਜੀ ਦੋਵਾਂ ਲਈ ਵੀ ਫੇਸਬੁੱਕ ਗਰੁੱਪ ਬਣਾ ਸਕਦੇ ਹਨ ਅਤੇ ਫੇਸਬੁੱਕ ਲਾਈਵ ਲੈਕਚਰ, ਵਿਚਾਰ ਵਟਾਂਦਰੇ ਦੇ ਪ੍ਰਸ਼ਨ ਪੋਸਟ, ਹੋਮਵਰਕ ਨਿਰਧਾਰਤ ਕਰ ਸਕਦੇ ਹਨ ਅਤੇ ਕਲਾਸ ਦੀਆਂ ਘੋਸ਼ਣਾਵਾਂ ਕਰ ਸਕਦੇ ਹਨ। ਸਕੂਲ ਦੇ ਬਰੇਕ ਜਾਂ ਸਰਦੀ ਦੇ ਦਿਨਾਂ ਦੌਰਾਨ ਵਿਦਿਆਰਥੀਆਂ ਨੂੰ ਰਿਮਾਈਂਡਰ ਅਤੇ ਅਸਾਈਨਮੈਂਟ ਪੋਸਟ ਕਰਕੇ ਰੁੱਝੇ ਰਖੋ ਤਾਂ ਜੋ ਕਲਾਸ ਦੇ ਬਰੇਕ ਤੋਂ ਮੁੜ ਸ਼ੁਰੂ ਹੋਣ ਤੋਂ ਬਾਅਦ ਮੁੜ ਵਿਚਾਰਨ ਦੀ ਲੋੜ ਨਾ ਪਵੇ। ਜਦੋਂ ਸਿੱਖਿਆ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹੋ, ਤਾਂ ਇੱਕ ਪੇਸ਼ੇਵਰ ਸੀਮਾ ਨੂੰ ਨਿਸ਼ਚਤ ਕਰਨਾ ਮਹੱਤਵਪੂਰਨ ਹੁੰਦਾ ਹੈ, ਇਸਲਈ ਇੱਕ ਫੇਸਬੁੱਕ ਸਮੂਹ ਸਥਾਪਤ ਕਰਦੇ ਸਮੇਂ, ਅਧਿਆਪਕਾਂ ਨੂੰ ਮਿੱਤਰਤਾ ਬੇਨਤੀਆਂ ਭੇਜਣ ਦੀ ਜ਼ਰੂਰਤ ਨਹੀਂ ਹੁੰਦੀ। ਐਕਸੈਸ ਲਈ ਮਾਪਿਆਂ ਅਤੇ ਵਿਦਿਆਰਥੀਆਂ ਦੋਵਾਂ ਨੂੰ ਫੇਸਬੁੱਕ ਸਮੂਹ ਨਾਲ ਸਿੱਧਾ ਸੰਪਰਕ ਕਰੋ। ਸਮੂਹ ਵਿਸ਼ੇਸ਼ ਤੌਰ 'ਤੇ ਇੱਕ ਆਨਲਾਈਨ ਕੋਰਸ ਲਈ ਸੰਪੂਰਨ "ਘਰੇਲੂ ਅਧਾਰ" ਹੁੰਦੇ ਹਨ ਅਤੇ ਵਿਦਿਆਰਥੀ ਨਾਲ ਜੁੜਨਾ ਆਸਾਨ ਬਣਾ ਸਕਦੇ ਹਨ।

**ਟਵਿੱਟਰ ਨੂੰ ਕਲਾਸ ਮੈਸੇਜ ਬੋਰਡ ਦੇ ਤੌਰ 'ਤੇ ਵਰਤੋਂ**

ਟਵਿੱਟਰ ਇੱਕ ਕਲਾਸ ਲਈ ਇੱਕ ਚਰਚਾ ਬੋਰਡ ਜਾਂ ਸੰਦੇਸ਼ ਬੋਰਡ ਦੇ ਰੂਪ ਵਿੱਚ ਵਧੀਆ ਹੋ ਸਕਦਾ ਹੈ। ਅਧਿਆਪਕ ਪ੍ਰਤੀ ਕਲਾਸ ਵਿਚ ਇਕੋ ਟਵਿੱਟਰ ਹੈਂਡਲ ਬਣਾ ਸਕਦੇ ਹਨ ਅਤੇ ਇਸ ਨੂੰ ਹਰ ਸਾਲ ਦੁਬਾਰਾ ਇਸਤੇਮਾਲ ਕਰ ਸਕਦੇ ਹਨ, ਜਾਂ ਉਹ ਹਰ ਸਕੂਲ ਵਿਚ ਇਕ ਨਵਾਂ ਹੈਂਡਲ ਬਣਾ ਸਕਦੇ ਹਨ। ਪਾਤਰ ਦੀ 280 ਸੀਮਾ ਵਿਦਿਆਰਥੀਆਂ ਨੂੰ ਸੰਖੇਪ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ 'ਤੇ ਅਲੋਚਨਾ ਨਾਲ ਸੋਚਣ ਲਈ ਪ੍ਰੇਰਦੀ ਹੈ, ਇੱਕ ਲਾਭਕਾਰੀ ਹੁਨਰ ਵਿਕਸਿਤ ਕਰਨ ਲਈ।

ਅਧਿਆਪਕ ਟਵਿੱਟਰ ਦੀ ਵਰਤੋਂ ਨਿਯਮਿਤ ਤਰੀਕਾਂ ਲਈ ਰਿਮਾਈਂਡਰ ਪੋਸਟ ਕਰਨ ਲਈ ਕਰ ਸਕਦਾ ਹੈ ਜਾਂ ਪ੍ਰੇਰਣਾਦਾਇਕ ਹਵਾਲਿਆਂ ਅਤੇ ਕੁਇਜ਼ਾਂ ਜਾਂ ਸਰੋਤਾਂ ਦਾ ਅਭਿਆਸ ਕਰਨ ਲਈ ਮਦਦਗਾਰ ਲਿੰਕਾਂ ਨੂੰ ਸਾਂਝਾ ਕਰ ਸਕਦਾ ਹੈ। ਅਧਿਆਪਕ ਉਹਨਾਂ ਦੁਆਰਾ ਬਣਾਏ ਗਏ ਇੱਕ ਵਿਸ਼ੇਸ਼ ਹੈਸ਼ਟੈਗ ਦੇ ਦੁਆਲੇ ਵਿਚਾਰ ਵਟਾਂਦਰੇ ਅਤੇ ਟਵਿੱਟਰ ਚੈਟ ਵੀ ਬਣਾ ਸਕਦਾ ਹੈ।

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਜੰਗਾਂ, ਕਾਰਨਾਮੇ ਤੇ ਉਪਦੇਸ਼

**(ਸਫਾ 25 ਦੀ ਬਾਕੀ)**

ਪਹਾੜੀ ਰਾਜਿਆਂ ਦੀ ਮਦਦ ਲਈ ਲਾਹੌਰ ਅਤੇ ਸਰਹੰਦ ਦੇ ਸੂਬੇਦਾਰਾਂ ਨੂੰ ਫੁਰਮਾਨ ਜਾਰੀ ਕਰ ਦਿੱਤੇ। ਇਸ ਤਰ੍ਹਾਂ ਲਾਹੌਰ, ਸਰਹੰਦ ਅਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਦੀ ਵੱਡੀ ਗਿਣਤੀ ਫੌਜ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਜੀ ਦੇ ਸੂਰਬੀਰ ਯੋਧਿਆਂ ਨੇ ਕਈ ਮਹੀਨੇ ਡਟ ਕੇ ਬਹਾਦਰੀ ਨਾਲ ਮੁਕਾਬਲਾ ਕੀਤਾ। ਖ਼ਾਲਸਾ ਫੌਜ ਦੇ ਛਾਪਾਮਾਰ ਹਮਲਿਆਂ ਨਾਲ ਦੁਸ਼ਮਣ ਦੇ ਹੌਂਸਲੇ ਪਸਤ ਹੋ ਗਏ ਓਧਰ ਲੰਮੇ ਸਮੇਂ ਤੱਕ ਨਿੱਤ ਦੀ ਲੜਾਈ ਕਾਰਨ ਹੋ ਰਹੀਆਂ ਸ਼ਹੀਦੀਆਂ ਕਾਰਕੇ ਖ਼ਾਲਸਾ ਫੌਜ ਦੀ ਗਿਣਤੀ ਵੀ ਘਟਦੀ ਜਾ ਰਹੀ ਸੀ। ਰਸਤ-ਪਾਣੀ ਵੀ ਮੁੱਕੀ ਜਾ ਰਿਹਾ ਸੀ ਪਰ ਸਿੰਘਾਂ ਨੇ ਆਪਣਾ ਸਾਹਸ ਨਹੀਂ ਛੱਡਿਆ। ਦੁਸ਼ਮਣਾਂ ਵੱਲੋਂ ਖਾਧੀਆਂ ਕਸਮਾਂ ਉਪ੍ਰੰਤ 6-7 ਪੋਹ ਬਿਕ੍ਰਮੀ ਸੰਮਤ 1761;ਦੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਸਾਹਿਬ ਨੂੰ ਛੱਡ ਦਿੱਤਾ। ਕਿਲ੍ਹਾ ਖਾਲੀ ਕਰਕੇ ਹਾਲੀ ਗੁਰੂ ਜੀ ਕੀਰਤਪੁਰ ਵੀ ਨਹੀਂ ਪਹੁੰਚੇ ਸਨ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ ਤੋੜ ਕੇ ਪਿਛੋਂ ਹਮਲਾ ਕਰ ਦਿੱਤਾ। ਸੱਤ ਪੋਹ ਦੀ ਸਵੇਰੇ ਸਰਸਾ ਨਦੀ ਦੇ ਕੰਢੇ ਭਿਆਨਕ ਜੰਗ ਹੋਈ ਤੇ ਨਦੀ ਪਾਰ ਕਰਦਿਆਂ ਗੁਰੂ ਜੀ ਦਾ ਪ੍ਰਵਾਰ ਤਿੰਨ ਹਿਸਿਆਂ 'ਚ ਵੰਡਿਆ ਗਿਆ। ਕੁਝ ਸਿੰਘ ਮੁਕਾਬਲਾ ਕਰਦੇ ਸ਼ਹੀਦ ਹੋ ਗਏ ਤੇ ਕੁਝ ਅਲੱਗ-ਥਲੱਗ ਹੋ ਗਏ। ਮਾਤਾ ਸੁੰਦਰੀ, ਭਾ. ਮਨੀ ਸਿੰਘ ਨਾਲ ਦਿੱਲੀ ਨੂੰ ਆ ਗਏ, ਵੱਡੇ ਮਾਤਾ ਗੁਜਰੀ ਜੀ ਦੋ ਛੋਟੇ ਸਾਹਿਬਜ਼ਾਦਿਆਂ ਨਾਲ, ਸਰਸਾ ਦੇ ਕੰਡੇ ਚਲਦੇ ਮੋਰਿੰਡੇ ਪਹੁੰਚੇ। ਅਨੰਦਪੁਰ ਸਾਹਿਬ ਤੋਂ ਚੱਲਣ ਸਮੇਂ ਪਾਤਸ਼ਾਹ ਨਾਲ ਡੇਢ ਕੁ ਹਜ਼ਾਰ ਸਿੰਘ ਸਿੰਘਣੀਆਂ ਸਨ ਪਰ ਸਰਸਾ ਦੀ ਜੰਗ ਉਪ੍ਰੰਤ ਨਦੀ ਪਾਰ ਕਰਦਿਆਂ ਗੁਰੂ ਜੀ ਨਾਲ ਕੇਵਲ 40 ਰਹੇ ਗਏ ਜਿਨ੍ਹਾਂ 'ਚ ਪੰਜ ਪਿਆਰੇ ਤੇ ਦੋ ਵੱਡੇ ਸਾਹਿਬਜ਼ਾਦੇ ਸਨ ਜੋ ਚਮਕੌਰ ਪਹੁੰਚੇ ਤੇ ਅਗਲੀ ਰਣਨੀਤੀ ਲਈ ਕੱਚੀ ਗੜ੍ਹੀ 'ਚ ਮੋਰਚੇ ਸੰਭਾਲ ਲਏ। ਅੱਠ ਤੇ ਨੌਂ ਪੋਹ ਨੂੰ ਚਮਕੌਰ ਸਾਹਿਬ ਵਿਖੇ ਘਮਸਾਨ ਦਾ ਯੁੱਧ ਹੋਇਆ ਜਿਸ ਵਿੱਚ ਵੱਡੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ ਭਾ. ਮੋਹਕਮ ਸਿੰਘ, ਭਾ. ਹਿੰਮਤ ਸਿੰਘ ਅਤੇ ਭਾ. ਸਾਹਿਬ ਸਿੰਘ ਸਮੇਤ 37 ਸਿੰਘ ਸ਼ਹੀਦ ਹੋ ਗਏ ਤੇ ਦਸ਼ਮੇਸ਼ ਜੀ ਤਿੰਨ ਸਿੰਘਾਂ ਭਾ. ਦਇਆ ਸਿੰਘ, ਭਾ. ਧਰਮ ਸਿੰਘ ਤੇ ਭਾ. ਮਾਨ ਸਿੰਘ ਮਾਛੀਵਾੜੇ ਦੇ ਜੰਗਲਾਂ ਵੱਲ ਚੱਲ ਪਏ। ਭਾ. ਸੰਗਤ ਸਿੰਘ ਜੀ ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਗੜ੍ਹੀ ਛੱਡਣ ਤੋਂ ਪਹਿਲਾਂ ਆਪਣੀ ਕਲਗੀ ਤੇ ਬਸਤ੍ਰ ਪਹਿਨਾਏ, ਸੰਗਤ ਸਿੰਘ ਸਮੇਤ ਬਾਕੀ ਦੇ ਸਾਰੇ ਸਿੰਘ ਇੱਥੇ ਸ਼ਹੀਦ ਹੋ ਗਏ।

ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਮਾਤ ਗੁਜਰੀ ਨੂੰ ਗੰਗੂ ਬ੍ਰਾਹਮਣ ਮੋਰਿੰਡੇ ਨੇੜੇ ਪਿੰਡ ਖੇੜੀ ਲੈ ਗਿਆ। ਘਰ ਜਾ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਮੋਰਿੰਡੇ ਦੇ ਥਾਣੇਦਾਰ ਕੋਲ ਬੱਚਿਆਂ ਨੂੰ ਫੜਾ ਦਿੱਤਾ। ਥਾਣੇਦਾਰ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਕੇ 10 ਪੋਹ ਨੂੰ ਸੂਬਾ ਸਰਹਿੰਦ ਦੇ ਹਵਾਲੇ ਕੀਤਾ। ਪਹਿਲੀ ਰਾਤ ਉਨ੍ਹਾਂ ਨੂੰ ਕਿਲ੍ਹੇ ਦੇ ਠੰਢੇ ਬੁਰਜ ਵਿੱਚ ਰੱਖਿਆ ਗਿਆ। ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ।

ਕਚਹਿਰੀ ਵਿੱਚ ਬੱਚਿਆਂ ਨੂੰ ਦੀਨ ਕਬੂਲ ਕਰਨ ਲਈ ਕਈ ਲਾਲਚ ਤੇ ਡਰ ਦਿੱਤੇ ਗਏ, ਬੱਚੇ ਨਾ ਘਬਰਾਏ, ਜਿਸ ਉਪ੍ਰੰਤ ਦੀਵਾਨ ਸੁੱਚਾ ਨੰਦ ਨੇ ਵਜੀਰ ਖ਼ਾਂ ਨੂੰ ਭੜਕਾਇਆ ਤੇ ਕਾਜ਼ੀ ਪਾਸੋਂ ਮੌਤ ਦਾ ਫਤਵਾ ਜਾਰੀ ਕਰਵਾ ਦਿੱਤਾ। ਤੇਰਾਂ ਪੋਹ ਨੂੰ ਦੋਵੇਂ ਸਾਹਿਬਜ਼ਾਦਿਆਂ ਨੂੰ ਦੀਵਾਰ ਦੀਆਂ ਨੀਹਾਂ 'ਚ ਚਿਣ ਕੇ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਨ ਉਪ੍ਰੰਤ ਕਈ ਦਿਨਾਂ ਤੋਂ ਭੁੱਖ ਅਤੇ ਕੜਾਕੇ ਦੀ ਠੰਡ ਨਾਲ ਮਾਤਾ ਗੁਜਰੀ (ਗੁਜਰ ਕੌਰ) ਜੀ ਦਾ ਸਰੀਰ ਵੀ ਨਿਢਾਲ ਹੋ ਗਿਆ ਤੇ ਜ਼ਾਲਮਾਂ ਨੇ ਉਨ੍ਹਾਂ ਨੂੰ ਵੀ ਬੁਰਜ ਤੋਂ ਧੱਕਾ ਦੇ ਦਿੱਤਾ, ਮਾਤਾ ਜੀ ਵੀ ਸ਼ਹੀਦੀ ਜਾਮ ਪੀ ਗਏ।

ਚਮਕੌਰ ਦੀ ਹਵੇਲੀ 'ਚੋਂ ਨਿਕਲਣ ਤੋਂ ਬਾਅਦ ਗੁਰੂ ਜੀ ਗੁਲਾਬੇ ਮਸੰਦ ਦੇ ਘਰ ਮਾਛੀਵਾੜੇ ਠਹਿਰੇ ਜਿੱਥੋਂ ਉਨ੍ਹਾਂ ਦੇ ਮੁਸਲਮਾਨ ਸ਼ਰਧਾਲੂਆਂ ਭਾ. ਨਬੀ ਖ਼ਾਨ, ਗ਼ਨੀ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਨੂੰ ਉੱਚ ਦਾ ਪੀਰ ਬਣਾ ਕੇ ਪਿੰਡ ਹੇਹਰਾਂ ਤੱਕ ਪਹੁੰਚਾਇਆ ਤੇ ਉੱਥੋਂ ਚੱਲ ਪਿੰਡ ਦੀਨੇ ਪਹੁੰਚੇ। ਇੱਥੇ ਹੀ ਗੁਰੂ ਸਾਹਿਬ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤ ਗੁੱਜਰ ਕੌਰ ਜੀ ਦੀ ਸ਼ਹੀਦੀ ਦਾ ਪਤਾ ਲੱਗਾ ਤੇ ਉਨ੍ਹਾਂ ਨੇ ਔਰੰਗਜ਼ੇਬ ਨੂੰ ਫ਼ਾਰਸੀ ਵਿੱਚ ਜਿੱਤ ਦੀ ਚਿੱਠੀ ਲਿਖੀ। ਓਧਰ ਗੁਰੂ ਜੀ ਚਮਕੌਰ, ਮਾਛੀਵਾੜਾ, ਕਨੇਚ, ਆਲਮਗੀਰ, ਹੇਹਰ, ਲੰਮੇ, ਰਾਇਕੋਟ, ਦੀਨਾ ਆਦਿ ਤੋਂ ਹੁੰਦੇ ਹੋਏ ਕੋਟਕਪੂਰਾ ਪੁੱਜੇ ਤਾਂ ਪਤਾ ਲੱਗਾ ਕਿ ਸੂਬਾ ਸਰਹਿੰਦ ਭਾਰੀ ਲਾਓ-ਲਸ਼ਕਰ ਨਾਲ ਆਪ ਜੀ ਦਾ ਪਿੱਛਾ ਕਰਦਾ ਹੋਇਆ ਆ ਰਿਹਾ ਹੈ। ਗੁਰੂ ਜੀ ਨੇ ਯੁੱਧ ਨੀਤੀ ਅਨੁਸਾਰ ਖਿਦਰਾਣੇ ਦੀ ਢਾਬ ਤੇ ਮੋਰਚਾ ਬਣਾ ਉਸ ਨਾਲ ਟਾਕਰਾ ਕਰਨਾ ਵਧੇਰੇ ਯੋਗ ਸਮਝਿਆ। ਮਾਝੇ ਦੇ ਸਿੰਘਾਂ ਦਾ ਜੱਥਾ ਜਦੋਂ ਗੁਰੂ ਪਾਤਸ਼ਾਹ ਦੀ ਭਾਲ ਕਰਦਾ ਹੋਇਆ ਖਿਦਰਾਣੇ ਦੀ ਢਾਬ ਪਾਸ ਪੁੱਜਾ ਤਾਂ ਇਨ੍ਹਾਂ ਨੂੰ ਵੀ ਵਜ਼ੀਦ ਖ਼ਾਨ ਦੀ ਫੋਜ ਦੇ ਪੁੱਜਣ ਦੀ ਖ਼ਬਰ ਮਿਲੀ, ਜਿਸ 'ਤੇ ਸਿੰਘਾਂ ਨੇ ਆਪੋ-ਆਪਣੇ ਮੋਰਚੇ ਸੰਭਾਲ਼ ਲਏ। ਸਾਰੀ ਮੁਗ਼ਲ ਫੌਜ ਵੀ ਉਸੇ ਪਾਸੇ ਝੁਕ ਗਈ। ਉਧਰ ਮਾਤਾ ਭਾਗ ਕੌਰ ਅਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦੁਸ਼ਮਣ ਫੌਜਾਂ 'ਤੇ ਹੱਲਾ ਬੋਲ ਦਿੱਤਾ, ਸੈਂਕੜੇ ਮੁਗ਼ਲ ਫੌਜੀ ਮਾਰੇ ਗਏ। ਦਸਮੇਸ਼ ਜੀ ਨੇ ਵੀ ਟਿੱਬੀ ਤੋਂ ਤੀਰਾਂ ਦੀ ਝੜੀ ਲਾ ਦਿੱਤੀ। ਬਹੁਤ ਸਾਰੇ ਦੁਸ਼ਮਣ ਜਰਨੈਲ ਗੁਰੂ ਜੀ ਦੇ ਤੀਰਾਂ ਦੀ ਭੇਟ ਚੜ੍ਹੇ। ਬਹਾਦਰ ਸਿੰਘ ਤਲਵਾਰਾਂ ਲੈ ਕੇ ਮੁਗ਼ਲਾਂ ਉੱਤੇ ਟੁੱਟ ਪਏ। ਮੁਗ਼ਲਾਂ ਦੇ ਮੈਦਾਨੋਂ ਭੱਜਣ 'ਤੇ ਗੁਰੂ ਜੀ ਨੇ ਰਣਭੂਮੀ 'ਚ ਆ ਕੇ ਵੇਖਿਆ ਕਿ ਢਾਬ ਦੇ ਕੰਢੇ ਜ਼ਖਮੀ ਹਾਲਤ ਵਿੱਚ ਮਾਤਾ ਭਾਗੋ ਬੈਠੀ ਹੋਈ ਸੀ।

ਸਹਿਕਦੇ ਹੋਏ ਭਾਈ ਮਹਾਂ ਸਿੰਘ ਜੀ ਨੂੰ ਕਲਗੀਧਰ ਨੇ ਗੋਦ 'ਚ ਲਿਆ ਤੇ ਅੰਤਮ ਇੱਛਾ ਬਾਰੇ ਪੁੱਛਿਆ ਤਾਂ ਭਰੀਆਂ ਅੱਖਾਂ ਨਾਲ ਮਹਾਂ ਸਿੰਘ ਨੇ ਕਿਹਾ,ਅੰਤ ਸਮੇਂ ਆਪ ਦੇ ਦਰਸ਼ਨ ਹੋ ਗਏ, ਹੋਰ ਕੋਈ ਇਛਾ ਆਸ ਨਹੀਂ ਰਹੀ ਜੇ ਆਪ ਤੁੱਠੇ ਹੋ ਤਾਂ ਕਿਰਪਾ ਕਰੋ ਕਿ ਬਿਖੜੇ ਹਾਲਤਾਂ ਕਾਰਨ ਅਸੀਂ ਆਪ ਜੀ ਤੋਂ ਵਿੱਛੜ ਗਏ ਸਾਂ ਉਸ ਨੂੰ ਨਾ ਚਿਤਾਰਦੇ ਹੋਏ ਸਾਨੂੰ ਬਖ਼ਸ਼ ਲਉ। ਸ਼ਹਿਨਸ਼ਾਹ ਗੁਰੂ ਨੇ ਭਾਈ ਮਹਾਂ ਸਿੰਘ ਦੀ ਭਾਵਨਾ ਪੂਰੀ ਕੀਤੀ ਅਤੇ ਭਾਈ ਮਹਾਂ ਸਿੰਘ ਗੁਰੂ ਗੋਦ ਵਿਖੇ ਹੀ ਅਕਾਲ ਚਲਾਣਾ ਕਰ ਗਏ। ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਵਾ ਕੇ ਗੁਰੂ ਸਾਹਿਬ ਜੀ ਇੱਥੋਂ 20-21 ਜਨਵਰੀ 1706 ਈ. ਦੇ ਨੇੜੇ ਸਾਬੋ ਦੀ ਤਲਵੰਡੀ ਪਹੁੰਚ ਗਏ। ਇੱਥੇ ਦਮਦਮਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੌਂ ਮਹੀਨੇ ਨੌਂ ਦਿਨ ਠਹਿਰੇ, ਜਿਸ ਦੌਰਾਨ ਲਿਖਾਰੀ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕਰਵਾਏ ਤੇ "ਸ਼ਬਦ ਗੁਰੂ ਗ੍ਰੰਥ" ਦੇ ਅਰਥ ਸਿਖਾਏ। ਕੋਈ ਨਿਰਮਲਾ ਭਗਵਾਰੰਗੀ ਸਾਧੜਿਆਂ ਦੀ ਟਕਸਾਲ ਨਹੀਂ ਚਲਾਈ ਸਗੋਂ ਗੁਰਮਤਿ ਪ੍ਰਚਾਰ ਦੀ ਸੇਵਾ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਨੂੰ ਸੌਂਪੀ ਜੋ ਅੱਗੇ ਸਿਖਾਉਂਦੇ ਰਹੇ। ਮਾਤਾ ਜੀਤੋ (ਸੁੰਦਰੀ) ਜੀ ਵੀ ਦਿਲੀ ਤੋਂ ਗੁਰੂ ਜੀ ਦੇ ਸੱਦੇ 'ਤੇ ਪਹਿਲੀ ਵਾਰ ਦਮਦਮਾ ਸਾਹਿਬ ਵਿਖੇ 1706 ਦੀ ਵੈਸਾਖੀ ਨੂੰ ਪਹੁੰਚੇ ਜਦ ਚਾਰੇ ਸਾਹਿਬਜ਼ਾਦੇ ਨਜ਼ਰ ਨਾਂ ਆਏ ਤਾਂ ਪੁੱਛਣ 'ਤੇ ਗੁਰੂ ਪਾਤਸ਼ਾਹ ਨੇ ਭਰੇ ਦੀਵਾਨ ਵਿੱਚ ਬੈਠੇ ਸਿੰਘਾਂ ਵੱਲ ਇਸ਼ਾਰਾ ਕਰਕੇ ਕਿਹਾ- ਇਨ ਪੁਤਰਨ ਕੇ ਸੀਸ ਪਹਿ, ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ।ਭਾਵ ਇਹ ਚਾਰ ਹੀ ਨਹੀਂ ਸਗੋਂ ਬਾਕੀ ਹਜਾਰਾਂ ਜੀਵਤ ਮੇਰੇ ਹੀ ਸਾਹਿਬਜ਼ਾਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਇੱਥੋਂ 30 ਅਕਤੂਬਰ 1706 ਈ. ਨੂੰ ਦੱਖਣ ਵੱਲ ਚੱਲ ਪਏ। ਔਰੰਗਜ਼ੇਬ 21 ਫਰਵਰੀ, 1707 ਨੂੰ ਸਪੁਰਦੇ-ਖਾਕ ਹੋ ਗਿਆ। ਬਹਾਦਰ ਸ਼ਾਹ ਨੇ ਦਿੱਲੀ ਦੇ ਤਖ਼ਤ 'ਤੇ ਬੈਠਣ ਲਈ ਮਦਦ ਮੰਗੀ ਤਾਂ ਪਾਤਸ਼ਾਹ ਨੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਜੀ ਦੀ ਕਮਾਨ ਹੇਠ ਜੱਥਾ ਭੇਜਿਆ। ਬਹਾਦਰ ਸ਼ਾਹ ਦੀ ਜਿੱਤ ਹੋਈ, ਉਹ ਤਖ਼ਤ 'ਤੇ ਬੈਠ ਗਿਆ। ਆਗਰੇ ਤੋਂ ਗੁਰੂ ਸਾਹਿਬ ਅਤੇ ਬਹਾਦਰ ਸਾਹ ਦੇ ਕਾਫਲੇ 13 ਮਈ, 1708 ਦੇ ਦਿਨ ਬੁਰਹਾਨਪੁਰ ਪੁੱਜੇ। ਵਜੀਰ ਖਾਨ ਦੇ ਨੁਮ-ਾਇੰਦਿਆਂ ਦਾ ਮੇਲ ਬਾਦਸ਼ਾਹ ਨਾਲ ਬੁਰਹਾਨਪੁਰ ਹੋਇਆ ਕਿਉਂਕਿ ਬਹਾਦਰ ਸਾਹ, ਮਈ, 1708 ਦੇ ਦੋ ਹਫਤੇ ਨਰਮਦਾ ਦਰਿਆ ਵਿੱਚ ਹੜ੍ਹ ਆਏ ਹੋਣ ਕਾਰਨ ਬੁਰਹਾਨਪੁਰ ਰੁਕਿਆ ਰਿਹਾ ਸੀ।

ਵਜੀਰ ਖਾਨ-ਸੂਬਾ ਸਰਹੰਦ ਦੇ ਏਲਚੀਆਂ ਦੁਆਰਾ ਮਿਲੀ ਰਕਮ ਕਾਰਨ ਬਹਾਦਰ ਸ਼ਾਹ ਦੀ ਨੀਅਤ ਬਦਲ ਗਈ, ਉਸ ਨੇ ਗੁਰੂ ਸਾਹਿਬ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ। ਦਰਅਸਲ, ਹੁਣ ਉਹ ਵਜ਼ੀਰ ਖਾਂ ਖ਼ਿਲਾਫ ਕਾਰਵਾਈ ਨਹੀਂ ਕਰਨੀ ਚਾਹੁੰਦਾ ਸੀ। ਗੁਰੂ ਸਾਹਿਬ ਅਤੇ ਬਹਾਦਰ ਸਾਹ ਵਿੱਚ ਆਖਰੀ ਮੁਲਾਕਾਤ, 25 ਜੂਨ, 1708 ਮਗਰੋਂ ਬਾਲਾ-ਪੁਰ ਵਿਖੇ ਅਗਸਤ, 1708 'ਚ ਹੋਈ ਤਾਂ ਗੁਰੂ ਸਾਹਿਬ ਨੇ ਸਮਝ ਲਿਆ ਕਿ ਬਹਾਦਰ ਸਾਹ ਲਾਲਚ ਵੱਸ ਸੂਬਾ ਸਰਹੰਦ ਦੁਆਰਾ ਮਜ਼ਲੂਮਾਂ ਉੱਤੇ ਕੀਤੀ ਗਈ ਕਾਰਵਾਈ ਨੂੰ ਬੁਰਾ ਨਹੀਂ ਮੰਨਦਾ, ਇਸ ਬਦਨੀਤੀ ਕਰਕੇ ਉਸ ਦਾ ਸਾਥ ਛੱਡ, ਗੁਰੂ ਸਾਹਿਬ ਨੰਦੇੜ ਚਲੇ ਗਏ ਤੇ ਫੈਸਲਾ ਕੀਤਾ ਕਿ ਬਾਦਸ਼ਾਹ ਤੋਂ ਆਸ ਛੱਡ, ਆਪ ਇਨਸਾਫ ਕਾਇਮ ਕੀਤਾ ਜਾਵੇ। ਜਿੱਥੇ ਉਨ੍ਹਾਂ ਦਾ ਮੇਲ 3 ਸਤੰਬਰ 1708 ਦੇ ਦਿਨ ਮਾਧੋ ਦਾਸ ਬੈਰਾਗੀ ਨਾਲ ਗੋਦਾਵਰੀ 'ਤੇ ਹੋਇਆ ਜਿੱਥੇ ਉਹ ਤਖਤਪੋਸ਼ 'ਤੇ ਗੱਦੀ ਲਗਾ ਬੈਠ, ਆਏ ਗਏ ਲੋਗਾਂ ਨੂੰ ਕਰਾਮਾਤ ਦੇ ਡਰਾਵਿਆਂ ਨਾਲ ਡਰਾਉਂਦਾ ਸੀ। ਲੋਕ ਉਸ ਨੂੰ ਬਲੀਦਾਨ ਲਈ ਬੱਕਰੇ ਭੇਟ ਕਰਦੇ ਸਨ। ਗੁਰੂ ਦੇ ਇਸ਼ਾਰੇ ਤੇ ਸਿੰਘਾਂ ਨੇ ਜਦ ਉਸ ਦੇ ਕੁਝ ਬੱਕਰੇ ਝਟਕਾ ਦਿੱਤੇ ਤਾਂ ਉਹ ਅੱਗ ਬਲੂਲਾ ਹੋ ਕਹਿਣ ਲੱਗਾ ਤੁਸੀਂ ਇਹ ਵੱਡਾ ਪਾਪ ਕੀਤਾ ਹੈ ਤਾਂ ਪਾਤਸ਼ਾਹ ਨੇ ਗਰਜਵੀਂ ਅਵਾਜ਼ 'ਚ ਕਿਹਾ ਕਿ ਪਾਖੰਡੀ ਸਾਧਾ! ਤੈਨੂੰ ਚਾਰ ਬੱਕਰੇ ਝਟਕਾਉਣ ਦਾ ਏਨਾਂ ਦੁੱਖ ਤੇ ਪੰਜਾਬ 'ਚ ਛੱਤਰਿਆਂ ਵਰਗੇ ਜਵਾਨ ਜ਼ਾਲਮ ਨਿਤਾ ਪ੍ਰਤੀ ਝਟਕਾਈ ਜਾ ਰਹੇ ਨੇ ਤੈਨੂੰ ਉਨ੍ਹਾਂ ਦਾ ਕੋਈ ਦੁੱਖ ਨਹੀਂ ਤਾਂ ਮਾਧੋ ਦਾਸ ਬੈਰਾਗੀ ਚਰਨੀਂ ਢਹਿ ਪਿਆ। ਗੁਰੂ ਨੇ ਉਸ ਨੂੰ ਸਿੰਘ ਸਜਾ ਪਾਖੰਡੀ ਸਾਧ ਤੋਂ ਬੰਦਾ ਸਿੰਘ ਬਹਾਦਰ ਬਣਾ, ਪੰਜਾਬ ਵੱਲ ਤੋਰਿਆ ਤੇ ਉਸ ਨੇ ਜ਼ਾਲਮਾਂ ਨੂੰ ਸੋਧਦੇ ਸਾਹਿਬਜ਼ਾਦਿਆਂ ਦੇ ਕਾਤਲਾਂ ਤੇ ਦੁਸ਼ਟਾਂ ਨੂੰ ਸਖਤ ਸਜਾਵਾਂ ਦਿੱਤੀਆਂ।

5 ਅਕਤੂਬਰ 1708 ਦੇ ਦਿਨ ਬਾਬਾ ਬੰਦਾ ਸਿੰਘ ਬਹਾਦਰ ਜਦ ਨੰਦੇੜ ਤੋਂ ਚੱਲੇ, ਉਸੇ ਦਿਨ ਸ਼ਾਮ ਨੂੰ ਗੁਰੂ ਸਾਹਿਬ ਦੇ ਆਰਾਮ ਕਰਦਿਆਂ, ਗੁਲਖ਼ਾਨ ਦੀ ਮਦਦ ਨਾਲ ਜਮਸ਼ੇਦ ਖਾਨ ਪਠਾਣ ਨੇ ਉਨ੍ਹਾਂ ਉੱਤੇ ਕਟਾਰ ਨਾਲ ਵਾਰ ਕਰ ਦਿੱਤਾ ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਬੁਰੀ ਤਰ੍ਹਾਂ ਜਖ਼ਮੀ ਹੋ ਗਏ ਪਰ ਗੁਰੂ ਜੀ ਨੇ ਮੋੜਵਾਂ ਵਾਰ ਕਰਕੇ ਜਮਸ਼ੇਦ ਖਾਨ ਨੂੰ ਢੇਰੀ ਕਰ ਦਿੱਤਾ। ਗੁਰੂ ਸਾਹਿਬ ਜੀ ਆਪ ਵੀ ਗੰਭੀਰ ਜਖ਼ਮੀ ਹੋਣ ਕਾਰਨ 7 ਅਕਤੂਬਰ ਸੰਨ 1708 ਈਸਵੀ ਨੂੰ ਸਵੇਰ ਵੇਲੇ "ਸ਼ਬਦ ਗੁਰੂ ਗ੍ਰੰਥ" ਨੂੰ ਸਦੀਵੀ ਗੁਰਗੱਦੀ ਸੌਂਪ ਇਹ ਹੁਕਮ ਕਰਦੇ ਕਿ "ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ ਅਤੇ ਜੋ ਪ੍ਰਭ ਕਉ ਮਿਲਬੋ ਚਹੈ ਖੋਜ ਸ਼ਬਦ ਮੇਂ ਲੇ" ਕਹਿ ਜੋਤੀ ਜੋਤਿ ਸਮਾ ਗਏ।

ਸਰਬੰਸਦਾਨੀ ਗੁਰੂ ਜੀ ਨੇ ਸਾਰੀ ਉਮਰ ਰੱਬੀ ਭਗਤਾਂ, ਨਾਨਕ ਜੋਤ ਪਹਿਲੇ ਗੁਰੂਆਂ ਦੀ ਬਾਣੀ ਜੀਵਨ ਦਾ ਉਪਦੇਸ਼ ਹੀ ਜਗਤ ਨੂੰ ਦਿੰਦੇ, ਸ਼ਬਦ ਗੁਰੂ ਗ੍ਰੰਥ ਦੇ ਸਿਖਿਆ ਸਿਧਾਂਤਾਂ ਦੀ ਪਾਲਣਾ ਕਰਨ, ਕਿਰਤ ਵਿਰਤ ਕਰਦੇ ਵੰਡ ਛਕਣ, ਨਾਮ ਜਪਣ, ਮਰਦਾਵੀਂ ਖੇਡਾਂ ਖੇਡਦੇ, ਨਿਰਭਉ ਤੇ ਨਿਰਵੈਰ ਹੋ ਸੰਤ-ਸਿਪਾਹੀ ਬਿਰਤੀ ਧਾਰਨ ਕਰ, ਵਹਿਮ-ਭਰਮ-ਬਿਪਰ ਰੀਤਾਂ ਛੱਡਣ, ਭਰਾ ਮਾਰੂ ਜੰਗ ਤੋਂ ਬਚਣ, ਹਰ ਸੁਖ-ਦੁੱਖ, ਔਕੜ-ਆਫਤ ਤੇ ਗਲ ਆ ਪਏ ਦੁਸ਼ਮਨ ਵੇਲੇ ਜ਼ੁਰਤ ਨਾਲ ਜੂਝਣ ਤੇ ਕਿਸੇ ਡਰ ਖੌਫ ਜਾਂ ਲਾਲਚ 'ਚ ਈਨ ਨਾਂ ਮੰਨਣ ਦਾ ਸਦਾ ਚੜ੍ਹਦੀ ਕਲਾ 'ਚ ਰਹਿਣ ਵਾਲਾ ਸੁਨਹਿਰੀ ਉਪਦੇਸ਼ ਦਿੱਤਾ ਜਿਸ 'ਤੇ ਅੱਜ ਵੀ ਸਾਨੂੰ ਮਾਨ ਤੇ ਅਮਲ ਕਰਨਾ ਚਾਹੀਦਾ ਹੈ।

# ਦਿੱਲੀ ਦਾ ਵੈਰ

ਨਾ ਕੰਮ ਕੀਤੇ ਚੰਗੇ ਸਾਡੇ ਦਿਨ ਆਏ ਮੰਦੇ
ਜਾਣ ਬੁੱਝ ਕੇ ਕਰਾਏ ਤੂੰ ਤਾਂ ਕਿੰਨੀ ਵਾਰ ਦੰਗੇ
ਹੁਣ ਲੱਗਦੀ ਨੀ ਸਾਨੂੰ ਤੇਰੀ ਖੈਰ ਦਿੱਲੀਏ
ਕਿਉਂ ਤੂੰ ਰੱਖਦੀ ਪੰਜਾਬੀਆਂ ਨਾ ਵੈਰ ਦਿੱਲੀਏ।

ਅੱਗ ਆਪ ਬੈਠੀ ਲਾਵੇਂ ਪਿੱਛੋਂ ਆਪ ਤੂੰ ਬੁਝਾਵੇਂ
ਉਹ ਬੁਝਣ ਨਾ ਦੇਣ ਸਿਰ ਜਿਨ੍ਹਾਂ ਦੇ ਪੜਾਵੇਂ
ਹੁਣ ਹੋਣ ਲੱਗਾ ਹਿਸਾਬ ਥੋੜ੍ਹਾ ਠਹਿਰ ਦਿੱਲੀਏ
ਕਿਉਂ ਤੂੰ ਰੱਖਦੀ ਪੰਜਾਬੀਆਂ ਨਾ ...

ਗੱਲ ਝੂਠ ਨਾ ਤੂੰ ਜਾਣੀ ਤੈਨੂੰ ਦੇਣਾ ਸੀ ਤਾਂ ਪਾਣੀ
ਮਾਰੀ ਆਪ ਤੂੰ ਕੁਹਾੜੀ ਵੈਸੇ ਬਣਦੀ ਸਿਆਣੀ
ਕਿਹੜੇ ਭੜੂਏ ਨੇ ਦੇਣੀ ਤੈਨੂੰ ਨਹਿਰ ਦਿੱਲੀਏ
ਕਿਉਂ ਤੂੰ ਰੱਖਦੀ ਪੰਜਾਬੀਆਂ ਨਾ ...

ਜਿਉਂਦੇ ਰਹਿਣ ਪ੍ਰਦੇਸੀ ਭੇਜੀ ਕਿਰਤ ਕਮਾਈ
ਅਸੀਂ ਜਿਤਾਂਗੇ ਜ਼ਰੂਰ ਜਾਰੀ ਰੱਖਿਓ ਲੜਾਈ
ਵੇਖੀ ਲਾਲ ਕਿਲੇ ਉਤੇ ਹੁੰਦੇ ਫਾਇਰ ਦਿੱਲੀਏ
ਕਿਉਂ ਤੂੰ ਰੱਖਦੀ ਪੰਜਾਬੀਆਂ ਨਾ ...

ਵੈਰ ਹੁੰਦਾ ਵੈਸੇ ਮਾੜਾ ਜਿਹੜਾ ਕਰਦਾ ਉਜਾੜਾ
ਨਾ ਕੋਈ ਅੱਗਾ ਪਿੱਛਾ ਵੇਖੇ ਭਾਵੇਂ ਪੈ ਜੇ ਖਿਲਾਰਾ
ਪਿੰਡ 'ਘੋਲੀਏ' ਤਾਂ ਦੇ ਕੇ ਛੱਡੂ ਜ਼ਹਿਰ ਦਿੱਲੀਏ
ਤਾਹੀਉਂ ਲੱਗਣੇ ਨਾ ਤੇਰੇ ਕਿਤੇ ਪੈਰ ਦਿੱਲੀਏ
ਕਿਉਂ ਤੂੰ ਕੱਢਦੀ ਕਿਸਾਨਾਂ ਨਾਲ ਵੈਰ ਦਿੱਲੀਏ।



**– ਦੇਵ ਘੋਲੀਆ ਖੁਰਦ**
559-232-7764

# ਸਿਦਕ ਸਿਰੜ ਹੀ ਜੇਤੂ ਹੁੰਦੇ!

ਫਿਰਕਾਪ੍ਰਸਤੀ ਨੂੰ ਕਾਂਜੀ ਦੀ ਛਿੱਟ ਜਾਣੋ
ਦੁੱਧ ਮਾਨਵੀ ਪਿਆਰ ਦਾ ਫਿੱਟਦਾ ਏ।

ਤਾਨਾਸ਼ਾਹ ਲੋਕਾਈ ਦੇ ਦਿਲਾਂ ਵਿੱਚੋਂ
ਗਲ਼ਤ ਹਰਫ ਦੇ ਵਾਂਗ ਹੀ ਮਿੱਟਦਾ ਏ।

ਹਾਕਮ ਜਾਣੇ 'ਕਮਜ਼ੋਰੀ' ਜਦ ਸ਼ਾਂਤੀ ਨੂੰ
ਹੁੰਦਾ ਪੱਥਰ ਜਵਾਬ ਫਿਰ ਇੱਟ ਦਾ ਏ।

ਹਉਮੈਂ ਚੜ੍ਹੇ ਆਕਾਸ਼ ਜਦ ਸੱਤਵੇਂ 'ਤੇ
ਲੋਕ-ਰੋਹ ਹੀ ਭੁੰਜੇ ਲਾਹ ਸਿੱਟਦਾ ਏ।

ਨੇਕੀ ਆਈ ਏ ਬਦੀ ਦੇ ਨਾਲ ਭਿੜਦੀ
ਕੋਈ ਨਵਾਂ ਨ੍ਹੀ ਜੰਗ ਇਹ ਨਿੱਤ ਦਾ ਏ।

ਹਰ ਸੰਘਰਸ਼ ਦਾ ਇਹੋ ਇਤਿਹਾਸ ਦੱਸੇ
ਸਦਾ ਸਿਰੜ ਤੇ ਸਿਦਕ ਹੀ ਜਿੱਤਦਾ ਏ!



**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

# ਗ਼ਜ਼ਲ

ਰਿਸ਼ਤਿਆਂ ਵਿਚ ਸਭ ਤੋਂ ਉਚੱਾ ਪਿਆਰ ਹੁੰਦੀਆਂ ਲੜਕੀਆਂ।
ਘਰ ਦੀ ਸ਼ੋਭਾ ਵਾਸਤੇ ਸਤਿਕਾਰ ਹੁੰਦੀਆਂ ਲੜਕੀਆਂ।
ਹੁਣ ਤਾਂ ਆਪਣੇ ਜ਼ੋਰ ਉਤੇ ਸਾਗਰਾਂ ਦੀ ਹਿੱਕ ਦੇ,
ਆਰ ਹੁੰਦੀਆਂ ਲੜਕੀਆਂ ਤੇ ਪਾਰ ਹੁੰਦੀਆਂ ਲੜਕੀਆਂ।
ਚਮਨ ਨੂੰ ਫਿਰ ਖ਼ੂਬਸੂਰਤ ਜ਼ਿੰਦਗੀ ਨੇ ਦਿੰਦੀਆਂ,
ਪੱਤਝੜਾਂ ਵਿਚ ਰੁੱਤ ਲਈ ਇਕਰਾਰ ਹੁੰਦੀਆਂ ਲੜਕੀਆਂ।
ਜੇ ਕਿਤੇ ਚਾਵਣ ਤਾਂ ਰੋਲਣ ਤਖ਼ਤ ਵੀ ਤੇ ਤਾਜ ਵੀ,
ਜ਼ੁਲਮ ਅੱਤਿਆਚਾਰ ਲਈ ਤਲਵਾਰ ਹੁੰਦੀਆਂ ਲੜਕੀਆਂ।
ਸ਼ੋਖ਼ ਚੰਚਲ ਪਿਆਰ ਤੇ ਇਤਬਾਰ ਦੇ ਮਿਸ਼ਰਣ ਦੇ ਵਿਚ,
ਰੇਸ਼ਮੀ ਧਾਗੇ ਦੀ ਇਕ ਦੀਵਾਰ ਹੁੰਦੀਆਂ ਲੜਕੀਆਂ।
ਮਾਲੀਆਂ ਦੇ ਪਿਆਰ ਵਿਚ ਉਮਰਾਂ ਦੇ ਲੰਬੇ ਸਫ਼ਰ ਵਿਚ,
ਖਿੜ ਰਹੇ ਫੁੱਲਾਂ ਦਾ ਇਕ ਗੁਲਜ਼ਾਰ ਹੁੰਦੀਆਂ ਲੜਕੀਆਂ।
ਤਾਰਿਆਂ ਤੇ ਚੰਨ ਉਪੱਰ ਜਾਂਦੀਆਂ ਵਿਗਿਆਨ ਨਾਲ,
ਬ੍ਰਹਿਮੰਡ ਖਾਗੋਲ ਦੇ ਜਦ ਪਾਰ ਹੁੰਦੀਆਂ ਲੜਕੀਆਂ।
ਸਿਰਫ਼ ਸੂਈ ਮੂਈ ਨਈਂ ਹਨ, ਜ਼ਿੰਦਗੀ ਦੀ ਟਹਿਣ 'ਤੇ,
ਬਦਸਲੂਕੀ ਵਿਚ ਤਿੱਖੇ ਖਾਰ ਹੁੰਦੀਆਂ ਲੜਕੀਆਂ।
ਬੈਠ ਕੇ ਉਡੱਣ ਖਟੋਲੇ ਵਿਚ, ਹੜ੍ਹਾਂ ਵਿਚ ਤੈਰ ਕੇ,
ਦੇਸ਼ ਦੀਆਂ ਔਕੜਾਂ ਵਿਚਕਾਰ ਹੁੰਦੀਆਂ ਲੜਕੀਆਂ।
ਜਦ ਕਦੇ ਵੀ ਲੋੜ ਪਵੇ ਤਾਂ ਪਰਖ ਸਕਦੇ ਹੋ ਤੁਸੀਂ,
ਕਰਨੀ ਕਥਨੀ ਵਿਚ ਸਦਾ ਦਿਲਦਾਰ ਹੁੰਦੀਆਂ ਲੜਕੀਆਂ।
ਪਹੁੰ ਫੁਟਾਲੇ ਵਿਚ ਜਿਵੇਂ ਜੰਨਤ ਨਜ਼ਰ ਹੈ ਆਂਵਦੀ
ਇਸ ਤਰ੍ਹਾਂ ਇਨਸਾਨ ਲਈ ਦੀਦਾਰ ਹੁੰਦੀਆਂ ਲੜਕੀਆਂ।
ਦੇਸ਼ ਦੀ ਸੀਮਾ 'ਤੇ ਪਹਿਰਾ ਦੇਂਦੀਆਂ ਨੇ ਰਾਤ ਦਿਨ,
ਸ਼ੇਰ ਵਰਗੀ ਗਰਜ਼ ਦੀ ਲਲਕਾਰ ਹੁੰਦੀਆਂ ਲੜਕੀਆਂ।
ਪੇਕਿਆਂ ਤੇ ਸਹੁਰਿਆਂ ਦਾ ਮਾਨ ਤੇ ਸਨਮਾਨ ਨੇ,
ਪਰ ਪਤੀ ਦੇ ਪਿਆਰ ਵਿਚ ਸ਼ਿੰਗਾਰ ਹੁੰਦੀਆਂ ਲੜਕੀਆਂ।
ਜ਼ਿੰਦਗੀ ਖ਼ੁਸ਼ਹਾਲੀਆਂ ਦਾ ਤਾਜ ਹੈ ਫਿਰ ਪਹਿਣਦੀ,
ਫੁਟ ਰਹੇ ਜਦ ਝਰਨਿਆਂ ਦਾ ਹਾਰ ਹੁੰਦੀਆਂ ਲੜਕੀਆਂ।
ਵਿਚ ਮੁਸੀਬਤ ਡੁੱਬ ਰਹੀ ਬੇੜੀ ਨੂੰ ਲਾਉਂਦੀਆਂ ਪਾਰ ਨੇ,
ਪਾਣੀਆਂ ਵਿਚਕਾਰ ਖੇਵਨਹਾਰ ਹੁੰਦੀਆਂ ਲੜਕੀਆਂ।
ਆਨ ਹੁੰਦੀਆਂ, ਸ਼ਾਨ ਹੁੰਦੀਆਂ, ਮਾਨ ਹੁੰਦੀਆਂ ਨੇ ਸਦਾ,
ਸ਼ੁੱਭ ਮੰਗਲ ਸ਼ੁੱਭ ਸ਼ਕੁਨ ਬੰਦਨਹਾਰ ਹੁੰਦੀਆਂ ਲੜਕੀਆਂ।
ਜਿਗਰ ਦਾ ਟੋਟਾ ਸਦਾ ਹੀ ਮਾਪਿਆਂ ਦੇ ਵਾਸਤੇ,
ਮੁਖ ਦਾ ਪੇੜਾ ਮੱਖਣੀ ਕਚਨਾਰ ਹੁੰਦੀਆਂ ਲੜਕੀਆਂ।
ਪੀੜ੍ਹੀਆਂ ਦੀ ਹੋਂਦ ਇਹਨਾਂ ਕਰਕੇ ਹੈ ਸੰਸਾਰ ਵਿਚ,
ਇਸ ਲਈ ਸੰਸਾਰ ਵਿਚ ਸੰਸਾਰ ਹੁੰਦੀਆਂ ਲੜਕੀਆਂ।
ਮੁਲਕ ਦੀ ਹਰ ਸ਼ੈਅ ਇਨ੍ਹਾਂ ਉਤੇ ਟਿਕੀ ਹੈ 'ਬਾਲਮਾ',
ਵਕਤ ਦਾ ਕਿਰਦਾਰ ਸੱਭਿਆਚਾਰ ਹੁੰਦੀਆਂ ਲੜਕੀਆਂ।

**ਬਲਵਿੰਦਰ 'ਬਾਲਮ' ਗੁਰਦਾਸਪੁਰ**



# ਨਾਰੀ ਜੰਨਤ ਦੀ ਪਰਿਭਾਸ਼ਾ

ਨਾਰੀ ਜੰਨਤ ਦੀ ਪਰਿਭਾਸ਼ਾ।
ਨਾਰੀ ਪੀੜੀ ਦੀ ਅਭਿਲਾਸ਼ਾ।
ਨਾਰੀ ਮੰਦਿਰ ਵਿਚ ਜਿਉਂ ਜਯੋਤੀ।
ਨਾਰੀ ਮਮਤਾ ਵਾਲੀ ਗੋਦੀ।
ਨਾਰੀ ਸ਼ੀਤਲ ਨੀਰ ਸਮੁੰਦਰ।
ਨਾਰੀ ਸੱਚ ਖੰਡ ਵਿਚ ਹਰਿ ਮੰਦਰ।
ਨਾਰੀ ਧਰਤੀ ਨਾਰੀ ਅੰਬਰ।
ਨਾਰੀ ਸੁਖਮਨੀ ਦੁੱਖ ਅੰਦਰ।
ਨਾਰੀ ਸ਼ੁਭ ਮੰਗਲ ਅਭਿਵਾਦਨ।
ਨਾਰੀ ਮਾਰੂਥਲ ਵਿਚ ਸਾਵਣ।
ਨਾਰੀ ਅਗਨੀ ਵਾਲਾ ਮੰਜ਼ਰ।
ਨਾਰੀ ਦੁਸ਼ਮਣ ਦੇ ਲਈ ਖੰਜ਼ਰ।
ਨਾਰੀ ਸਤਿਅਮ ਸੁੰਦਰਮ ਸ਼ਕਤੀ।
ਨਾਰੀ ਪੂਜਾ ਨਾਰੀ ਭਗਤੀ।
ਨਾਰੀ ਬੰਦਨਵਾਰ ਜਿਉਂ ਦਰ 'ਤੇ।
ਨਾਰੀ ਕਿਰਪਾ ਦ੍ਰਿਸ਼ਟੀ ਘਰ 'ਤੇ।
ਨਾਰੀ ਜਿਉਂ ਖਿੜਦੀ ਖ਼ੁਸ਼ਹਾਲੀ।
ਨਾਰੀ ਸਾਰੇ ਜਗ ਦੀ ਵਾਲੀ।
ਨਾਰੀ ਵਗਦਾ ਦਰਿਆ ਹੈ ਪਰ।
ਨਾਰੀ ਚੜ੍ਹਦੇ ਹੜ੍ਹ ਦਾ ਹੈ ਡਰ।
ਨਾਰੀ ਮੰਗਲ ਕਲਸ਼ ਪਿਆਰਾ।
ਨਾਰੀ ਰੱਬ ਦਾ ਰੂਪ ਨਿਆਰਾ।
ਨਾਰੀ ਕਰਕੇ ਇਹ ਸੰਸਾਰ।
ਨਾਰੀ ਕਰਕੇ ਸਭ ਭੰਡਾਰ।
ਨਾਰੀ ਮਿਹਰਾਂ ਵਾਲੀ ਦਾਤੀ।
ਨਾਰੀ ਸੂਰਜ ਵਾਲੀ ਝਾਤੀ।
ਨਾਰੀ ਕੋਮਲ ਗੰਦਲ ਵਾਂਗੂੰ।
ਨਾਰੀ ਖ਼ੁਸ਼ਬੂ ਚੰਦਨ ਵਾਂਗੂੰ।
ਨਾਰੀ ਵੇਲ ਮੁਹੱਬਤ ਵਾਲੀ।
ਨਾਰੀ ਫੁੱਲਾਂ ਲੱਦੀ ਡਾਲੀ।
ਨਾਰੀ ਸਰਬ ਕਲਾ ਸੰਪੂਰਨ।
ਨਾਰੀ ਅਰਪਨ ਨਾਰੀ ਦਰਪਨ।
ਨਾਰੀ ਸਾਰੇ ਜਗ ਦੀ ਜਨਨੀ।
ਨਾਰੀ ਜਿਉਂ ਦੀਵੇ ਦੀ ਅਗਨੀ।
ਨਾਰੀ 'ਬਾਲਮ' ਪਾਕ ਪਵਿੱਤਰ।
ਨਾਰੀ ਸਭ ਤੋਂ ਸੱਚਾ ਮਿੱਤਰ।

**- ਬਲਵਿੰਦਰ 'ਬਾਲਮ' ਗੁਰਦਾਸਪੁਰ**
91-98156-25409

## ਮਿੰਨੀ ਕਹਾਣੀ
# ਸ਼ਾਇਦ

ਪੋਹ, ਮਾਘ ਦੇ ਮਹੀਨੇ ਚ ਪੈ ਰਹੀ ਲੋਹੜੇ ਦੀ ਚ,ਬਹੂ ਨੇ ਤੜਕੇ ਉਠ ਕੇ ਗਰਮ ਪਾਣੀ ਨਾਲ ਇਸ਼ਨਾਨ ਕਰਕੇ ,ਚੁੱਲੇ ਤੇ ਚਾਹ ਧਰ ਦਿਤੀ ਤੇ ਚਾਹ ਬਣਾਕੇ ਛੋਟੇ ਜਿਹੇ ਡੋਲੂ ਚ ਪਾਕੇ,ਰਸੋਈ ਦੇ ਬੂਹੇ ਵਿਚੋਂ ਬਾਹਰ ਹੋਈ ਤਾਂ, ਮਗਰ ਦੀ ਕੰਬਦੀ ਜਿਹੀ ਅਵਾਜ ਆਈ, ਕੁੜੇ ਬਹੂ ਚਾਹ ਦਾ ਘੁੱਟ ਮੈਨੂੰ ਵੀ ਫੜਾਈ, ਠੰਡ ਬਹੁਤ ਲੱਗ ਰਹੀ ਹੈ,,ਧੀਏ ਸਿਆਣਾ ਸਰੀਰ ਏ ਪਤਾ ਨਹੀਂ ਕਦੋਂ ਜਵਾਬ ਦੇ ਜਾਵੇ,, ਬਹੂ ਨੇ ਗੁੱਸੇ ਚ ਆਕੇ ਕਿਹਾ ਬਹਿ ਜਾ ਬੁੜਿਆ ਤੜਕੇ ਹੀ ਤੇਰੇ ਚਾਹ ਦੀ ਅੱਗ ਲੱਗ ਜਾਂਦੀ ਹੈ ਅਜੇ ਦਿਨ ਵੀ ਨਹੀਂ ਚੜਿਆ, ਆਕੇ ਤੈਨੂੰ ਚਾਹ ਦਿੰਦੀਆਂ, ਪਹਿਲਾਂ ਰੂੜੀ ਵਾਲੇ ਬਾਬੇ ਨੂੰ ਦੇ ਆਵਾਂ, ਸਿਆਣਾ ਬਜੁਰਗ ਇਹ ਸੁਣ ਕੇ ਚੁੱਪ ਹੋ ਗਿਆ,,

ਤੇ ਜਦੋਂ ਰੂੜੀ ਵਾਲੇ ਬਾਬੇ ਨੂੰ ਚਾਹ ਦੇ ਕੇ ਵਾਪਸ ਘਰ ਆਈ ਤਾਂ ਦੇਖਿਆ ਤਾਂ, ਸਿਆਣਾ ਬਜੁਰਗ ਸਿੱਧਾ ਹੀ ਮੰਜੇ ਤੇ ਲੇਟਿਆ ਹੋਇਆ ਸੀ ਤੇ ਉਸ ਦੀ ਪੁਰਾਣੀ ਜਿਹੀ ਰਜਾਈ ਅੱਧੀ ਕੁ ਮੰਜੇ ਤੋਂ ਥੱਲੇ ਲਟ੍ਹਕ ਰਹੀ ਸੀ ਤੇ ਉਸ ਦਾ ਮੂੰਹ ਅੱਡ ਹੋਇਆ ਸੀ ਤੇ ,,ਨੂੰਹ ਕੋਲ ਖੜੀ ਸੋਚ ਰਹੀ ਸੀ ਕਿ ਚਾਹ ਪਹਿਲਾਂ ਇਸ ਨੂੰ ਦੇ ਜਾਂਦੀ, ਸ਼ਾਇਦ,, ਬੱਚ ਹੀ ਜਾਂਦਾ---



**– ਬੱਗਾ ਸੇਲਕੀਆਣਾ**
**ਨੇੜੇ ਫਿਲੋਰ**
91-98762-87262

# ਬਹੁਪੱਖੀ ਪ੍ਰਤਿਭਾ ਦਾ ਮਾਲਕ ਹੈ ਪੰਜਾਬੀ ਸੱਭਿਆਚਾਰ ਦਾ ਮੁਦੱਈ ਸ਼ਾਇਰ ਗਾਇਕ ਹਰਜਿੰਦਰ ਸਿੰਘ ਬਾਹੋਂਪੁਰੀਆ

ਕਲਾ ਕੁਦਰਤ ਦੀ ਅਦੁੱਤੀ ਨਿਆਮਤ ਹੈ ਤੇ ਇਹ ਨਿਆਮਤ ਕੁਝ ਚੋਣਵੇਂ ਅਤੇ ਖੁਸ਼ਨਸੀਬ ਦਾਨਸ਼ਵਰਾਂ ਦੇ ਨਸੀਬ ਹੁੰਦੀ ਹੈ ਕਲਾ ਦੇ ਪੁਜਾਰੀ ਕੁਦਰਤ ਦੀ ਇਸ ਅਲੌਕਿਕ ਬਖਸ਼ਿਸ਼ ਸਦਕਾ ਸਮਾਜ ਅਤੇ ਆਪਣੇ ਮਾਣਮੱਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਆਪਣੀ ਅੱਡਰੀ ਸੋਚ ਅਤੇ ਸਿਆਣਪ ਦੇ ਮਾਧਿਅਮ ਰਾਹੀਂ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ ਜਿਵੇਂ ਖੂਬਸੂਰਤ ਫੁੱਲ ਤਿੱਖੀਆਂ ਸੂਲਾਂ ਚ ਜੜ ਕੇ ਵੀ ਆਪਣੀ ਖੁਸ਼ਬੋਈ ਨਾਲ ਆਪਣਾ ਆਲਾ ਦੁਆਲਾ ਮਹਿਕਾਈ ਰੱਖਦਾ ਹੈ ਇਵੇਂ ਹੀ ਕਲਾਕਾਰ ਸ਼ਾਇਰ ਗਾਇਕ ਤੇ ਸਾਹਿਤਕਾਰ ਆਪਣੀਆਂ ਸਾਹਿਤਕ ਕਿਰਤਾਂ ਦੁਬਾਰਾ ਆਪਣਾ ਸਮਾਜਿਕ ਵਾਤਾਵਰਨ ਮਹਿਕਾਉਣ ਦੀ ਸਮਰੱਥਾ ਰੱਖਦੇ ਹਨ ਕਲਾ ਦੀਆਂ ਮਾਣਮੱਤੀਆਂ ਕਲਾਵਾਂ ਵਿਚ ਸ਼ਾਇਰੀ ਅਤੇ ਗਾਇਨ ਸ਼ੈਲੀ ਇਨ੍ਹਾਂ ਵਿਧਾਵਾਂ ਚ ਬੇਹੱਦ ਸੂਖਮ ਅਤੇ ਕੋਮਲ ਸ਼ੈਲੀ ਹੈ। ਪੰਜਾਬ ਪੰਜਾਬੀ ਪੰਜਾਬੀਅਤ ਨਾਲ ਦਿਲਾਂ ਦੀਆਂ ਗਹਿਰਾਈਆਂ ਤੇ ਮੋਹ ਪਾਲਣ ਵਾਲਾ ਪੰਜਾਬੀ ਮਾਂ ਬੋਲੀ ਦਾ ਮਾਣਮੱਤਾ ਸਪੂਤ ਹੈ ਸੱਤ ਸਮੁੰਦਰ ਪਾਰ ਵਿਦੇਸ਼ ਦੀ ਵਿਲੱਖਣ ਰਹਿਤਲ ਦੀ ਸਰਜ਼ਮੀਂ ਦੀਆਂ ਬਰੂਹਾਂ ਤੇ ਵਸਿਆ ਅਲਬੇਲਾ ਅਦੀਬ ਸ਼ਾਇਰ ਗਾਇਕ ਕਲਾਕਾਰ ਹਰਜਿੰਦਰ ਸਿੰਘ ਬਾਹੋਪੁਰੀਆ ਜਿਸ ਨੇ ਆਪਣੀ ਅਦਬੀ ਸ਼ਾਇਰੀ ਨਾਲ ਬਹੁਤ ਸਾਰੇ ਗੀਤਾਂ ਨੂੰ ਆਪਣੀ ਕਲਮ ਨਾਲ ਲਿਖ ਕੇ ਸਾਹਿਤਕ ਸ਼ਾਇਰੀ ਦੇ ਸਮਤੋਲ ਬਣਾ ਕੇ ਗੀਤਕਾਰੀ ਦੇ ਖੇਤਰ ਵਿੱਚ ਨਵੀਆਂ ਪੈੜਾਂ ਪਾਈਆਂ ਹਨ ਇਹੀ ਕਾਰਨ ਹੈ ਕਿ ਉਸ ਦੀ ਕਲਮ ਚ ਸਿਰਜੇ ਬਹੁਤ ਸਾਰੇ ਗੀਤ ਗੀਤਕਾਰੀ ਦੇ ਸਮਰੱਥ ਹੋ ਕੇ ਪੰਜਾਬ ਦੇ ਜਲੰਧਰ ਦੂਰਦਰਸ਼ਨ ਦੇ ਵੱਕਾਰੀ ਪ੍ਰੋਗਰਾਮਾਂ ਦੇ ਮਿਆਰੀ ਪ੍ਰੋਗਰਾਮਾਂ ਦੇ ਜ਼ਰੀਏ ਦਰਸ਼ਕਾਂ ਤਕ ਪੁੱਜ ਕੇ ਉਸ ਦੀ ਆਲਾ ਗੀਤਕਾਰੀ ਦਾ ਸਿਰਨਾਵਾਂ ਬਣੇ ਹਨ ਬੇਸ਼ੱਕ ਉਹ ਪੰਜਾਬ ਦੀ ਜ਼ਰਖੇਜ਼ ਜਨਮ ਭੂਮੀ ਤੋਂ ਦੂਰ ਰੋਟੀ ਰੋਜ਼ੀ ਦੇ ਆਹਰ ਲਈ ਵਿਦੇਸ਼ ਵਸਿਆ ਹੋਇਆ ਹੈ ਪ੍ਰੰਤੂ ਆਪਣੇ ਵਤਨ ਦੀਆਂ ਸਮਾਜਿਕ ਕਦਰਾਂ ਕੀਮਤਾਂ ਸੱਭਿਆਚਾਰ ਦੀ ਪੰਡ ਆਪਣੇ ਸਿਰ ਤੇ ਚੁੱਕ ਕੇ ਨਾਲੋ ਨਾਲ ਆਪਣੇ ਅਮੀਰ ਵਿਰਸੇ ਨਾਲ ਜੁੜਿਆ ਹੋਇਆ ਹੈ ਇਸੇ ਲਈ ਉਹ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਆਪਣੇ ਜ਼ਿਹਨ ਵਿੱਚ ਸਮਾ ਕੇ ਉਹ ਮਨੁੱਖੀ ਤਾਣੇ ਬਾਣਿਆਂ ਰਿਸ਼ਤੇ ਨਾਤਿਆਂ ਸਮਾਜਿਕ ਸਰੋਕਾਰਾਂ ਆਪਣੇ ਵਕਤ ਦੇ ਲੋਕਾਂ ਨੂੰ ਆ ਰਹੀਆਂ ਔਕੜਾ ਸਮੱਸਿਆਵਾਂ ਦੁਸ਼ਵਾਰੀਆਂ ਨੂੰ ਆਪਣੀ ਕਲਮ ਦੀ ਨੋਕ ਨਾਲ ਕਾਗਜ਼ ਦੀ ਹਿੱਕ ਤੇ ਝਰੀਟ ਕੇ ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਹੋ ਕੇ ਵਿਚਰਦਿਆਂ ਸਮੇਂ ਦਾ ਹਾਣੀ ਬਣ ਖਲੋਂਦਾ ਹੈ, ਮਾਂ ਦੀ ਮਮਤਾ ਨੂੰ ਬੜੇ ਸ਼ਾਇਰਾਂ ਨੇ ਆਪਣੇ ਦਿਲੀ ਵਲਵਲਿਆਂ ਰਾਹੀਂ ਪ੍ਰਚੱਲਤ ਕੀਤਾ ਹੈ ਉਸ ਦਾ ਮਾਂ ਦੇ ਪ੍ਰਤੀ ਅੱਡਰੇ ਪਿਆਰ ਤੇ ਲਿਖਿਆ ਗੀਤ ਸਰੋਤਿਆਂ ਦੀ ਕਚਹਿਰੀ ਚ ਸਰਬ ਪ੍ਰਵਾਨ ਹੋਇਆ ਹੈ ਜਿਸ ਦੇ ਬੋਲ ਦਿਲ ਨੂੰ ਹੁਲਾਰਾ ਦੇਣ ਬੜਾ ਸਕੂਨ ਦਿੰਦੇ ਹਨ ਜਿੱਥੇ ਅੱਜ ਸਮੁੱਚਾ ਵਿਸ਼ਵ ਕੋਰੋਨਾ ਵਰਗੀ ਭਿਆਨਕ ਮਹਾਂਮ-'ਰੀ ਨਾਲ ਗ੍ਰਸਤ ਹੈ ਉਥੇ ਇਸ ਤਰਾਸਦੀ ਤੇ ਉਸ ਦੀ ਕਲਮ ਦੁਆਰਾ ਲਿਖਿਆ ਤੇ ਗਾਇਆ ਗੀਤ ਤੇਰਾ ਹੁਕਮ ਕਿਸੇ ਪ-ਹਚਾਣ ਦਾ ਮੁਹਤਾਜ ਨਹੀਂ ਹੈ ਮਨੁੱਖੀ ਤ੍ਰਾਸਦੀਆਂ ਆਪਣੇ ਵਤਨ ਮਿਹਨਤਕਸ਼ ਲੋਕਾਂ ਖ਼ਾਸਕਰ ਅੰਨਦਾਤਾ ਸਮਝੇ ਜਾਂਦੇ ਧਰਤੀ ਪੁੱਤਰ ਕਿਰਸਾਨ ਦੀ ਮਨੁੱਖੀ ਤ੍ਰਾਸਦੀ ਦੀ ਬਾਤ ਪਾਉਂਦਿਆਂ ਦਿਲਾਂ ਨੂੰ ਹਲੂਣਾ ਦਿੰਦਾ ਗੀਤ ਖ਼ੁਦਕਸ਼ੀਆਂ ਨੂੰ ਆਪਣੀ ਕਲਮ ਅਤੇ ਆਵਾਜ਼ ਰਾਹੀਂ ਉਸ ਨੇ ਅਮਰ ਹੀ ਕਰ ਦਿੱਤਾ ਹੈ। ਪੰਜਾਬੀ ਮਾਂ ਬੋਲੀ ਦੇ ਇਸ ਮਾਣਮੱਤੇ ਗੀਤਕਾਰ ਗਾਇਕ ਹਰਜਿੰਦਰ ਸਿੰਘ ਹੀਰਾ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਅਹਿਮ ਕਸਬਾ ਭੋਗਪੁਰ ਨਜ਼ਦੀਕ ਪਿੰਡ ਬਾਹੋਪੁਰ ਵਿਖੇ ਪਿਤਾ ਸਰਦਾਰ ਚੰਚਲ ਸਿੰਘ ਅਤੇ ਮਾਤਾ ਸ੍ਰੀਮਤੀ ਗੁਰਬਖਸ਼ ਕੌਰ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੀਆਂ ਦੋ ਭੈਣਾਂ ਅਤੇ ਇੱਕ ਭਰਾ ਹੈ ਮੁੱਢਲੀ ਵਿਦਿਆ ਸਕੂਲ ਦੇ ਪ੍ਰਾਇਮਰੀ ਸਕੂਲ ਤੋਂ ਕਰਨ ਉਪਰੰਤ ਰੋਜੜੀ ਦੇ ਸਰਕਾਰੀ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਉਪਰੰਤ ਉੱਚ ਸਿੱਖਿਆ ਪ੍ਰਾਪਤ ਇਸ ਮਾਣ ਮੱਤੇ ਸ਼ਾਇਰ ਗਾਇਕ ਨੂੰ ਪਿੰਡ ਦੇ ਖ਼ੁਸ਼ਨੁਮਾ ਵਾਤਾਵਰਨ ਚੰਗੇ ਕਿਰਦਾਰਾਂ ਵਾਲੇ ਅਤੇ ਕਈ ਵੱਡੀਆਂ ਮਾਣਮੱਤੀਆਂ ਸਹਿਤਕ ਸ਼ਖ਼ਸੀਅਤਾਂ ਦੀ ਸੰਗਤ ਨੇ ਉਸ ਨੂੰ ਸ਼ਾਇਰੀ ਅਤੇ ਗਾਇਕੀ ਦੀ ਚੇਟਕ ਲਗਾ ਦਿੱਤੀ ਹਰਜਿੰਦਰ ਸਿੰਘ ਹੀਰਾ ਨੇ ਆਪਣੀ ਉਸਾਰੂ ਸੋਚ ਨਾਲ ਜੋ ਕੁਝ ਵੀ ਆਪਣੀ ਕਲਮ ਨਾਲ ਲਿਖਿਆ ਜਾਂ ਗਾਇਆ ਹੈ ਉਹ ਰਤਾ ਭਰ ਉਂਗਲ ਧਰਨ ਨੂੰ ਥਾਂ ਨਹੀਂ ਦਿੰਦਾ ਉਸ ਦੇ ਲਿਖੇ ਸਾਹਿਤਕ ਗੀਤ ਜਿੱਥੇ ਸਮਾਜਿਕ ਕਦਰਾਂ ਕੀਮਤਾਂ ਦੀ ਤਰਜਮਾਨੀ ਕਰਦੇ ਹਨ ਉੱਥੇ ਉਸ ਦੇ ਗਾਏ ਗੀਤ ਸੂਝਵਾਨ ਸਰੋਤਿਆਂ ਦੀ ਕਸਵੱਟੀ ਤੇ ਹਮੇਸ਼ਾਂ ਖਰੇ ਉਤਰੇ ਹਨ ਥੋੜ੍ਹੇ ਸੀਮਤ ਸਮੇਂ ਚ ਹੀ ਉਸ ਨੇ ਆਪਣੇ ਸਰੋਤਿਆਂ ਦਾ ਦਾਇਰਾ ਵਿਸ਼ਾਲ ਕਰ ਲਿਆ ਹੈ ਵੱਖ ਵੱਖ ਚੈਨਲਾਂ ਤੇ ਚਲਦੇ ਉਸਦੇ ਗੀਤਾਂ ਨੂੰ ਸਰੋਤੇ ਨੀਝ ਨਾਲ ਸੁਣਦੇ ਹਨ। ਉਸਾਰੂ ਸਾਹਿਤ ਲਿਖਣ ਅਤੇ ਵਧੀਆ ਗਾਉਣ ਨੂੰ ਉਹ ਕੁਦਰਤ ਦੀ ਨਿਆਮਤ ਸਮਝਦਾ ਹੈ। ਅਜੋਕੀ ਗਾਇਕੀ ਵਿੱਚ ਜਿੱਥੇ ਸਾਡੇ ਪੰਜਾਬੀ ਸੱਭਿਆਚਾਰ ਨੂੰ ਖੋਰਾ ਲਾਉਣ ਲਈ ਕਈ ਅਖੌਤੀ ਗਾਇਕ ਪੱਬਾਂ ਭਾਰ ਹੋਏ ਫਿਰਦੇ ਹਨ ਉਥੇ ਵਧੀਆ ਉੱਚੀ ਸੋਚ, ਉਸਾਰੂ ਸਾਹਿਤ ਅਤੇ ਮਿੱਠੀ ਆਵਾਜ਼ ਦੇ ਧਨੀ ਹਰਜਿੰਦਰ ਸਿੰਘ ਹੀਰਾ ਤੋਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਫੁੱਲਤ ਕਰਨ ਦੀ ਆਸ ਰੱਖੀ ਜਾ ਸਕਦੀ ਹੈ।



**ਮਦਨ ਬੰਗੜ, ਜਲੰਧਰ**
91-95015-75511



# KB USED AUTO SALES



**8655 B Monterey Street Gilroy, CA 95020**

Kashmiri Bhatia, Dealer/Broker
408-848-2365

50% OFF WARRANTY
with Qualifying Car Purchase

IN HOUSE FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop